# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 38 | 27 September to 03 October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਖ਼ਾਲਸਾ ਏਡ: ਵਿਚਿ ਦੁਨੀਆ ਸੇਵ ਕਮਾਈਐ...

## ਰੋਹਿੰਗਿਆ ਮੁਸਲਮਾਨ ਸਰਨਾਰਥੀਆਂ ਦੀ ਦੇਖ ਭਾਲ ਕਰ ਰਹੇ ਸਿੱਖ ਵਾਲੰਟੀਅਰਾਂ ਦੀ ਹਰ ਪਾਸਿਓਂ ਸ਼ਲਾਘਾ




**ਲੁਧਿਆਣਾ/ ਗੁਰਿੰਦਰ ਸਿੰਘ:**
ਸਿੱਖ ਧਰਮ ਦੇ ਸਰਬੱਤ ਦੇ ਭਲੇ' ਦੇ ਸਿਧਾਂਤ ਨੂੰ ਆਧਾਰ ਬਣਾ ਕੇ ਕੌਮਾਂਤਰੀ ਪੱਧਰ 'ਤੇ ਮਨੁੱਖਤਾ ਦੀ ਸੇਵਾ ਕਰ ਰਹੀ ਜਥੇਬੰਦੀ ਖ਼ਾਲਸਾ ਏਡ' ਵੱਲੋਂ ਮਿਆਂਮਾਰ 'ਚੋਂ ਉਜਾੜੇ ਗਏ ਰੋਹਿੰਗਿਆ ਮੁਸਲਮਾਨਾਂ ਦੀ ਪਿਛਲੇ 20-22 ਦਿਨਾਂ ਤੋਂ ਕੀਤੀ ਜਾ ਰਹੀ ਸੇਵਾ ਦੀ ਹਰ ਪਾਸੇ ਚਰਚਾ ਹੀ ਨਹੀਂ ਬਲਕਿ ਭਰਵੀਂ ਸਰਾਹਨਾ ਹੋ ਰਹੀ ਹੈ। ਇਸ ਜਥੇਬੰਦੀ ਦੇ ਵਾਲੰਟੀਅਰ ਮਿਆਂਮਾਰ ਤੇ ਬੰਗਲਾਦੇਸ਼ ਦੀ ਸਰਹੱਦ ਨੇੜ੍ਹਲੇ ਸ਼ਰਨਾਰਥੀ ਕੈਂਪਾਂ ਵਿੱਚ ਰਹਿ ਰਹੇ ਲੋਕਾਂ ਲਈ ਦਵਾਈਆਂ, ਲੰਗਰ, ਪੀਣ ਵਾਲੇ ਪਾਣੀ, ਤਰਪਾਲਾਂ ਅਤੇ ਕਪੜਿਆਂ ਦਾ ਪ੍ਰਬੰਧ ਕਰ ਰਹੇ ਹਨ। ਇਸ ਜਥੇਬੰਦੀ ਦੇ ਪੰਜਾਬ ਤੋਂ ਇੱਕ ਦਰਜਨ ਦੇ ਕਰੀਬ ਵਾਲੰਟੀਅਰਾਂ ਦਾ ਜਥਾ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਮਿਆਂਮਾਰ-ਬੰਗਲਾਦੇਸ਼ ਸਰਹੱਦ ਨੇੜੇ ਟੈਕਨਾਫ਼ ਕਸਬੇ ਵਿੱਚ ਬਣੇ ਸ਼ਰਨਾਰਥੀ ਕੈਂਪਾਂ 'ਚ 40-50 ਹਜ਼ਾਰ ਦੇ ਕਰੀਬ ਲੋਕਾਂ ਦੀ ਸਾਂਭ-ਸੰਭਾਲ ਕਰ ਰਿਹਾ ਹੈ। ਇਸ ਕਾਰਜ ਨੂੰ ਅੱਗੇ ਵਧਾਉਣ ਲਈ ਲੁਧਿਆਣਾ ਤੋਂ ਅਗਲਾ ਜਥਾ 29 ਸਤੰਬਰ ਨੂੰ ਰਵਾਨਾ ਹੋਵੇਗਾ।

ਜਥੇਬੰਦੀ ਦੇ ਕੰਮਾਂ ਬਾਰੇ ਗੱਲਬਾਤ ਕਰਦਿਆਂ ਜਥੇਬੰਦੀ ਦੇ ਮੈਂਬਰ ਪਰਮਪਾਲ ਸਿੰਘ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਸਮੇਤ ਇੱਕ ਦਰਜਨ ਵਾਲੰਟੀਅਰਾਂ ਨੇ ਰੋਹਿੰਗਿਆ ਮੁਸਲਮਾਨਾਂ ਦੀ ਸੇਵਾ-ਸੰਭਾਲ ਦਾ ਕੰਮ ਸ਼ੁਰੂ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸ਼ਰਨਾਰਥੀ ਕੈਂਪਾਂ ਦੀ ਹਾਲਤ ਐਨੀ ਮਾੜੀ ਹੈ ਕਿ ਬਿਆਨ ਕਰਨੀ ਵੀ ਔਖੀ ਹੈ। ਉਜਾੜੇ ਦਾ ਦਰਦ ਝੱਲ ਰਹੇ ਰੋਹਿੰਗਿਆ ਸ਼ਰਨਾਰਥੀਆਂ, ਜਿਨ੍ਹਾਂ ਨੂੰ ਭਾਰਤ ਸਰਕਾਰ ਗ਼ੈਰਕਾਨੂੰਨੀ ਪਰਵਾਸੀ ਦੱਸ ਰਹੀ ਹੈ, ਦੀ ਗਿਣਤੀ ਲੱਖਾਂ ਵਿੱਚ ਹੋਣ ਕਾਰਨ ਸਾਂਭ-ਸੰਭਾਲ ਦੇ ਪੂਰੇ ਪ੍ਰਬੰਧ ਕਰਨੇ ਵੀ ਸੌਖੇ ਨਹੀਂ ਹਨ।

ਬਾਕੀ ਸਫ਼ਾ 31 'ਤੇ

## ਖ਼ਾਲਸਾ ਏਡ ਵਲੋਂ ਕੀਤੇ ਜਾ ਰਹੇ ਮਾਨਵਵਾਦੀ ਕਾਰਜਾਂ ਦੀ ਐਨਡੀਟੀਵੀ ਦੇ ਪ੍ਰਾਈਮ ਟਾਈਮ 'ਚ ਚਰਚਾ

**ਚੰਡੀਗੜ੍ਹ/ਬਿਊਰੋ ਨਿਊਜ਼:** ਮਿਆਂਮਾਰ ਵਿੱਚ ਰੋਹਿੰਗਿਆ ਮੁਸਲਮਾਨਾਂ ਉੱਤੇ ਸੱਤਧਾਰੀ ਬੋਧੀਆਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ ਅਤੇ ਸ਼ਰਨਾਰਥੀ ਬਣ ਕੇ ਦੇਸ਼ ਛੱਡਣ ਲਈ ਮਜਬੂਰ ਹੋਏ ਹਜ਼ਾਰਾਂ ਸਰਨਾਰਥੀਆਂ ਦੀ ਸਿੱਖਾਂ ਵਲੋਂ ਬੰਗਲਾਦੇਸ਼ ਤੇ ਬਰਮਾ ਦੀ ਸਰਹੱਦ ਉੱਤੇ ਪਹੁੰਚ ਕੇ ਭੁੱਖੇ ਪਿਆਸੇ ਬੇਘਰ ਲੋਕਾਂ ਦੀ ਮਦਦ ਕਰਨ ਦੀ ਚਰਚਾ ਅੱਜ ਕਲ੍ਹ ਦੁਨੀਆ ਭਰ ਵਿੱਚ ਹੋ ਰਹੀ ਹੈ। ਭਾਰਤੀ ਉਪਮਹਾਂਦੀਪ 'ਚ ਪ੍ਰਮੁੱਖ ਚੈਨਲਾਂ ਵਿਚੋਂ ਇਕ ਐਨਡੀਟੀਵੀ ਨੇ ਖ਼ਾਲਸਾ ਏਡ ਵਲੋਂ ਮਨੁੱਖਤਾ ਪੱਖੀ ਕੰਮਾਂ ਦੀ ਚਰਚਾ ਆਪਣੇ ਪ੍ਰਾਈਮ ਟਾਈਮ ਪ੍ਰੋਗਰਾਮ 'ਚ




ਕੀਤੀ। ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੇ ਅਪਣੇ ਬਹੁ ਚਰਚਿਤ ਪ੍ਰੋਗਰਾਮ ਪ੍ਰਾਈਮ ਟਾਈਮ 'ਚ 26 ਸਤੰਬਰ ਰਾਤੀਂ 9:00 ਵਜੇ "ਮਨੁੱਖਤਾ ਦੀ ਮਿਸਾਲ ਹੈ ਖ਼ਾਲਸਾ ਏਡ" ਪ੍ਰੋਗਰਾਮ ਪੇਸ਼ ਕੀਤਾ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦੇ ਸਿੰਘ

ਬਾਕੀ ਸਫ਼ਾ 31 'ਤੇ

## ਭਾਰਤ ਨੇ ਅਫ਼ਗਾਨਿਸਤਾਨ 'ਚ ਫ਼ੌਜ ਭੇਜਣ ਤੋਂ ਕੀਤੀ ਤੌਬਾ

### ਰੱਖਿਆ ਮੰਤਰੀ ਨੇ ਕੀਤਾ ਸਪੱਸ਼ਟ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼** ਅਫ਼ਗ਼ਾਨਿਸਤਾਨ 'ਚ ਕਿਸੇ ਵੀ ਤਰ੍ਹਾਂ ਦੇ ਫ਼ੌਜੀ ਯੋਗਦਾਨ ਦੀਆਂ ਸੰਭਾਵਨਾਵਾਂ ਤੋਂ ਹੱਥ ਖੜ੍ਹੇ ਕਰਦਿਆਂ ਭਾਰਤ ਨੇ ਕਿਹਾ ਕਿ ਉਸ ਵੱਲੋਂ ਜੰਗ ਪ੍ਰਭਾਵਿਤ ਇਸ ਮੁਲਕ ਨੂੰ ਵਿਕਾਸ ਲਈ ਸਹਾਇਤਾ ਦਿੱਤੀ ਜਾਂਦੀ ਰਹੇਗੀ। ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣੇ ਅਮਰੀਕੀ ਹਮਰੁਤਬਾ ਜੇਮਸ ਮੈਟਿਜ਼ ਨਾਲ ਗੱਲਬਾਤ ਬਾਅਦ ਇਹ ਟਿੱਪਣੀ ਕੀਤੀ। ਇਸ ਮੀਟਿੰਗ ਦੌਰਾਨ ਪਾਕਿਸਤਾਨ ਵੱਲੋਂ ਫੈਲਾਏ ਜਾ ਰਹੇ ਅਤਿਵਾਦ ਸਮੇਤ ਅਹਿਮ ਦੁਵੱਲੇ, ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਉਤੇ ਚਰਚਾ ਕੀਤੀ ਗਈ। ਉੱਤਰੀ ਕੋਰੀਆ ਦੀਆਂ ਪਰਮਾਣੂ ਮਿਜ਼ਾਈਲ ਅਜ਼ਮਾਇਸ਼ਾਂ ਅਤੇ ਦੱਖਣੀ ਚੀਨ ਸਾਗਰ ਵਿੱਚ ਚੀਨ ਦੇ ਵਧ ਰਹੇ ਦਖ਼ਲ ਕਾਰਨ ਵਧ ਰਹੇ ਤਣਾਅ ਦੌਰਾਨ ਭਾਰਤ ਤੇ ਅਮਰੀਕਾ ਨੇ ਹਿੰਦ-ਮਹਾਸਾਗਰ ਖੇਤਰ ਵਿੱਚ ਸਮੁੰਦਰੀ ਸੁਰੱਖਿਆ ਤਾਲਮੇਲ ਹੋਰ ਵਧਾਉਣ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਅਫ਼ਗ਼ਾਨਿਸਤਾਨ 'ਤੇ ਚਰਚਾ ਦਾ ਜ਼ਿਕਰ ਕਰਦਿਆਂ ਸੀਤਾਰਾਮਨ ਨੇ ਦੱਸਿਆ ਕਿ ਜਮਹੂਰੀ, ਸਥਿਰ ਅਤੇ ਖ਼ੁਸ਼ਹਾਲ ਅਫ਼ਗਾਨਿਸਤਾਨ ਦੇ ਸਾਂਝੇ ਟੀਚੇ ਲਈ ਅਫ਼ਗਾਨ ਸਰਕਾਰ ਨਾਲ ਤਾਲਮੇਲ ਤੋਂ ਇਲਾਵਾ ਦੋਵੇਂ ਮੁਲਕ ਦੁਵੱਲੇ ਸਹਿਯੋਗ ਨੂੰ ਹੋਰ ਕਿਵੇਂ ਮਜ਼ਬੂਤ ਕਰ ਸਕਦੇ ਹਨ ਇਸ ਬਾਰੇ ਸਾਰਥਿਕ ਗੱਲਬਾਤ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਡੈਮ ਤੇ ਹਸਪਤਾਲ ਬਣਾਏ ਗਏ ਹਨ ਅਤੇ ਜੰਗ ਪ੍ਰਭਾਵਿਤ ਮੁਲਕ ਨੂੰ ਵਿਕਾਸ ਲਈ ਮਦਦ ਮੁਹੱਈਆ ਕਰਾਈ ਜਾਂਦੀ ਰਹੇਗੀ। ਸ੍ਰੀ ਮੈਟਿਜ਼ ਨਾਲ ਸਾਂਝੇ ਪ੍ਰੈੱਸ ਸੰਮੇਲਨ ਦੌਰਾਨ ਭਾਰਤ ਵੱਲੋਂ ਅਫ਼ਗਾਨਿਸਤਾਨ 'ਚ ਫ਼ੌਜੀ ਯੋਗਦਾਨ ਬਾਰੇ

**ਸੀਤਾਰਾਮਨ ਨੇ ਅਮਰੀਕੀ ਰਖਿਆ ਮੰਤਰੀ ਜੇਮਜ਼ ਮੈਟਿੱਜ਼ ਨਾਲ ਸਾਰੇ ਅਹਿਮ ਮਸਲੇ ਵਿਚਾਰੇ**

ਬਾਕੀ ਸਫ਼ਾ 31 'ਤੇ

## ਸੰਕਟਾਂ 'ਚ ਘਿਰੀ 'ਪਾਪਾ ਦੀ ਪਰੀ' ਨੂੰ ਨਾ ਮਿਲੀ ਰਾਹਤ

### *ਦਿੱਲੀ ਹਾਈ ਕੋਰਟ ਨੇ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਕੀਤੀ ਖਾਰਜ*

**ਨਵੀਂ ਦਿੱਲੀ/ਬਿਊਰੋ ਨਿਊਜ਼**,ਡੇਰਾ ਮੁਖੀ ਨੂੰ ਸਜ਼ਾ ਤੋਂ ਬਾਅਦ ਪੰਚਕੂਲਾ 'ਚ ਦੰਗੇ ਭੜਕਾਉਣ ਅਤੇ ਦੇਸ਼ਧ੍ਰੋਹ ਦੇ ਦੋਸ਼ਾਂ ਤੋਂ ਭੱਜੀ ਫਿਰ ਰਹੀ ਹਨੀਪ੍ਰੀਤ ਇੰਸਾ ਨੂੰ ਦਿੱਲੀ ਹਾਈ ਕੋਰਟ ਤੋਂ



ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਉਸ ਨੂੰ ਆਤਮ ਸਮਰਪਣ ਕਰਨ ਦੀ ਹਦਾਇਤ ਕਰਦਿਆਂ ਟਰਾਂਜ਼ਿਟ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਗ੍ਰਿਫ਼ਤਾਰੀ ਤੋਂ ਭੱਜ ਰਹੀ ਹੈ ਜਿਸ ਕਾਰਨ ਉਹ ਕਿਸੇ ਵਿਸ਼ੇਸ਼ ਰਾਹਤ ਦੀ ਹੱਕਦਾਰ ਨਹੀਂ ਹੈ। ਜਸਟਿਸ ਸੰਗੀਤਾ ਢੀਂਗਰਾ ਸਹਿਗਲ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਿੱਲੀ 'ਚ ਇਸ ਕਰਕੇ ਪਾਈ ਗਈ ਤਾਂ ਜੋ ਹੋਰ ਸਮਾਂ ਲਿਆ ਜਾ ਸਕੇ ਅਤੇ ਪੰਚਕੂਲਾ ਅਦਾਲਤ 'ਚ ਚਲ ਰਹੀ ਕਾਰਵਾਈ 'ਚ ਦੇਰੀ ਹੋਵੇ। ਇਸ ਤੋਂ ਪਹਿਲਾਂ ਦਿਨ ਵੇਲੇ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਦਿੱਲੀ 'ਚ ਪੇਸ਼ਗੀ ਜ਼ਮਾਨਤ

ਬਾਕੀ ਸਫ਼ਾ 31 'ਤੇ

## ਪੰਜਾਬ ਦੇ ਕਿਸਾਨ ਆਰ-ਪਾਰ ਦੀ ਲੜਾਈ ਲਈ ਤਿਆਰ

### *ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ 27 ਅਕਤੂਬਰ ਨੂੰ*

**ਪਟਿਆਲਾ/ਬਿਊਰੋ ਨਿਊਜ਼:**
ਆਪਣੇ ਹੱਕਾਂ ਲਈ ਮੈਦਾਨ ਵਿੱਚ ਨਿਤਰੇ ਪੰਜਾਬ ਦੇ ਕਿਸਾਨਾਂ ਦੀਆਂ ਸੱਤ ਜਥੇਬੰਦੀਆਂ ਵੱਲੋਂ ਇੱਥੋਂ ਨੇੜ੍ਹਲੇ ਪਿੰਡ ਮਹਿਮਦਪੁਰ ਵਿਚਲੀ ਅਨਾਜ ਮੰਡੀ 'ਚ ਲਾਇਆ ਗਿਆ ਪੰਜ ਰੋਜ਼ਾ ਧਰਨਾ ਮੰਗਲਵਾਰ ਨੂੰ ਪਰਾਲੀ ਦੇ ਮੁੱਦੇ 'ਤੇ ਸਰਕਾਰ ਨਾਲ ਆਰ ਪਾਰ ਦੀ ਲੜਾਈ ਦੇ ਐਲਾਨਨਾਮੇ ਨਾਲ ਖ਼ਤਮ ਹੋ ਗਿਆ। ਧਰਨੇ ਦੌਰਾਨ ਸੰਕੇਤਕ ਰੂਪ 'ਚ ਪਰਾਲੀ ਸਾੜ ਕੇ

ਬਾਕੀ ਸਫ਼ਾ 31 'ਤੇ



ਪੰਜ ਰੋਜ਼ਾ ਧਰਨਾ ਸੰਕੇਤਕ ਪਰਾਲੀ ਸਾੜਨ ਨਾਲ ਸਮਾਪਤ, ਸੰਘਰਸ਼ ਦੇ ਅਗਲੇ ਪੜਾਅ ਕਿਸਾਨ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਸਟੇਜ ਤੋਂ ਕਿਸਾਨਾਂ ਦਾ ਧੰਨਵਾਦ ਕਰਦੇ ਹੋਏ।


For Advertisements in Quomantry Amritsar Times Please Call :
Jai Singh
510-677-2777

















Punjabi Cultural Society
of Chicago
Proudly Presents
PCS NIGHT
2017
10th Chicago
Bhangra & Gidha
Competition
Saturday, October 14, 2017
7:00pm Sharp
Meadows Club
2950 W. Golf Road, Rolling Meadows, IL 60008
Tickets: $25 • $50 • $100
Front Row Reserved Seats. Children under 10 years Free
(Dinner included with $100 Tickets only)
PUNJABI CULTURAL SOCIETY OF CHICAGO
P. O. BOX 1244 - PALATINE, IL 60078
www.PCSChicago.org
Live Entertainment by
ANITA LERCHE
Punjabi Folk Dancer/Singer
from Denmark

ਦੇਗ ਤੇਗ ਫਤਿਹ ॥ ਪੰਥ ਕੀ ਜੀਤ ॥

# ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**300 Gurdwara Road Fremont CA 94536, Phone : 510-790-0177**

# ਮਹਾਨ ਸ਼ਹੀਦੀ ਸਮਾਗਮ

## 01 ਅਕਤੂਬਰ, 2017 ਐਤਵਾਰ


ਭਾਈ ਬਲਜੀਤ ਸਿੰਘ


ਭਾਈ ਹਰੀ ਸਿੰਘ


ਭਾਈ ਜਸਵਿੰਦਰ ਸਿੰਘ

ਖਾਲਿਸਤਾਨ ਲਈ ਜਾਨਾਂ ਵਾਰਨ ਵਾਲੇ ਭਾਈ ਬਲਜੀਤ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਹਰੀ ਸਿੰਘ ਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਦਿਹਾੜਾ ਪਹਿਲੀ ਅਕਤੂਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿਚ ਸਮੂਹ ਸ਼ਹੀਦਾਂ ਦੇ ਉਦੇਸ਼, ਜੀਵਨੀ ਤੇ ਨਿਸ਼ਾਨੇ ਬਾਰੇ ਵੀਚਾਰਾਂ ਹੋਣਗੀਆਂ।

### ਸਮਾਗਮ ਦੀ ਰੂਪ ਰੇਖਾ

**ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ** : 29 ਸੰਤਬਰ ਦਿਨ ਸ਼ੁਕਰਵਾਰ ਸਵੇਰੇ 10:00 ਵਜੇ
**ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ**: ਪਹਿਲੀ ਅਕਤੂਬਰ ਦਿਨ ਐਤਵਾਰ ਸਵੇਰੇ 10:00 ਵਜੇ
ਉਪਰੰਤ ਕਥਾ ਕੀਰਤਨ ਤੇ ਖਾਲਿਸਤਾਨ ਸੰਬੰਧੀ ਪੰਥਕ ਬੁਲਾਰੇ ਸੰਗਤਾਂ ਨਾਲ ਵੀਚਾਰ ਸਾਂਝੇ ਕਰਨਗੇ।

ਇਸ ਸਮਾਗਮ ਵਿਚ ਸਭਨਾਂ ਨੂੰ ਪੁੱਜਣ ਦਾ ਸੱਦਾ ਦਿੱਤਾ ਜਾਂਦਾ ਹੈ।

**ਵਲੋਂ : ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ**

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

WWW.CHAATBHAVAN.COM

# ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਸਮਾਗਮ ਸਫਲਤਾ ਸਹਿਤ ਸੰਪੂਰਨ






## ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਤਿੰਨ ਦਿਨ ਸੰਗਤਾਂ ਹੁਮ ਹੁਮਾ ਕੇ ਪੁੱਜੀਆਂ

**ਫਰੀਮਾਂਟ/ਬਿਊਰੋ ਨਿਊਜ਼:** ਪੰਜਾਬ ਦੇ ਫਰੀਦਕੋਟ ਸ਼ਹਿਰ ਅਤੇ ਆਸ ਪਾਸ ਇਲਾਕੇ ਦੀਆਂ ਸੰਗਤਾਂ ਵਲੋਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਸਬੰਧੀ ਕਰਵਾਏ ਗਏ ਸਮਾਗਮ ਸਫਲਤਾ ਸਹਿਤ ਸੰਪੂਰਨ ਹੋਏ। ਵਰਨਣਯੋਗ ਹੈ ਕਿ ਇਹ ਸੰਗਤਾਂ ਪਿਛਲੇ ਕਈ ਸਾਲਾਂ ਤੋਂ ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ ਭਾਰੀ ਸ਼ਰਧਾ ਨੇ ਉਤਸ਼ਾਹ ਨਾਲ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਮਨਾਉਂਦੀਆਂ ਆ ਰਹੀਆਂ ਹਨ। ਇਸ ਸਾਲ ਵੀ ਉਸੇ ਉਤਸ਼ਾਹ ਨਾਲ ਸ਼ੁਕਰਵਾਰ 22 ਸਤੰਬਰ ਨੂੰ ਸ੍ਰੀ ਅਖੰਡ ਪਾਠ ਜੀ ਅਰੰਭ ਕੀਤੇ ਗਏ ਤੇ ਅਖੰਡ ਪਾਠ ਜੀ ਦੇ ਭੋਗ ਐਤਵਾਰ 24 ਸਤੰਬਰ ਨੂੰ ਪਾਏ ਗਏ। ਇਸ ਉਪਰੰਤ ਢਾਡੀ ਰਾਗੀ ਸਿੰਘਾਂ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਤੇ ਜੀਵਨ ਤੇ ਸਬੰਧੀ ਵਿਚਾਰਾਂ ਕੀਤੀਆਂ। ਬਾਬਾ ਫ਼ਰੀਦ ਜੀ ਦੇ ਸ਼ਬਦ ਗਾਇਨ ਕੀਤੇ ਗਏ। ਪ੍ਰਬੰਧਕਾਂ ਤੇ ਗੁਰਦੁਆਰਾ ਕਮੇਟੀ ਦੇ ਉਚੇਚੇ ਸੱਦੇ ਤੇ ਭਾਈ ਨਾਇਬ ਸਿੰਘ ਨਿਮਾਣਾ ਹਜ਼ੂਰੀ ਰਾਗੀ ਟਿੱਲਾ ਬਾਬਾ ਸ਼ੇਖ ਫਰੀਦ ਅਤੇ ਰਜਿੰਦਰ ਸਿੰਘ ਦਾ ਜਥਾ ਰਿਵਰ ਸਾਈਡ ਤੋਂ ਉਚੇਚੇ ਤੌਰ ਤੇ ਤਸ਼ਰੀਫ ਲਿਆਏ। ਉਹਨਾਂ ਦੇ ਜਥੇ ਦੀ ਸੰਗਤਾਂ ਵਲੋਂ ਭਰਪੂਰ ਸ਼ਲਾਘਾ ਹੋਈ। ਹਰ ਵਾਰ ਦੀ ਤਰਾਂ ਸੰਗਤਾਂ ਦਾ ਉਤਸ਼ਾਹ ਤੇ ਹਾਜ਼ਰੀ ਭਰਪੂਰ ਰਹੀ। ਭਾਈ ਨਿਮਾਣਾ ਦੇ ਜਥੇ ਨੇ ਸ਼ਨਿਚਰਵਾਰ ਵਾਲੇ ਦਿਨ ਰੇਡੀਓ ਪੰਜਾਬ ਦੇ ਸਟੂਡੀਓ ਪਹੁੰਚ ਕੇ ਸੰਗਤਾਂ ਨੂੰ ਸ਼ਿਰਕਤ ਕਰਨ ਦਾ ਸੱਦਾ ਦਿਤਾ। ਰੇਡੀਓ ਹੋਸਟ ਬੀਬੀ ਬਲਵਿੰਦਰ ਕੌਰ ਤੇ ਸੁਮਨ ਜੀ ਨੇ ਜੀ ਆਇਆਂ ਆਖਿਆ। ਇਹਨਾਂ ਸਮਾਗਮਾਂ ਦੀ ਵਿਲੱਖਣਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇੰਡੀਆਂ ਤੋਂ ਆਪਣੇ ਬੱਚੇ ਬੱਚੀਆਂ ਨੂੰ ਵਿਜ਼ਿਟ ਕਰਨ ਆਏ ਇਲਾਕਾ ਨਿਵਾਸੀ ਦੂਰੋਂ ਨੇੜਿਉਂ ਸ਼ਿਰਕਤ ਕਰਨ ਪਹੁੰਚੇ। ਬਾਬਾ ਫ਼ਰੀਦ ਆਗਮਨ ਪੁਰਬ ਸੁਸਾਇਟੀ ਵੱਲੋਂ ਸਮੂਹ ਸੰਗਤ ਤੋਂ ਮਿਲੇ ਸਹਿਯੋਗ ਤੇ ਇਸ ਦੀ ਕਾਮਯਾਬੀ ਲਈ ਧੰਨਵਾਦ ਕੀਤਾ ਜਾਂਦਾ ਹੈ। ਸਾਰੇ ਹੀ ਵਲੰਟੀਅਰ ਤੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅਗਲੇ ਸਾਲ ਇਹਨਾਂ ਹੀ ਤਰੀਕਾਂ ਵਿੱਚ ਫਿਰ ਮਿਲਣ ਦੇ ਵਾਅਦੇ ਨਾਲ ਕੁਲ ਮਿਲਾ ਕੇ ਵਧੀਆ ਛਾਪ ਛੱਡ ਗਿਆ। ਸੁਸਾਇਟੀ ਦੇ ਮੈਂਬਰ ਤੇ ਵਲੰਟੀਅਰ ਨਾਲ ਸੰਪਰਕ ਤੇ ਸੁਝਾਵਾਂ ਲਈ ਵੈਬ ਸਈਟ www.babafarid.net 'ਤੇ ਜਾਇਆ ਜਾ ਸਕਦਾ ਹੈ। ਇਸ ਸਾਲ ਅਤੇ ਆਉਣ ਵਾਲੇ ਸਮਾਗਮਾਂ ਤੇ ਗਤੀਵਿਧੀਆਂ ਦੀ ਸਾਰੀ ਜਾਣਕਾਰੀ ਉਕਤ ਵੈਬ ਸਾਈਟ ਤੋਂ ਲਈ ਜਾ ਸਕਦੀ ਹੈ।

## 'ਪੰਜ ਪਿਆਰਿਆਂ' ਵੱਲੋਂ ਸ਼੍ਰੋਮਣੀ ਕਮੇਟੀ ਦੀ ਰਿਹਾਇਸ਼ ਛੱਡਣ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਤੋਂ ਰਿਹਾਇਸ਼ ਖਾਲੀ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਰਤੀ ਗਈ ਦਬਾਅ ਨੀਤੀ ਤੋਂ ਬਾਅਦ ਬਰਖਾਸਤ ਪੰਜ ਪਿਆਰਿਆਂ ਨੇ ਆਪਣੇ ਪੱਧਰ 'ਤੇ ਹੀ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਾਪਤ ਰਿਹਾਇਸ਼ ਛੱਡਣ ਦਾ ਫ਼ੈਸਲਾ ਕੀਤਾ ਹੈ।

ਪੰਜ ਪਿਆਰਿਆਂ ਵਿੱਚ ਸ਼ਾਮਲ ਸਤਨਾਮ ਸਿੰਘ ਅਤੇ ਮੰਗਲ ਸਿੰਘ ਕੋਲ ਹੀ ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਮੁਹੱਈਆ ਕੀਤੀ ਰਿਹਾਇਸ਼ ਹੈ। ਇਸ ਸਬੰਧੀ ਸਤਨਾਮ ਸਿੰਘ ਨੇ ਆਖਿਆ ਕਿ ਲਗਭਗ ਛੇ ਮਹੀਨੇ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਘਰ ਖਾਲੀ ਕਰਨ ਲਈ ਆਖਿਆ ਗਿਆ ਸੀ ਪਰ ਉਸ ਵੇਲੇ ਉਨ੍ਹਾਂ ਨੇ ਕੁਝ ਹੋਰ ਸਮਾਂ ਦੇਣ ਦੀ ਮੰਗ ਕੀਤੀ ਸੀ। ਉਨ੍ਹਾਂ ਦੇ ਘਰ ਦੀ ਉਸਾਰੀ ਚੱਲ ਰਹੀ ਹੈ। ਜਦੋਂ ਹੀ ਉਸਾਰੀ ਮੁਕੰਮਲ ਹੋਵੇਗੀ, ਉਹ ਆਪਣਾ ਘਰ ਤਬਦੀਲ ਕਰ ਲੈਣਗੇ। ਇਸ ਸਬੰਧੀ ਕਿਰਾਇਆ ਉਨ੍ਹਾਂ ਦੇ ਭੱਤਿਆਂ (ਗ੍ਰੈਚੂਟੀ) ਵਿੱਚੋਂ ਕੱਟਿਆ ਜਾ ਰਿਹਾ ਹੈ, ਜੋ ਕਿ ਉਨ੍ਹਾਂ ਨੇ ਹੁਣ ਤੱਕ ਸ਼੍ਰੋਮਣੀ ਕਮੇਟੀ ਕੋਲੋਂ ਨਹੀਂ ਮੰਗੀ ਹੈ। ਉਨ੍ਹਾਂ ਦਾ ਪ੍ਰੌਵੀਡੈਂਟ ਫੰਡ ਵੀ ਹੁਣ ਤੱਕ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਉਨ੍ਹਾਂ ਨੇ ਇਸ ਸਬੰਧੀ ਕਦੇ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਰਖਾਸਤ ਕੀਤੇ ਕਰਮਚਾਰੀਆਂ ਨੂੰ ਕੁਆਰਟਰ ਖਾਲੀ ਕਰਨ ਦੇ ਆਦੇਸ਼ ਦਿੱਤੇ ਹੋਏ ਹਨ। ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਕੁਆਰਟਰਾਂ ਦੀ ਹੋਰ ਕਰਮਚਾਰੀਆਂ ਦੀ ਰਿਹਾਇਸ਼ ਵਾਸਤੇ ਲੋੜ ਹੈ। ਦੂਜੇ ਪਾਸੇ ਪੰਜ ਪਿਆਰਿਆਂ ਵਿੱਚ ਸ਼ਾਮਲ ਸਤਨਾਮ ਸਿੰਘ ਖੰਡਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਸ ਢੰਗ ਤਰੀਕੇ ਨਾਲ ਸਾਬਕਾ ਜਥੇਦਾਰ ਨਾਲ ਵਿਵਹਾਰ ਕੀਤਾ ਗਿਆ ਹੈ, ਉਹ ਉਚਿਤ ਨਹੀਂ ਹੈ। ਉਨ੍ਹਾਂ ਆਖਿਆ ਕਿ ਪੰਜ ਪਿਆਰਿਆਂ ਨੇ ਜੋ ਫੈਸਲਾ ਕੀਤਾ ਸੀ, ਉਹ ਅੱਜ ਵੀ ਉਸ 'ਤੇ ਕਾਇਮ ਹਨ।




# ਸਭਨਾਂ ਦੀ ਸ਼ਾਬਾਸ਼ ਨਾਲ ਸੰਪੂਰਨ ਹੋਇਆ ਸੈਨਹੋਜ਼ੇ ਪੰਜਾਬੀ ਮੇਲਾ

**ਸੈਨਹੋਜ਼ੇ/ਬਿਊਰੋ ਨਿਊਜ਼:**
ਬੇਏਰੀਆ ਦੇ ਸ਼ਹਿਰ ਮਿਲਪੀਟਸ ਵਿਚ ਬੜੇ ਹੀ ਮਾਣ ਅਤੇ ਪੰਜਾਬੀ ਭਾਈਚਾਰੇ ਦੇ ਸਮੁਚੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ ਪਿਛਲੇ 18 ਸਾਲਾਂ ਤੋਂ ਚਲ ਰਹੇ ਸੈਨਹੋਜ਼ੇ ਪੰਜਾਬੀ ਮੇਲਾ ਸਤੰਬਰ 24 ਨੂੰ ਮਰਫ਼ੀ ਪਾਰਕ ਵਿਚ ਕਰਵਾਇਆ ਗਿਆ ਜਿਸ ਵਿਚ ਆਲੇ ਦੁਆਲੇ ਦੇ ਸ਼ਹਿਰਾਂ ਅਤੇ ਵੱਖਰੇ ਵੱਖਰੇ ਇਲਾਕਿਆਂ ਤੋਂ ਪੰਜਾਬੀ ਭਾਈਚਾਰੇ ਨੇ ਭਰਪੂਰ ਸ਼ਿਰਕਤ ਕੀਤੀ ਅਤੇ ਸਹਿਯੋਗ ਦਿੱਤਾ।

ਮੇਲੇ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ ਗਈ ਅਤੇ ਰੱਬ ਤੋਂ ਓਟ ਆਸਰਾ ਲੈ ਕੇ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਪਹਿਲੇ ਪੜਾਅ ਵਿਚ ਲੈਕਚਰ ਅਤੇ ਅਜੈ ਭੰਗੜਾ ਐਕਡਮੀ ਦੇ ਗੱਭਰੂਆਂ ਅਤੇ ਮੁਟਿਆਰਾ ਨੇ ਰੰਗ ਬਰੰਗੇ ਕਪੜੇ ਪਾ ਕੇ ਪੂਰੇ ਪੰਜਾਬੀ ਠਾਠ ਬਾਠ ਨਾਲ ਸਟੇਜ ਉਤੇ ਰੰਗ ਬੰਨ੍ਹ ਦਿੱਤਾ । ਜਸਪਾਲ ਸਿੰਘ ਪਾਲ ਅਤੇ ਸੁਖਵਿੰਦਰ ਸਿੰਘ ਗੋਗੀ ਦੀਆਂ ਤਿਆਰ ਕੀਤੀਆਂ ਟੀਮਾਂ ਨੇ ਵੱਖਰੀਆਂ ਵੱਖਰੀਆਂ ਦਿਲਕਸ਼ ਵੰਨਗੀਆਂ ਪੇਸ਼ ਕੀਤੀਆਂ। ਬੱਚਿਆਂ ਦੇ ਮਾਪੇ ਬੜੇ ਹੀ ਉਤਸ਼ਾਹ ਨਾਲ ਬੱਚਿਆਂ ਨੂੰ ਲੈ ਕੇ ਆਏ ਅਤੇ ਸਾਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਪਲੈਕਾਂ ਅਤੇ ਟਰਾਫੀਆਂ ਦੇ ਕੇ ਧੰਨਵਾਦ ਕੀਤਾ ਗਿਆ।

ਸੰਬੰਧਤ ਰੰਗਦਾਰ ਤਸਵੀਰਾਂ ਸ.ਫ਼ਾ 21 'ਤੇ ਵੇਖੋ

ਮੇਲੇ ਵਿਚ ਵੱਖਰੇ ਵੱਖਰੇ ਬੂਥਾਂ ਉਤੇ ਜਾ ਕੇ ਮੇਲਾ ਵੇਖਣ ਆਏ ਲੋਕਾਂ ਨੇ ਖਰੀਦੋ ਫਰੋਖਤ ਵੀ ਕੀਤੀ। ਦੁਪਹਿਰ ਵੇਲੇ ਜਦੋਂ ਮੇਲਾ ਪੂਰੇ ਜੋਬਨ ਤੇ ਹੋਇਆ ਤਾਂ ਪਹਿਲਾ ਗੀਤ ਸੱਤੀ ਪਾਬਲਾ ਨੇ ਇਕ ਧਾਰਮਿਕ ਵਾਰ ਤੋਂ ਸ਼ੁਰੂ ਕੀਤਾ ਅਤੇ ਸਟੇਜ ਦੀ ਸੇਵਾ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਬੜੇ ਹੀ ਸੁਚੱਜੇ ਤਰੀਕੇ ਨਾਲ ਨਿਭਾਈ ਅਤੇ ਹਰ ਇਕ ਗਾਇਕ ਅਤੇ ਭੰਗੜੇ ਵਾਲੇ ਬੱਚਿਆਂ ਬਾਖੂਬੀ ਪੇਸ਼ ਕਰਵਾਇਆ।

ਮੇਲੇ 'ਚ ਉਦੋਂ ਹੋਰ ਚਾਰ ਚੰਨ ਲਗ ਗਏ ਜੋ ਗੁਰਚਰਨ ਸਿੰਘ ਢਿੱਲੋਂ, ਸਿੱਧੂ ਅਤੇ ਰਾਜ ਸਿਆਟਲ ਤੋਂ ਸਪੈਸ਼ਲ ਤੌਰ ਤੇ ਮੇਲੇ 'ਚ ਚੇਅਰਮੈਨ ਬਿਲਾ ਸੰਘੇੜਾ ਦੇ ਸੱਦੇ ਤੇ ਪਹੁੰਚੇ ਅਤੇ ਮੇਲੇ ਦੀ ਰੌਣਕ ਵਧਾਈ।

ਇਸ ਮੇਲੇ ਦੀ ਇਕ ਹਿੱਸੇ ਵਿਚ ਸਾਕਰ ਦੀਆਂ ਚੋਟੀ ਦੀਆਂ ਟੀਮਾਂ ਖੇਡ ਰਹੀਆਂ ਸਨ ਅਤੇ ਦੂਸਰੇ ਪਾਸੇ ਵਾਲੀਬਾਲ ਦੀਆਂ ਸਿਰਤੋੜ ਯਤਨਾਂ ਨਾਲ ਇਕ ਦੂਜੇ ਨੂੰ ਜਿਤਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ। ਵਾਲੀਬਾਲ ਦੀਆਂ ਟੀਮਾਂ ਨੂੰ ਮੇਲੇ ਵਿਚ ਲਿਆਉਣ ਵਾਸਤੇ ਚੰਦ ਸਿੰਘ ਸਰਾਂ, ਗੋਲਡੀ ਅਤੇ ਭੁਪਿੰਦਰ ਸਿੰਘ ਮਾਨ ਦਾ ਸਹਿਯੋਗ ਰਿਹਾ ਹੈ। ਸਾਕਰ ਟੀਮਾਂ ਲਿਆਉਣ ਵਾਸਤੇ ਰਾਜਾ ਬਨਵੈਨ, ਕਮਲ ਧਨੋਵਾ, ਬਿਲ ਬੈਂਸ ਅਤੇ ਹਰਜਿੰਦਰ ਸਿੰਘ ਪੁਰੇਵਾਲ ਦੀ ਬਹੁਤ ਅਹਿਮ ਭੂਮਿਕਾ ਰਹੀ ਹੈ।

ਵਾਲੀਵਾਲ ਦਾ ਪਹਿਲਾ ਇਨਾਮ ਫਰੈਜਨੋ ਦੀ ਟੀਮ ਨੇ ਹਾਸਲ ਕੀਤਾ ਅਤੇ ਦੂਜਾ ਇਨਾਮ ਸੈਂਟਾ ਕਲਾਰਾ ਦੀ ਟੀਮ ਦੇ ਹਿੱਸੇ ਆਇਆ। ਸਾਕਰ ਦਾ ਪਹਿਲਾ ਇਨਾਮ ਕਰਮਨ ਖਾਲਸਾ ਸਪੋਰਟਸ ਕਲੱਬ ਅਤੇ ਦੂਜਾ ਇਨਾਮ ਸਿਲੀਕਾਨ ਸਪੋਰਟਸ ਕਲੱਬ ਸੈਨਹੋਜੇਨੇ ਹਾਸਲ ਕੀਤਾ।

ਗੀਤਾਂ ਦੇ ਪਿੜ ਬੰਨਣ ਵਿਚ ਸਿਰਮੌਰ ਗਾਇਕ ਐਚ ਐਸ ਭਜਨ ਨੇ ਚਾਰ ਸਭਿਆਚਰਕ ਗੀਤ ਗਾ ਕੇ ਵਾਹ ਵਾਹ ਖੱਟੀ ਅਤੇ ਸਰੋਤਿਆਂ ਨੂੰ ਕੀਲ ਕੇ ਬਿਠਾ ਦਿੱਤਾ। ਗਿੱਲ ਹਰਦੀਪ ਨੇ ਆਪਣੀ ਬਲੰਦ ਅਵਾਜ਼ ਵਿਚ ਪੌਣਾ ਘੰਟਾ ਭਰਪੂਰ ਮਨੋਰੰਜ਼ਨ ਕਰਵਾਇਆ ਅਤੇ ਦਿੱਲੀ-ਲਾਹੌਰ ਦੇ ਮੇਲ ਕਰਵਾ ਦਿੱਤਾ। ਮਾਵਾਂ ਦਾ ਗੀਤ ਗਾ ਕੇ ਬੀਬੀਆਂ ਨੂੰ ਆਪਣੇ ਦੂਰ ਦੁਰਾਡੇ ਬੈਠੇ ਪੁੱਤ ਧੀਆਂ ਦੀ ਯਾਦ ਦਿਵਾ ਦਿੱਤੀ। ਜੋਤ ਰਣਜੀਤ ਨੇ ਵਾਰ ਅਤੇ ਮਿਰਜ਼ਾ ਗਾ ਕੇ ਆਪਣੀ ਗਾਇਕੀ ਦਾ ਲੋਹਾ ਮਨਾਇਆ।



ਬਾਅਦ ਵਿਚ ਹਰਮਨਦੀਪ ਖੋਸਾ ਨੇ ਸਮਾਂ ਹੀ ਠਹਿਰਾ ਦਿੱਤਾ ਲੋਕ ਤੱਥ ਅਤੇ ਸਭਿਅਕ ਗੀਤ ਗਾ ਕੇ ਸਾਰਿਆਂ ਦਾ ਮਨ ਮੋਹ ਲਿਆ। ਖ਼ਾਸ ਤੌਰ ਤੇ ਜਗਤਾਰ ਗਿੱਲ ਅਤੇ ਬਲਬੀਰ ਸਿੰਘ ਐਮ ਏ ਦੀ ਫਰਮਾਇਸ਼ ਉਤੇ ਦੀਦਾਰ ਸੰਧੂ ਦਾ ਦੋਗਾਣਾ ਗਿੱਲ ਹਰਦੀਪ ਅਤੇ ਹਰਮਨਦੀਪ ਨੇ ਗਾਇਆ ਅਤੇ ਕਮਾਲ ਦੀ ਪੇਸ਼ਕਸ਼ ਕੀਤੀ। ਸਾਰਿਆਂ ਕਲਾਕਾਰਾਂ ਅਤੇ ਸਪਾਂਸਰਜ਼ ਨੂੰ ਮੇਲਾ ਕਮੇਟੀ ਨੇ ਟਰਾਫੀਆਂ ਅਤੇ ਪਲੈਕਾਂ ਦੇ ਕੇ ਸਨਮਾਨਿਤ ਕੀਤਾ।

ਮੇਲੇ ਦੇ ਪ੍ਰਬੰਧਕ ਵਿਚ ਬਿਲਾ ਸੰਘੇੜਾ ਚੇਅਰਮੈਨ, ਜਤਿੰਦਰ ਸਿੰਘ ਭੰਗੂ ਪ੍ਰਧਾਨ, ਜਸਪਾਲ ਸਿੰਘ ਐਕਜੀਕਿਊਟਿਵ ਡਾਇਰੈਕਟਰ, ਮਘੇਲ ਸਿੰਘ ਜਸਵਾਲ ਇਨਫਰਮੇਸ਼ਅਫ਼ਸਰ, ਚੰਦ ਸਿੰਘ ਸਰਾਂ, ਭੁਪਿੰਦਰ ਸਿੰਘ ਮਾਨ, ਗੁਰਰਿੰਦਰ ਸਿੰਘ ਅਤੇ ਗੁਰਦੇਵ ਸਿੰਘ ਸੰਧੂ ਹੁਰਾ ਨੇ ਮੇਲੇ ਨੂੰ ਸੰਪੂਰਨ ਤੌਰ ਤੇ ਨੇਪਰੇ ਚਾੜ੍ਹਨ ਵਾਸਤੇ ਅਹਿਮ ਭੂਮਿਕਾ ਨਿਭਾਈ।

ਮੇਲੇ ਨੂੰ ਸਹਿਯੋਗ ਦੇਣ ਵਾਲੇ ਦਾਨੀ ਵੀਰਾਂ ਵਿਚ ਅਮੋਲਕ ਸਿੰਘ ਗਾਖਲ, ਟੁਟ ਬ੍ਰਦਰਜ਼, ਰਾਜ ਭਨੋਟ, ਕਸ਼ਮੀਰ ਸਿੰਘ ਸਿਵੀਆ, ਜਸਵੰਤ ਸਿੰਘ ਹੋਠੀ, ਮਹਿੰਦਰ ਸਿੰਘ ਮਾਨ, ਅਮਰੀਕ ਸਿੰਘ ਅਟਵਾਲ, ਹਮੰਤ ਕੁਮਾਰ, ਮੰਗਲ ਸਿੰਘ ਭੰਡਾਲ, ਸੁੱਚਾ ਰਾਮ ਭਾਰਟਾ, ਚਰਨਜੀਤ ਸੰਧੂ, ਜੈਸੀ ਸਿੰਘ, ਦਵਿੰਦਰ ਸਿੰਘ ਸੰਧੂ, ਮੰਗਲ ਭੁੱਲਰ, ਸੁਰਿੰਦਰ ਪਾਬਲਾ, ਸ਼ੀਰਾ ਬੰਗਾ, ਹਰਿੰਦਰ ਗੁਹੂਣੀਆ, ਡਾ. ਐਚ ਐਸ ਮਾਗਟ, ਚਰਨ ਭੰਡਾਲ, ਐਸ ਐਸ ਭਜਨ, ਵਿਕਰਜੀਤ ਸਿੱਧੂ, ਜੰਗ ਬਦੇਸ਼ਾ, ਮਨਪ੍ਰੀਤ ਬਦੇਸ਼ਾ, ਰਾਜਾ ਸਵੀਟਸ, ਟੋਨੀ, ਜੱਗੀ, ਹਰਜਿੰਦਰ ਸਿੰਘ, ਕੁਲਵੰਤ ਨਿਝਰ, ਸੁਰਿੰਦਰ ਸਿੰਘ ਧਨੋਆ, ਬੀ ਆਰ ਡੀ ਗਰੁੱਪ, ਕੂਗਰ ਟਰੱਕਿੰਗ, ਬਿੱਲਾ ਵਾਲੀਆ, ਚੀਮਾ ਬ੍ਰਦਰਜ਼, ਰਾਜਵੰਤ ਸਰਾਂ, ਹਰਪਾਲ ਸਿੰਘ ਚਾਹਲ, ਹਰਿੰਦਰ ਸਿੰਘ, ਮੱਲੀ ਲਿਕਾਰਪੋਰੇਸ਼ਨ ਗਰੇਵਾਲਜ ਬ੍ਰਦਰਜ਼, ਰਾਜੋਤ ਸਵੀਟਸ, ਰਘਬੀਰ ਸਿੰਘ, ਸਤਵੰਤ ਸਿੰਘ, ਇਕਬਾਲ ਸਿੰਘ ਮਾਨ, ਕੁਲਵੰਤ ਸਿੰਘ ਖਹਿਰਾ, ਸਤਵੰਤ ਸਿੰਘ ਖਹਿਰਾ, ਹੈਪੀ ਨਿਝਰ, ਪੂਨੀ ਬ੍ਰਦਰਜ਼, ਰਸ਼ਮੀ, ਨਰਿੰਦਰ ਸਿੰਘ ਸਹੋਤਾ, ਜੁਗਰਾਜ ਸਿੰਘ ਸਹੋਤਾ, ਰਾਜ ਬੱਚੂ, ਪੰਮਾ ਗਿੱਲਰਾਏ, ਵਰਿੰਦਰ, ਸੁਰਿੰਦਰ ਕੁਮਾਰ ਹੁਰਾਂ ਨੇ ਮੇਲੇ ਨੂੰ ਸਪਾਂਸਰ ਕਰਕੇ ਕਾਮਯਾਬ ਬਣਾਇਆ।

ਕਿੰਗਜ਼ ਆਫ਼ ਪੰਜਾਬ ਅਤੇ ਤਦੂੰਰ ਰੈਸਟੋਰੈਂਟ ਵਾਲਿਆਂ ਨੇ ਲਾਜ਼ੀਜ਼ ਖਾਣਿਆਂ ਦਾ ਪ੍ਰਬੰਧ ਕੀਤਾ, ਅੰਮ੍ਰਿਤਸਰ ਟਾਈਮਜ਼, ਪ੍ਰਦੇਸ਼ ਟਾਈਮਜ਼, ਪੰਜਾਬ ਨਿਊਜ਼, ਸਾਡੇ ਲੋਕ, ਪੰਜਾਬ ਮੇਲ, ਸਰਗਮ ਟੀ ਵੀ, ਪੰਜਾਬੀ ਰੇਡੀਓ ਯੂ ਐਸ ਏ ਨੇ ਸਾਰੇ ਮੇਲੇ ਦੀ ਕਵਰੇਜ਼ ਕੀਤੀ ਅਤੇ ਸੰਤੋਖ ਸਿੰਘ ਮੰਡੇਰ ਨੇ ਮੇਲੇ ਦੀ ਫੋਟੋਗਰਾਫ਼ੀ ਕਰਕੇ ਸੇਵਾ ਕੀਤੀ।

ਮੇਲੇ ਨੂੰ ਸਫ਼ਲਤਾ ਪੂਰਵਕ ਬਣਾਉਣ ਵਿਚ ਮੇਲੇ ਦੇ ਚੇਅਰਮੈਨ ਬਿਲਾ ਸੰਘੇੜਾ ਅਤੇ ਪ੍ਰਧਾਨ ਜਤਿੰਦਰ ਭੰਗੂ ਨੇ ਸਾਰੇ ਦਰਸ਼ਕਾਂ ਅਤੇ ਪ੍ਰਬੰਧ ਨੂੰ ਸਫ਼ਲ ਬਣਾਉਣ ਵਿਚ ਯੋਗਦਾਨ ਪਾਉਣ ਵਾਲੇ ਵੀਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਸੈਨ ਹੋਜ਼ੇ ਮੇਲੇ ਦੇ ਸਭਿਆਚਾਰਕ ਰੰਗਾਂ ਦਾ ਆਨੰਦ ਮਾਣਦਿਆਂ...

ਸੈਨਹੋਜੇ ਪੰਜਾਬੀ ਮੇਲੇ ਵਿਚ ਭਾਂਵੇ ਦਰਸ਼ਕਾਂ ਦੀ ਗਿਣਤੀ ਆਸ ਨਾਲੋਂ ਕੁਝ ਘੱਟ ਵੀ ਰਹੀ ਹੋਵੇ ਪਰ ਮੇਲੇ ਦਾ ਸਭਿਆਚਾਰਕ ਹਿੱਸਾ ਵਾਕਿਆ ਹੀ ਮੇਲੇ ਵਰਗਾ ਬਣਿਆ ਰਿਹਾ। ਸਥਾਨਕ ਗਾਇਕਾਂ ਐਚ ਐਸ ਭਜਨ ਨੇ ਹਾਜ਼ਰੀ ਭਰੀ ਤੇ ਹਰਮਨ ਰਣਵਿਜੇ ਨੇ ਵੀ, ਪਰ ਗਿੱਲ ਹਰਦੀਪ ਨੇ ਸਭਿਆਚਾਰਕ ਸ਼ੈਲੀ ਵਾਲੀ ਆਪਣੀ ਰਵਾਇਤੀ ਗਾਇਕੀ ਨਾਲ ਪਰਿਵਾਰਾਂ ਨਾਲ ਪੁੱਜੇ ਪੰਜਾਬੀਆਂ ਦਾ ਰੂਹ ਰੱਜਵਾਂ ਮੰਨੋਰੰਜਨ ਕੀਤਾ। ਜਿਵੇਂ ਆਮੂਮਨ ਮੇਲਿਆਂ ਚ ਬੀਬੀਆਂ ਦੀ ਹਾਜ਼ਰੀ ਅਕਸਰ ਹੀ ਵਧੇਰੇ ਹੁੰਦੀ ਹੈ ਉਹੀ ਚਾਅ ਇਥੇ ਵੀ ਵੇਖਣ ਨੂੰ ਮਿਲਿਆ। ਬਾਬਾ ਬੰਦਾ ਬਹਾਦਰ ਦੀ ਵਾਰ ਨਾਲ ਧਾਰਮਿਕ ਆਸਥਾ ਤੋਂ ਆਰੰਭ ਹੋ ਕੇ ਸੰਨ ਸੰਤਾਲੀ ਦੀ ਪੀੜ ਦਾ ਦਰਦ ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਅਤੇ ਫਿਰ 'ਛੱਲਾ', ਚਿਮਟਾ...ਸੂਏ, ਕੱਸੀਆਂ ਛੱਪੜਾਂ 'ਤੇ ਜਿਹੜਾ ਕਦੇ ਨਹਾਇਆ ਨਹੀਂ... ਉਹ ਪੰਜਾਬੀ ਨਹੀਂ ਹੁੰਦਾ....' ਜਿਹੇ ਆਪਣੇ ਕਰੀਬ ਦਰਜਨ ਤੋਂ ਵੱਧ ਗੀਤਾਂ ਨਾਲ ਮੇਲੇ ਨੂੰ ਪੰਜਾਬੀ ਹੋਣ ਦੇ ਮਾਣ ਵਾਲੀ ਪਾਣ ਚੜ੍ਹਾ ਦਿੱਤੀ। ਵਿਚ ਵਿਚਾਲੇ ਸਨਮਾਨ ਹੁੰਦਾ ਰਿਹਾ... ਪ੍ਰੋ ਜਸਪਾਲ ਸੈਣੀ ਦੀ ਉੱਘੀ ਅਦਾਕਾਰ ਸੁਨੀਤਾ ਧੀਰ ਬਾਰੇ ਬੜੀ ਸਿੱਧੀ ਜਿਹੀ ਟਿੱਪਣੀ ਚੰਗੀ ਲਗਦੀ ਰਹੀ "ਜਿਸ ਯੂਨੀਵਰਸਿਟੀ ਤੋਂ ਮੈਂ ਪੜ੍ਹਿਆਂ ਉਥੇ ਪੜ੍ਹੀ ਤੇ ਪੜ੍ਹਾਉਣ ਵਾਲੀ ਹੈ ਚੰਨ ਪ੍ਰੇਦਸ਼ੀ ਫਿਲਮ ਦੀ ਗੁਲਾਬੋ ..ਅੱਜ ਸੈਨਹੋਜੇ ਮੇਲੇ ਚ ਆਈ ਐ, ਬਿੱਲਾ ਸੰਘੇੜਾ ਜੀ ਨਾਲ ਤੇ ਮੇਲੇ ਦਾ ਮਾਣ ਦੂਣਾ ਹੋ ਗਿਐ ਤੇ ਇਹ ਵੀ ਮਾਣ ਕਿਉਂ ਨਾ ਕਰੀਏ ਕਿ ਮੇਲੇ ਦਾ ਸੰਚਾਲਨ ਕਰ ਰਹੀ ਸ਼ਕਤੀ ਮਾਣਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਧੀ ਹੈ। ...ਐਧਰ ਦੇਖੋ ਵਿਸ਼ਵ ਕਬੱਡੀ ਕੱਪ ਕਰਵਾਉਣ ਵਾਲੇ ਤੇ ਸੈਨਹੋਜੇ ਮੇਲੇ ਦੇ ਹਮਦਰਦ ਅਮੋਲਕ ਗਿੱਲ ਵੀ ਆਏ ਨੇ ਲੈ ਜੋ ਸਨਮਾਨ ਨੂੰ ਗਾਖਲ ਸਾਹਿਬ ਰਾਜ ਭਨੋਟ ਜੀ ਆ ਜੋ ਨਾਲੇ ਤੁਸੀਂ ਵੀ.... ਖਿੱਚ ਲੈ ਫੋਟੋ ਸੰਤੋਖ ਮੰਡੇਰ ਤੂੰ ਵੀ.... ਓਧਰ ਵਾਲੀਬਾਲ ਵੀ ਚੱਲ ਰਿਹੈ, ਸੋਕਰ ਵਲ ਵੀ ਮਾਰੇ ਚਲੋ ਗੇੜਾ... ਬਿੱਲੇ ਸੰਘੇੜੇ ਦੀ ਮਿਹਨਤ ਤੇ ਭੱਜ ਨੱਠ ਦਾ ਪਾ ਦਿਓ ਮੁੱਲ ....." । ਇਉਂ ਮੇਲੇ ਅਗਾਂਹ ਤੁਰਦਾ ਗਿਆ।

ਜੋਤ ਰਣਜੀਤ ਦੀ ਜ਼ਗਨੀ ਠੀਕ ਰਹੀ ਤੇ ਹਰਮਨਦੀਪ ਦੇ ਤਾਂ ਫਿਰ ਕੀ ਕਹਿਣੇ ਟਾਇਮ ਨਾਲ ਤੁਸੀਂ ਆਇਆ ਕਰੋ ਜੇ ਬੀਬੀ ਕੋਲੋਂ ਬਚਣਾ... ਗੁੜ ਮਿੱਠਾ ਹੁੰਦਾ ਚੋਰੀ ਦਾ... ਵਸਣਾ ਡਰਾਇਵਰ ਦੇ... ਇਹ ਤਿੰਨੇ ਦਿਨ ਬਰਾਬਰ ਨੇ... ਕਹਿੰਦੇ ਸੱਚ ਸਿਆਣੇ ਅਗਲੀ ਸਰਕਾਰ...ਜਿਹੇ ਗੀਤਾਂ ਨਾਲ ਮੇਲੇ ਦੀ ਸਿਖਰ ਸਿਰਜ ਦਿੱਤੀ। ਪ੍ਰੋਗਰਾਮ ਦੇ ਆਖਰ ਵਿਚ ਮਾਹੌਲ ਉਦੋਂ ਗਮਗੀਨ ਹੋ ਗਿਆ ਜਦੋਂ ਹਰਮਨਦੀਪ ਤੇ ਗਿੱਲ ਹਰਦੀਪ ਦੀ ਸਾਂਝੀ ਪੇਸ਼ਕਾਰੀ ਵਿਚ ਕੁਲਦੀਪ ਮਾਣਕ ਦਾ ਵੀ ਮੈਂ ਚਾਦਰ ਕੱਢਣੀ ਨੀ..: ਗੀਤ ਪੇਸ਼ ਕੀਤਾ ਗਿਆ ਤੇ ਪੰਡਾਲ ਬੀਬੀਆਂ ਦੀ ਅੱਖ ਗਿੱਲੀ ਹੋ ਗਈ।


When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



ACURA

AutoNation Acura Stevens Creek

4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com



LAW OFFICE OF

PARDEEP S. GREWAL

ਪ੍ਰਦੀਪ ਸਿੰਘ ਗਰੇਵਾਲ

Bankruptcy

Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999

email : info@pardeeplaw.com

20980 REDWOOD ROAD, SUITE 240 • CASTRO VALLEY CA 94546

# ਟਾਈਮ ਸੁਕੇਅਰ ਵਿਚ ਸਿੱਖਾਂ ਵਲੋਂ ਰਾਹੁਲ ਗਾਂਧੀ ਖ਼ਿਲਾਫ਼ ਰੋਸ ਪ੍ਰਦਰਸ਼ਨ

**ਨਿਊਯਾਰਕ/ਬਿਊਰੋ ਨਿਊਜ਼ :** ਰਾਹੁਲ ਗਾਂਧੀ ਦੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਛੋਟੇ ਜਿਹੇ ਇਕੱਠ ਨੂੰ ਸੰਬੋਧਨ ਕਰਨ ਦੌਰਾਨ ਸੈਂਕੜੇ ਸਿੱਖਾਂ ਨੇ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਬਚਾਉਣ ਲਈ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ। ਰਾਹੁਲ ਗਾਂਧੀ ਦੀ ਨਿਊਯਾਰਕ ਸਿਟੀ ਵਿਚ ਮੌਜੂਦਗੀ ਨੂੰ ਚੁਣੌਤੀ ਦੇਣ ਲਈ ਵੱਡੀ ਗਿਣਤੀ ਵਿਚ ਸਿੱਖ ਟਾਈਮ ਸਕੁਏਰ ਵਿਚ ਇਕੱਠੇ ਹੋਏ ਜਿਨ੍ਹਾਂ ਦੇ ਹੱਥਾਂ ਵਿਚ ਤਖ਼ਤੀਆਂ ਫੜੀਆਂ ਸਨ ਜਿਨ੍ਹਾਂ 'ਤੇ ਲਿਖਿਆ ਸੀ 'ਕਾਂਗਰਸ ਪਾਰਟੀ 1984 ਨਸਲਕੁਸ਼ੀ ਦੀ ਦੋਸ਼ੀ ਹੈ' ਅਤੇ ਨਸਲਕੁਸ਼ੀ ਦੇ ਸਮਰਥਕ ਰਾਹੁਲ ਗਾਂਧੀ ਲਈ ਅਮਰੀਕਾ ਵਿਚ ਕੋਈ ਥਾਂ ਨਹੀਂ' ਦੇ ਨਾਅਰੇ ਲਗਾ ਰਹੇ ਸਨ।




ਸਿੱਖ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ ਨੇ ਕਿਹਾ ਕਿ 1984 ਸਿੱਖ ਨਸਲਕੁਸ਼ੀ ਕਰਨ ਅਤੇ ਇਸ ਦੇ ਦੋਸ਼ੀਆਂ ਨੂੰ ਬਚਾਉਣ ਲਈ ਰਾਹੁਲ ਤੇ ਕਾਂਗਰਸ ਦੇ ਹੋਰ ਲੀਡਰਾਂ ਦਾ ਉਤਰੀ ਅਮਰੀਕਾ ਵਿਚ ਪਿਛਾ ਕਰਨਾ ਜਾਰੀ ਰਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਨਿਆਂ ਪ੍ਰਣਾਲੀ ਸਿੱਖਾਂ ਨੂੰ ਇਨਸਾਫ਼ ਦਿਵਾਉਣ ਵਿਚ ਨਾਕਾਮ ਰਹੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ ਤੇ 33 ਸਾਲ ਬਾਅਦ ਵੀ ਇਕ ਵੀ ਕਾਂਗਰਸੀ ਲੀਡਰ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ। ਰਾਹੁਲ ਗਾਂਧੀ ਹੁਣ ਉਸ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਅਗਵਾਈ ਕਰ ਰਿਹਾ ਹੈ, ਜਿਸ ਨੇ ਨਵੰਬਰ 1984 ਵਿਚ ਸਮੁੱਚੇ ਭਾਰਤ ਵਿਚ ਸਿੱਖ ਭਾਈਚਾਰੇ ਖ਼ਿਲਾਫ਼ ਨਸਲਕੁਸ਼ੀ ਹਿੰਸਾ ਕਰਵਾਈ ਤੇ ਦੋਸ਼ੀਆਂ ਨੂੰ ਪਨਾਹ ਦਿੱਤੀ। ਸਮੁੱਚੇ ਭਾਰਤ ਵਿਚ ਸਿੱਖਾਂ ਤੇ ਉਨ੍ਹਾਂ ਦੇ ਘਰਾਂ, ਵਪਾਰ, ਜਾਇਦਾਦਾਂ ਅਤੇ ਧਾਰਮਿਕ ਸਥਾਨਾਂ 'ਤੇ ਇਹ ਹਮਲੇ ਬੜੀ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤੇ ਗਏ ਸਨ ਜਿਸ ਵਿਚ 30,000 ਤੋਂ ਵੱਧ ਸਿੱਖਾਂ ਨੂੰ ਜਿਊਂਦੇ ਸਾੜ ਦਿੱਤਾ ਗਿਆ ਸੀ, ਹਜ਼ਾਰਾਂ ਸਿੱਖ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ, ਸੈਂਕੜੇ ਗੁਰਦੁਆਰੇ ਸਾੜ ਦਿੱਤੇ ਗਏ ਅਤੇ 300,000 ਸਿੱਖ ਪਰਿਵਾਰਾਂ ਨੂੰ ਉਜਾੜ ਦਿੱਤਾ ਗਿਆ ਤੇ ਇਸ ਹਿੰਸਾ ਵਿਚ 30 ਲੱਖ ਤੋਂ ਵੱਧ ਸਿੱਖ ਪ੍ਰਭਾਵਿਤ ਹੋਏ ਸਨ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਰਾਹੁਲ ਗਾਂਧੀ ਆਪਣੇ ਆਪ ਨੂੰ ਇਕ ਸੈਕੂਲਰ ਪਾਰਟੀ ਲੀਡਰ ਅਤੇ ਮੋਦੀ ਦੇ ਧਾਰਮਿਕ ਕੱਟੜਵਾਦ ਦੇ ਬਦਲ ਵਜੋਂ ਪੇਸ਼ ਕਰਨ ਦੀ ਕੋਸ਼ਿਸ ਕਰ ਰਿਹਾ ਹੈ ਪਰ 1984 ਦੀ ਸਿੱਖ ਵਿਰੋਧੀ ਹਿੰਸਾ ਇਹ ਸਾਬਤ ਕਰਦੀ ਹੈ ਕਿ ਧਾਰਮਿਕ ਘੱਟਗਿਣਤੀਆਂ ਖ਼ਿਲਾਫ਼ ਹਿੰਸਾ ਦੇ ਮਾਮਲੇ ਵਿਚ ਕਾਂਗਰਸ ਪਾਰਟੀ ਭਾਜਪਾ ਨਾਲੋਂ ਵੱਖਰੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਅਸਲ ਵਿਚ ਕਾਂਗਰਸ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਹੀ ਸਿੱਖਾਂ, ਮੁਸਲਮਾਨਾਂ ਅਤੇ ਇਸਾਈਆਂ ਖ਼ਿਲਾਫ਼ ਲਗਾਤਾਰ ਹੋ ਰਹੀ ਹਿੰਸਾ ਦੀ ਪ੍ਰਮੁੱਖ ਜੜ ਹੈ। ਉਨ੍ਹਾਂ ਕਿਹਾ ਕਿ ਨਿਆਂਪਾਲਿਕਾ ਦੀ ਨਾਕਾਮੀ ਅਤੇ ਸਿੱਖਾਂ ਖ਼ਿਲਾਫ਼ ਨਿਸ਼ਾਨਾ ਬਣਾ ਕੇ ਕੀਤੀ ਗਈ ਹਿੰਸਾ ਕਾਰਨ ਪੰਜਾਬ ਦੀ ਆਜ਼ਾਦੀ ਦੀ ਮੰਗ ਉਠੀ ਹੈ। ਰਾਹੁਲ ਗਾਂਧੀ ਖ਼ਿਲਾਫ਼ ਇਹ ਰੈਲੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ, ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ., ਸਿੱਖ ਯੂਥ ਆਫ ਅਮਰੀਕਾ, ਦੋਆਬਾ ਸਿੱਖ ਐਸੋਸੀਏਸ਼ਨ ਵਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੇ ਸਹਿਯੋਗ ਨਾਲ ਕਰਵਾਈ ਗਈ ਸੀ।

## ਬੇਰੁਜ਼ਗਾਰੀ ਕਾਰਨ ਸੱਤਾ 'ਚ ਆਏ ਮੋਦੀ ਤੇ ਟਰੰਪ : ਰਾਹੁਲ ਗਾਂਧੀ

**ਪ੍ਰਿੰਸਟਨ/ਬਿਊਰੋ ਨਿਊਜ਼ :** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਇਥੇ ਕਿਹਾ ਕਿ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਲੋਕ ਬੇਰੁਜ਼ਗਾਰੀ ਕਾਰਨ ਉਪਜੀ ਨਿਰਾਸ਼ਾ ਕਰ ਕੇ ਨਰਿੰਦਰ ਮੋਦੀ ਤੇ ਡੋਨਲਡ ਟਰੰਪ ਵਰਗੇ ਆਗੂਆਂ ਦੀ ਚੋਣ ਕਰ ਰਹੇ ਹਨ। ਉਨ੍ਹਾਂ ਮੰਨਿਆ ਕਿ ਭਾਰਤ ਵਿੱਚ ਉਨ੍ਹਾਂ ਦੀ ਪਾਰਟੀ 2014 ਦੀਆਂ ਲੋਕ ਸਭਾ ਚੋਣਾਂ ਲੋੜੀਂਦੇ ਰੁਜ਼ਗਾਰ ਪੈਦਾ ਕਰਨ ਵਿੱਚ ਆਪਣੀ ਨਾਕਾਮੀ ਕਾਰਨ ਹੀ ਹਾਰੀ ਹੈ। ਅਮਰੀਕਾ ਦੇ ਆਪਣੇ ਦੋ ਹਫ਼ਤਿਆਂ ਦੇ ਦੌਰੇ ਦੌਰਾਨ ਸ੍ਰੀ ਗਾਂਧੀ (47 ਸਾਲ) ਇਥੇ ਵੱਕਾਰੀ ਪ੍ਰਿੰਸਟਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ।



ਉਨ੍ਹਾਂ ਕਿਹਾ ਕਿ ਭਾਰਤੀਆਂ ਦੇ ਸ਼ਕਤੀਕਰਨ, ਆਤਮਨਿਰਭਰਤਾ ਅਤੇ ਉਨ੍ਹਾਂ ਨੂੰ ਕੌਮ ਦੀ ਉਸਾਰੀ ਵਿੱਚ ਲਾਉਣ ਲਈ ਰੁਜ਼ਗਾਰ ਵੱਡਾ ਵਸੀਲਾ ਹੈ। ਉਨ੍ਹਾਂ ਕਿਹਾ, "ਮੇਰੇ ਖ਼ਿਆਲ ਵਿੱਚ, ਮੋਦੀ ਦੇ ਉਭਾਰ ਅਤੇ ਕਿਸੇ ਹੱਦ ਤੱਕ ਟਰੰਪ ਦੀ ਆਮਦ ਦਾ ਕੇਂਦਰੀ ਕਾਰਨ ਭਾਰਤ ਤੇ ਅਮਰੀਕਾ ਵਿੱਚ ਨੌਕਰੀਆਂ ਦਾ ਸਵਾਲ ਹੈ। ਸਾਡੀ ਆਬਾਦੀ ਦਾ ਵੱਡਾ ਹਿੱਸਾ ਅਜਿਹਾ ਹੈ, ਜਿਸ ਕੋਲ ਨੌਕਰੀਆਂ ਨਹੀਂ ਹਨ ਤੇ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਜਾਪਦਾ ਹੈ। ਅਤੇ ਉਨ੍ਹਾਂ ਨੇ ਹੀ ਅਜਿਹੇ ਲੋਕਾਂ ਦੀ ਹਮਾਇਤ ਕੀਤੀ ਹੈ।"

**ਅਸਹਿਣਸ਼ੀਲਤਾ ਨੇ ਭਾਰਤੀ ਅਕਸ ਨੂੰ ਕੀਤਾ ਖ਼ਰਾਬ :**

ਰਾਹੁਲ ਨੇ ਹਿੰਸਕ ਘਟਨਾਵਾਂ ਤੇ ਅਸਹਿਣਸ਼ੀਲਤਾ ਨੂੰ ਲੈ ਕੇ ਦੁਨੀਆ ਵਿਚ ਭਾਰਤ ਦੇ ਅਕਸ ਨੂੰ ਵਿਗਾੜਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਭਾਰਤ ਹਜ਼ਾਰਾਂ ਸਾਲਾਂ ਤੋਂ ਏਕਤਾ ਤੇ ਸ਼ਾਂਤੀ ਨਾਲ ਰਹਿਣ ਲਈ ਦੁਨੀਆ ਭਰ ਵਿਚ ਜਾਣਿਆ ਜਾਂਦਾ ਹੈ ਪਰ ਇਸ ਅਕਸ ਨੂੰ ਵਿਗਾੜਿਆ ਜਾ ਰਿਹਾ ਹੈ। ਦੇਸ਼ ਵਿਚ ਕੁੱਝ ਅਜਿਹੀਆਂ ਤਾਕਤਾਂ ਹਨ, ਜੋ ਭਾਰਤ ਨੂੰ ਵੰਡ ਰਹੀਆ ਹਨ।

**ਭਾਰਤ ਤੇ ਚੀਨ ਦੇਣਗੇ ਦੁਨੀਆ ਨੂੰ ਨਵਾਂ ਰੂਪ :**

ਰਾਹੁਲ ਗਾਂਧੀ ਨੇ ਕਿਹਾ ਕਿ ਦੋ ਵੱਡੇ ਏਸ਼ਿਆਈ ਅਰਥਚਾਰੇ ਭਾਰਤ ਤੇ ਚੀਨ ਹੀ ਆਪਣੇ ਵਿਕਾਸ ਦੇ ਵੱਖੋ-ਵੱਖਰੇ ਰਾਹਾਂ ਦੇ ਬਾਵਜੂਦ ਬੁਨਿਆਦੀ ਤੌਰ 'ਤੇ ਦੁਨੀਆ ਨੂੰ ਨਵਾਂ ਰੂਪ ਦੇਣਗੇ। ਉਨ੍ਹਾਂ ਕਿਹਾ ਕਿ ਸੰਸਾਰ ਦੇ ਇਨ੍ਹਾਂ ਦੋਵਾਂ ਸਭ ਤੋਂ ਵੱਧ ਆਬਾਦੀ ਵਾਲੇ ਮੁਲਕਾਂ ਵਿੱਚ 'ਸਹਿਯੋਗ ਤੇ ਮੁਕਾਬਲਾ' ਸਭ ਤੋਂ ਵੱਡਾ ਸਾਂਝਾ ਗੁਣ ਹੈ।

## ਪ੍ਰੋਫੈਸਰ ਸੁਖਪ੍ਰੀਤ ਕੌਰ ਬਰਾੜ ਦੀ ਗੁੰਮਸ਼ੁਦਗੀ ਮਾਮਲੇ ਦੇ ਸ਼ੱਕੀ ਜਜਿੰਦਰ ਗੈਰੀ ਵੱਲੋਂ ਖ਼ੁਦਕੁਸ਼ੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਹਾਇਕ ਪ੍ਰੋਫੈਸਰ ਸੁਖਪ੍ਰੀਤ ਕੌਰ ਬਰਾੜ ਦੇ ਲਾਪਤਾ ਹੋਣ ਦਾ ਮਾਮਲਾ ਹੋਰ ਉਲਝ ਗਿਆ ਹੈ, ਕਿਉਂਕਿ ਸੁਖਪ੍ਰੀਤ ਨੂੰ ਅਗਵਾ ਕਰਨ ਵਾਲੇ ਮਸ਼ਕੂਕਾਂ ਦੀ ਸੂਚੀ ਵਿੱਚ ਸ਼ਾਮਲ ਜਜਿੰਦਰ ਸਿੰਘ ਉਰਫ਼ ਗੈਰੀ ਨੇ ਖ਼ੁਦਕੁਸ਼ੀ ਕਰ ਲਈ ਹੈ। ਉਸ ਦੀ ਲਾਸ਼ ਮਹਾਰਾਸ਼ਟਰ ਦੇ ਇੱਕ ਹੋਟਲ ਦੇ ਕਮਰੇ ਵਿਚੋਂ ਮਿਲੀ ਹੈ। ਪੁਲੀਸ ਵੱਲੋਂ ਤਿਆਰ ਮਸ਼ਕੂਕਾਂ ਦੀ ਸੂਚੀ ਵਿੱਚ ਗੈਰੀ ਦਾ ਨਾਂ ਸਭ ਤੋਂ ਉਪਰ ਸੀ। ਉਸ ਦੀ ਕਾਰ ਹੋਟਲ ਤੋਂ 3 ਕਿਲੋਮੀਟਰ ਦੂਰ ਸੁੰਨਸਾਨ ਇਲਾਕੇ ਵਿੱਚੋਂ ਮਿਲੀ ਹੈ। ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੀ ਸਹਾਇਕ ਪ੍ਰੋਫੈਸਰ ਸੁਖਪ੍ਰੀਤ ਕੌਰ 11 ਸਤੰਬਰ ਤੋਂ ਲਾਪਤਾ ਹੈ। ਪੁਲੀਸ ਨੂੰ ਸੁਖਪ੍ਰੀਤ ਦੇ ਕਮਰੇ ਵਿੱਚੋਂ ਇੱਕ ਪੱਤਰ ਬਰਾਮਦ ਹੋਇਆ ਸੀ, ਜਿਸ ਵਿੱਚ ਉਸ ਨੇ ਜਜਿੰਦਰ ਸਿੰਘ ਉਰਫ਼ ਗੈਰੀ ਦਾ ਜ਼ਿਕਰ ਕੀਤਾ ਸੀ। ਉਸ ਨੇ ਲਿਖਿਆ ਸੀ ਕਿ ਉਹ ਆਪਣੀ ਉਧਾਰ ਦਿੱਤੀ ਰਕਮ ਵਾਪਸ ਲੈਣ ਲਈ ਗੈਰੀ ਨੂੰ ਮਿਲਣ ਜਾ ਰਹੀ ਹੈ ਤੇ ਕਿਸੇ ਵੀ ਅਣਹੋਣੀ ਲਈ ਗੈਰੀ ਜ਼ਿੰਮੇਵਾਰ ਹੋਵੇਗਾ। ਸੁਖਪ੍ਰੀਤ ਦੇ ਭਰਾ ਸੁਖਦੀਪ ਸਿੰਘ ਵੱਲੋਂ ਪੁਲੀਸ 'ਤੇ ਢਿੱਲੀ ਕਾਰਗੁਜ਼ਾਰੀ ਦੇ ਦੋਸ਼ ਲਾਏ ਜਾ ਰਹੇ ਹਨ। ਉਸ ਨੇ ਕਿਹਾ ਕਿ ਜਦੋਂ ਪੁਲੀਸ ਨੂੰ ਗੈਰੀ ਬਾਰੇ ਜਾਣਕਾਰੀ ਮਿਲ ਗਈ ਸੀ ਤਾਂ ਉਹ ਰੋਪੜ, ਚੰਡੀਗੜ੍ਹ, ਦਿੱਲੀ, ਜੈਪੁਰ ਲੰਘਦਾ ਹੋਇਆ ਮਹਾਰਾਸ਼ਟਰ ਤੱਕ ਕਿਵੇਂ ਪੁੱਜ ਗਿਆ। ਉਧਰ, ਪੁਲੀਸ ਦੇ ਡਿਪਟੀ ਕਮਿਸ਼ਨਰ ਜਗਮੋਹਨ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਸੂਚਨਾ ਮਿਲਣ ਵਾਲੇ ਦਿਨ ਤੋਂ ਹੀ ਦੋਵਾਂ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਪਰਿਵਾਰ ਵੱਲੋਂ ਅਗਵਾ ਹੋਣ ਦੀ ਸੂਚਨਾ 14 ਸਤੰਬਰ ਨੂੰ ਦਿੱਤੀ ਗਈ ਸੀ, ਜਦੋਂਕਿ ਉਹ 11 ਸਤੰਬਰ ਤੋਂ ਲਾਪਤਾ ਸੀ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਸੁਖਪ੍ਰੀਤ ਨੂੰ ਆਖਰੀ ਵਾਰ ਸੁਭਾਨਪੁਰ ਦੇ ਹੋਟਲ ਵਿੱਚ ਗੈਰੀ ਨਾਲ ਦੇਖਿਆ ਗਿਆ ਸੀ ਤੇ ਉਸ ਤੋਂ ਬਾਅਦ ਉਹ ਭੇਤਭਰੀ ਹਾਲਤ ਵਿੱਚ ਲਾਪਤਾ ਹੈ ਉਧਰ, ਗੈਰੀ ਦੇ ਪਿਤਾ ਬਲਦੇਵ ਸਿੰਘ ਨੇ ਆਖਿਆ ਕਿ ਗੈਰੀ ਨੇ ਦੱਸਿਆ ਸੀ ਕਿ ਸੁਖਪ੍ਰੀਤ ਨੇ ਉਸ ਨੂੰ ਅੰਮ੍ਰਿਤਸਰ ਬੁਲਾਇਆ ਹੈ ਤੇ ਉਹ ਛੇਤੀ ਹੀ ਪਰਤ ਆਵੇਗਾ। 12 ਸਤੰਬਰ ਨੂੰ ਉਸ ਨਾਲ ਫੋਨ 'ਤੇ ਗੱਲ ਹੋਈ ਸੀ ਅਤੇ ਉਸ ਨੇ ਆਖਿਆ ਸੀ ਕਿ ਉਹ ਵਾਪਸ ਆ ਰਿਹਾ ਹੈ, ਪਰ ਮਗਰੋਂ ਉਸ ਦਾ ਫੋਨ ਬੰਦ ਹੋ ਗਿਆ।



## ਪਰਥ ਵਿਚ ਕਾਰ ਤੇ ਟਰੱਕ ਵਿਚਾਲੇ ਟੱਕਰ 'ਚ ਸਿੱਖ ਪ੍ਰਚਾਰਕ ਦੀ ਮੌਤ

**ਐਡੀਲੇਡ/ਬਿਊਰੋ ਨਿਊਜ਼ :** ਵੈਸਟਰਨ ਆਸਟਰੇਲੀਆ ਸੂਬੇ ਦੇ ਸ਼ਹਿਰ ਪਰਥ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਸਿੱਖ ਪ੍ਰਚਾਰਕ ਦੀ ਮੌਤ ਹੋ ਗਈ ਅਤੇ ਕਾਰ ਚਾਲਕ ਗੰਭੀਰ ਜ਼ਖ਼ਮੀ ਹੋ ਗਿਆ। ਚੰਡੀਗੜ੍ਹ ਨਾਲ ਸਬੰਧਤ ਗੁਰਦੀਪ ਸਿੰਘ (65 ਸਾਲ) ਪਿਛਲੇ ਕੁਝ ਸਮੇਂ ਤੋਂ ਆਪਣੇ ਪੁੱਤਰ ਨੂੰ ਮਿਲਣ ਆਇਆ ਹੋਇਆ ਸੀ। ਗੁਰਦੀਪ ਸਿੰਘ, ਉਸ ਦਾ ਭਰਾ ਅਤੇ ਭਤੀਜਾ ਸ਼ਹਿਰ ਨੇੜਲੀ ਬੀਚ ਤੋਂ ਵਾਪਸ ਆ ਰਹੇ ਸਨ ਕਿ ਸੜਕ 'ਤੇ ਰੁਕੇ ਟਰੱਕ ਪਿੱਛੇ ਉਨ੍ਹਾਂ ਦੀ ਕਾਰ ਵੀ ਰੁਕ ਗਈ। ਇਸ ਦੌਰਾਨ ਪਿਛਲੇ ਪਾਸਿਓਂ ਤੇਜ਼ ਰਫ਼ਤਾਰ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰੀ ਅਤੇ ਕਾਰ ਦੋਹਾਂ ਟਰੱਕਾਂ ਵਿਚਾਲੇ ਆ ਗਈ। ਹਾਦਸਾਗ੍ਰਸਤ ਕਾਰ ਵਿੱਚੋਂ ਸਵਾਰਾਂ ਨੂੰ ਕੱਢਣ ਲਈ ਬਚਾਅ ਕਰਮੀਆਂ ਨੂੰ ਘੰਟੇ ਤੋਂ ਉਪਰ ਸਮਾਂ ਲੱਗਿਆ। ਹਾਦਸੇ ਵਿੱਚ ਗੁਰਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦੇ ਭਰਾ ਤੇ ਕਾਰ ਚਲਾ ਰਹੇ ਨੌਜਵਾਨ ਦੇ ਗੰਭੀਰ ਸੱਟਾਂ ਲੱਗੀਆਂ ਹਨ ਕਾਰ ਨੂੰ ਟੱਕਰ ਮਾਰਨ ਵਾਲੇ ਟਰੱਕ ਦਾ ਚਾਲਕ ਵੀ ਪੰਜਾਬੀ ਮੂਲ ਦਾ 21 ਸਾਲ ਦਾ ਅੰਮ੍ਰਿਤਪਾਲ ਸਿੱਧੂ ਹੈ, ਜਿਸ ਵਿਰੁੱਧ ਪੁਲੀਸ ਨੇ ਮੌਤ ਦਾ ਕਾਰਨ ਬਣੀ ਖ਼ਤਰਨਾਕ ਡਰਾਇਵਰੀ ਕਰਨ ਸਮੇਤ ਦੋ ਹੋਰ ਦੋਸ਼ਾਂ ਤਹਿਤ ਕੇਸ ਦਰਜ ਕਰਨ ਮਗਰੋਂ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ। ਵਰਕਿੰਗ ਵੀਜ਼ੇ 'ਤੇ ਆਸਟਰੇਲੀਆ ਵਿੱਚ ਰਹਿ ਰਹੇ ਅੰਮ੍ਰਿਤਪਾਲ ਨੂੰ ਜ਼ਮਾਨਤ ਮਿਲ ਗਈ ਹੈ।



## ਨਸਲਵਾਦ ਦੇ ਖ਼ਾਤਮੇ ਤੇ ਸਰਬੱਤ ਦੇ ਭਲੇ ਲਈ ਅਮਰੀਕਾ 'ਚ ਯਾਦਗਾਰ ਸਥਾਪਤ

**ਕਨੈਕਟੀਕਟ/ਬਿਊਰੋ ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਜ਼ੋਨ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਤੇ ਮੈਂਬਰ ਪਲੈਨਿੰਗ ਬੋਰਡ, ਨਾਰਵਿਚ ਕਨੈਕਟੀਕਟ ਯੂ.ਐੱਸ.ਏ. ਨੇ ਦੱਸਿਆ ਕਿ ਨਾਰਵਿਚ ਕਨੈਕਟੀਕਟ (ਨਾਰਵਿਚ) ਸਮੁੰਦਰ ਕੰਢੇ 'ਤੇ ਸਾਂਝੀਵਾਲਤਾ ਨੂੰ ਸਮਰਪਿਤ ਯਾਦਗਾਰ ਬਣਾਈ ਗਈ ਹੈ, ਜੋ ਕਿ ਸਿਟੀ ਆਫ ਨਾਰਵਿਚ ਤੋਂ ਇਜਾਜ਼ਤ ਲੈ ਕੇ ਉਸਾਰੀ ਗਈ ਹੈ। ਸ. ਖ਼ਾਲਸਾ ਨੇ ਦੱਸਿਆ ਕਿ ਇਸ ਯਾਦਗਾਰ ਵਿੱਚ ਰੋਟਰੀ ਕਲੱਬ ਸਟੇਟ ਅਮਰੀਕਾ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਯਾਦਗਾਰ ਵਿਸ਼ਵ ਸ਼ਾਂਤੀ ਤੇ ਸਮੁੱਚੇ ਭਾਈਚਾਰੇ ਦੀ ਪ੍ਰਤੀਕ ਹੈ। ਇਸ ਯਾਦਗਾਰ ਵਿੱਚ 4 ਪੋਲ ਲਗਾਏ ਗਏ ਹਨ। ਇੱਕ ਪੋਲ ਵਿਚ 8 ਭਾਸ਼ਾਵਾਂ ਆ ਜਾਂਦੀਆਂ ਹਨ। ਇਸ ਤਰ੍ਹਾਂ 32 ਭਾਸ਼ਾਵਾਂ ਨੂੰ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣ ਲਈ ਵਰਤੋਂ ਵਿੱਚ ਲਿਆਂਦਾ ਗਿਆ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਜ਼ੋਨ ਦੇ ਪ੍ਰਧਾਨ ਨੇ ਦੱਸਿਆ ਕਿ ਇਹੋ ਜਿਹੇ ਪੋਲ ਹੋਰ ਮੁਲਕਾਂ ਵਿੱਚ ਵੀ ਮੌਜੂਦ ਹਨ। ਪਰ ਅਮਰੀਕਾ ਪਹਿਲਾ ਮੁਲਕ ਹੈ, ਜਿਸ ਵਿੱਚ ਸਿੱਖਾਂ ਤੇ ਪੰਜਾਬੀਆਂ ਵੱਲੋਂ ਵਿਸ਼ਵ ਸ਼ਾਂਤੀ ਦਾ ਸੁਨੇਹਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਿੱਖ ਅਰਦਾਸ ਵਿੱਚ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਉੱਚਾਰਨ ਕਰਦੇ ਹਨ, ਜਿਸ ਤੋਂ ਬਿਨਾਂ ਸਿੱਖ ਅਰਦਾਸ ਸੰਪੂਰਨ ਨਹੀਂ ਹੁੰਦੀ। ਇਹ ਲਾਈਨਾਂ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਇਸ ਪੋਲ ਉੱਪਰ ਅੰਕਿਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨਸਲਵਾਦ ਨੂੰ ਖ਼ਤਮ ਕਰਨ ਲਈ ਤੇ ਵਿਸ਼ਵ ਭਾਈਚਾਰਾ ਮਜ਼ਬੂਤ ਕਰਨ ਲਈ ਕੀਤਾ ਗਿਆ।



## ਪਾਕਿਸਤਾਨ ਵਿਚ ਹੀ ਹੈ ਦਾਊਦ : ਇਕਬਾਲ ਕਾਸਕਰ

### 'ਅਮਰੀਕਾ ਤੇ ਅਫ਼ਰੀਕਾ 'ਚ ਫੈਲਾ ਰਿਹੈ ਡਰੱਗ ਦਾ ਧੰਦਾ'

**ਮੁੰਬਈ/ਬਿਊਰੋ ਨਿਊਜ਼ :** ਭਾਰਤ ਵਿਚੋਂ ਭਗੌੜੇ 2003 ਦੇ ਮੁੰਬਈ ਬੰਬ ਧਮਾਕਿਆਂ ਦੇ ਦੋਸ਼ੀ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਪਾਕਿਸਤਾਨ ਵਿਚਲੇ ਟਿਕਾਣੇ ਦਾ ਪਤਾ ਲੱਗ ਗਿਆ ਹੈ। ਇਹ ਖੁਲਾਸਾ ਕਿਸੇ ਹੋਰ ਨੇ ਨਹੀਂ ਬਲਕਿ ਉਸ ਦੇ ਭਰਾ ਇਕਬਾਲ ਕਾਸਕਰ ਨੇ ਕੀਤਾ ਹੈ। ਪੁਲੀਸ ਵੱਲੋਂ ਕੀਤੀ ਪੁੱਛਗਿੱਛ ਦੌਰਾਨ ਇਕਬਾਲ ਕਾਸਕਰ ਨੇ ਦੱਸਿਆ ਕਿ ਦਾਊਦ ਇਬਰਾਹੀਮ ਪਾਕਿਸਤਾਨ ਵਿਚ ਰਹਿ ਰਿਹਾ ਹੈ। ਉਸ ਨੇ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਪਾਕਿਸਤਾਨ ਵਿਚ ਦਾਊਦ ਇਬਰਾਹੀਮ ਦੀ ਸੁਰੱਖਿਆ ਵਿਚ 50 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਇਕਬਾਲ ਕਾਸਕਰ ਨੇ ਦੱਸਿਆ ਕਿ 2014 ਦੇ ਬਾਅਦ ਤੋਂ ਹੀ ਪਾਕਿਸਤਾਨ ਦੇ ਅੰਦਰ ਹੀ ਦਾਊਦ ਨੇ ਚਾਰ ਟਿਕਾਣੇ ਬਦਲੇ ਹਨ। ਇਕਬਾਲ ਕਾਸਕਰ ਨੇ ਦੱਸਿਆ ਕਿ ਦਾਊਦ ਇਨ੍ਹੀਂ ਦਿਨੀਂ ਡਰੱਗ ਦੇ ਧੰਦੇ ਵਿਚ ਪੈਸੇ ਲਗਾ ਰਿਹਾ ਹੈ। ਉਸ ਨੇ ਦੱਸਿਆ ਕਿ ਦਾਊਦ ਲਾਤੀਨੀ ਅਮਰੀਕਾ ਅਤੇ ਅਫ਼ਰੀਕੀ ਦੇਸ਼ਾਂ ਵਿਚ ਆਪਣੇ ਕਾਰੋਬਾਰ ਨੂੰ ਫੈਲਾਅ ਰਿਹਾ ਹੈ। ਉਸ ਨੇ ਸਥਾਨਕ ਡਰੱਗ ਸਪਲਾਈ ਕਰਨ ਵਾਲਿਆਂ ਨਾਲ ਗਠਜੋੜ ਕਰ ਲਿਆ ਹੈ। ਅਫ਼ਗਾਨਿਸਤਾਨ ਦੇ ਨਾਲ ਪਾਕਿਸਤਾਨ ਦੇ ਸਬੰਧ ਵਿਗੜਨ ਦੇ ਬਾਅਦ ਦਾਊਦ ਨੇ ਅਫ਼ਰੀਕੀ ਦੇਸ਼ਾਂ ਨੂੰ ਆਪਣੇ ਕਾਲੇ ਧੰਦੇ ਦਾ ਨਵਾਂ ਟਿਕਾਣਾ ਬਣਾਇਆ ਹੈ। ਦਾਊਦ ਦੀ ਡੀ ਕੰਪਨੀ ਨੇ ਪੂਰੀ ਦੁਨੀਆ ਵਿਚ ਕਰੀਬ 20 ਹਜ਼ਾਰ ਕਰੋੜ ਦਾ ਕਾਰੋਬਾਰ ਖੜ੍ਹਾ ਕਰ ਲਿਆ ਹੈ। ਅਫ਼ਗਾਨਿਸਤਾਨ, ਰੂਸ ਅਤੇ ਇੰਗਲੈਂਡ ਵਿਚ ਵੀ ਦਾਊਦ ਦਾ ਕਾਰੋਬਾਰ ਹੈ।



ਮੁੰਬਈ 'ਚ ਦਾਊਦ ਇਬਰਾਹੀਮ (ਹਾਸ਼ੀਏ 'ਚ) ਦੇ ਭਰਾ ਇਕਬਾਲ ਕਾਸਕਰ ਨੂੰ ਪੁੱਛਗਿੱਛ ਲਈ ਲੈ ਕੇ ਜਾਂਦੇ ਹੋਏ ਪੁਲਿਸ ਅਧਿਕਾਰੀ

ਚੀਨ ਵਿਚ ਕੱਪੜਿਆਂ ਦੇ ਕਾਰੋਬਾਰ 'ਚ ਵੀ ਦਾਊਦ ਨੇ ਨਿਵੇਸ਼ ਕੀਤਾ ਹੈ। ਨਿਪਾਲ ਦੀਆਂ ਬੈਂਕਾਂ ਅਤੇ ਸ਼ੇਅਰ ਬਾਜ਼ਾਰ ਵਿਚ ਵੀ ਉਹ ਨਿਵੇਸ਼ ਕਰਦਾ ਹੈ। ਡੀ ਕੰਪਨੀ ਨੇ ਨਾਈਜੀਰੀਆ ਵਿਚ ਬੋਕੋ ਹਰਮ ਨਾਲ ਹੱਥ ਮਿਲਾਇਆ ਹੈ। ਪੱਛਮੀ ਏਸ਼ੀਆ ਦੇ ਸ਼ਾਪਿੰਗ ਮਾਲਜ਼, ਸੀਮਿੰਟ ਕੰਪਨੀਆਂ ਅਤੇ ਤੇਲ ਕੰਪਨੀਆਂ ਵਿਚ ਪੈਸੇ ਲਗਾਏ ਹਨ। ਕਰਾਚੀ ਸਟਾਕ ਐਕਸਚੇਂਜ ਅਤੇ ਪਾਕਿਸਤਾਨੀ ਕੰਸਟ੍ਰਕਸ਼ਨ ਕੰਪਨੀਆਂ ਵਿਚ ਵੀ ਨਿਵੇਸ਼ ਕੀਤਾ ਹੈ।

## ਬੇਕਰਸਫੀਲਡ ਦੀ ਸਰਦਾਰਨੀ ਸੁਰਜੀਤ ਕੌਰ ਖੁਰਾਣਾ ਦਾ ਦੇਹਾਂਤ

***ਸਸਕਾਰ ਤੇ ਅੰਤਿਮ ਅਰਦਾਸ 23 ਸਤੰਬਰ, ਸ਼ਨਿੱਚਰਵਾਰ ਨੂੰ***

**ਬੇਕਰਸਫੀਲਡ/ਬਿਊਰੋ ਨਿਊਜ਼ :** ਗੁਰੂਘਰ ਦੀ ਸੇਵਾ ਵਿਚ ਮਗਨ ਰਹਿਣ ਵਾਲੀ ਸਰਦਾਰਨੀ ਸੁਰਜੀਤ ਕੌਰ ਖੁਰਾਣਾ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪਤੀ ਸ. ਅਜੀਤ ਸਿੰਘ ਖੁਰਾਣਾ, ਪੁੱਤਰ ਡਾ. ਮਨਬੀਰ ਸਿੰਘ, ਸਤਨਾਮ ਸਿੰਘ, ਧੀਆਂ



ਉਰਮਿੰਦਰ ਕੌਰ, ਮਨਦੀਪ ਕੌਰ, ਸੁਰਿੰਦਰ ਕੌਰ ਤੇ 12 ਪੋਤੇ-ਪੋਤੀਆਂ ਦਾ ਪਰਿਵਾਰ ਛੱਡ ਗਏ ਹਨ। ਉਹ ਪਿਛੋਂ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਹਨ ਤੇ ਸੰਨ1989 ਵਿਚ ਕਰਨ ਕਾਉਂਟੀ ਆ ਕੇ ਵੱਸ ਗਏ ਸਨ। ਉਨ੍ਹਾਂ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਪਿੰਡ ਲਸੂੜੀ ਵਿਚ ਹੋਇਆ। ਉਹ 5 ਭੈਣਾਂ ਵਿਚੋਂ ਸਭ ਤੋਂ ਛੋਟੇ ਸਨ। ਉਨ੍ਹਾਂ ਦੇ 3 ਭਰਾ ਸੀ।

ਸਰਦਾਰਨੀ ਸੁਰਜੀਤ ਕੌਰ ਦਾ ਅੰਤਿਮ ਸੰਸਕਾਰ 23 ਸਤੰਬਰ, ਸ਼ਨਿੱਚਰਵਾਰ ਨੂੰ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ ਗਰੀਨਲਾਨ ਮੌਰਚਰੀ ਸਾਊਥ ਵੈਸਟ, ਸੈਲੀਬਰੇਸ਼ਨ ਆਫ਼ ਲਾਈਫ਼ (ਬਿਲਡਿੰਗ ਡੀ), 2739 ਪਨਾਮਾ ਲੇਨ, ਬੇਕਰਸਫੀਲਡ, ਕੈਲੀਫੋਰਨੀਆ 93313 ਵਿਖੇ ਹੋਵੇਗਾ। ਕੀਰਤਨ ਅਤੇ ਅੰਤਿਮ ਅਰਦਾਸ ਸ਼ਾਮ 5.30 ਵਜੇ ਤੋਂ 6.00 ਵਜੇ ਤਕ ਗੁਰਦੁਆਰਾ ਗੁਰੂ ਅੰਗਦ ਦਰਬਾਰ, 8100 ਸਟਾਈਨ ਰੋਡ, ਬੇਕਰਸਫੀਲਡ, ਕੈਲੀਫੋਰਨੀਆ 93313 ਵਿਖੇ ਹੋਵੇਗੀ। ਇਸ ਤੋਂ ਬਾਅਦ ਲੰਗਰ ਵਰਤਾਇਆ ਜਾਵੇਗਾ।

# ਸਿੱਖ ਕੌਮ ਨੂੰ ਮੌਜੂਦਾ ਸਮੇਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ

### *ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਤੇ ਗੁਰਦੁਆਰਾ ਸੰਤ ਸਾਗਰ ਵਲੋਂ ਵਿਸ਼ੇਸ਼ ਸੈਮੀਨਾਰ*



**ਨਿਊਯਾਰਕ/ਬਿਊਰੋ ਨਿਊਜ਼:** ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸੰਤ ਸਾਗਰ ਵਿਖੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਕੌਮੀ ਸਮੱਸਿਆਵਾਂ ਦੇ ਹੱਲ ਅਤੇ ਚਿੰਤਨ ਲਈ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸੰਗਤ ਨੇ ਵਧ ਚੜ੍ਹ ਕੇ ਹਾਜ਼ਰੀ ਲਵਾਈ। ਇਸ ਸੈਮੀਨਾਰ ਵਿੱਚ ਮੁੱਖ ਤੌਰ 'ਤੇ ਭਾਰਤ ਅੰਦਰ ਸਿੱਖਾਂ ਨਾਲ ਪਿਛਲੇ ਕਈ ਦਹਾਕਿਆਂ ਤੋਂ ਹੁੰਦੇ ਆ ਰਹੇ ਧੱਕੇ ਦਾ ਮੁੱਦਾ ਭਾਰੂ ਰਿਹਾ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਪੱਤਰਕਾਰ ਸੁਰਿੰਦਰ ਸਿੰਘ ਨੇ ਕਿਹਾ ਕਿ ਅੱਜ ਹਾਲਾਤ ਇਹ ਬਣਾ ਦਿੱਤੇ ਗਏ ਹਨ ਕਿ ਪੰਜਾਬ ਦੀ ਧਰਤੀ 'ਤੇ ਸਾਡੇ ਇਸ਼ਟ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ 'ਤੇ ਸਵਾਲੀਆ ਚਿੰਨ੍ਹ ਲੱਗਾ ਹੋਇਆ ਹੈ। ਸਿੱਖਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਉਹਨਾਂ ਵਿੱਚ ਭੰਬਲਭੂਸਾ ਪੈਦਾ ਕੀਤਾ ਜਾ ਰਿਹਾ ਹੈ। ਸਾਡਾ ਦੁਸ਼ਮਣ ਨਹੀਂ ਚਾਹੁੰਦਾ ਕਿ ਅਸੀਂ ਹੱਕੀ ਮੰਗਾਂ ਲਈ ਇੱਕਮੁਠ ਹੋ ਕੇ ਲਾਮਬੰਦ ਹੋਈਏ, ਇਸ ਲਈ ਸਾਡੇ ਵਿੱਚ ਨਿਰਅਧਾਰ ਗੱਲਾਂ ਨੂੰ ਲੈ ਕੇ ਟਕਰਾਅ ਦੀ ਸਥਿਤੀ ਬਣਾ ਦਿੱਤੀ ਜਾਂਦੀ ਹੈ। ਪਾਣੀਆਂ ਦਾ ਮਸਲਾ, ਭਾਸ਼ਾ ਦਾ ਮਸਲਾ ਅਤੇ ਰਾਜਨੀਤਕ ਗੁਲਾਮੀ ਦਾ ਮਸਲਾ ਸਾਡੀ ਅਸਲ ਸਮੱਸਿਆ ਹੈ, ਜਿਨ੍ਹਾਂ ਤੋਂ ਸਾਡਾ ਧਿਆਨ ਭਟਕਾਇਆ ਜਾ ਰਿਹਾ ਹੈ।

ਸੁਰਿੰਦਰ ਸਿੰਘ ਤੋਂ ਬਾਅਦ ਡਾ. ਅਮਰਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਨੂੰ ਬਿਮਾਰੀ ਦੇ ਲੱਛਣਾਂ ਵੱਲ ਧਿਆਨ ਦੇਣ ਦੀ ਥਾਂ 'ਤੇ ਬਿਮਾਰੀ ਦੀ ਜੜ੍ਹ ਵੱਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਸਾਡਾ ਦੁਸ਼ਮਣ ਬ੍ਰਾਹਮਣਵਾਦੀ ਵਿਚਾਰਧਾਰਾ ਹੈ। ਬ੍ਰਾਹਮਣਵਾਦ ਨੇ ਪਹਿਲਾਂ ਭਾਰਤ ਦੀ ਧਰਤੀ ਤੋਂ ਬੁੱਧ ਧਰਮ ਦਾ ਖਾਤਮਾ ਕੀਤਾ ਅਤੇ ਅੱਜ ਸਿੱਖੀ ਨੂੰ ਖਤਮ ਕਰਨ ਦੀਆਂ ਡੂੰਘੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਾਡੇ ਦੁਸ਼ਮਣ ਨੂੰ ਵੀ ਪਤਾ ਹੈ ਕਿ ਮਹਾਤਮਾ ਬੁੱਧ ਤੋਂ ਬਾਅਦ ਭਾਰਤ ਦੀ ਧਰਤੀ 'ਤੇ ਸਿਰਫ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੇ ਹੀ ਬ੍ਰਾਹਮਣਵਾਦ ਨੂੰ ਚੁਣੌਤੀ ਦਿੱਤੀ। ਸਿੱਖੀ, ਵਰਣ-ਆਸ਼ਰਮ ਜਾਤ-ਪਾਤ 'ਤੇ ਅਧਾਰਿਤ ਵਿਚਾਰਧਾਰਾ ਲਈ ਵੱਡਾ ਖਤਰਾ ਹੈ। ਅੱਜ ਲੋੜ ਹੈ ਕਿ ਸਿੱਖ ਸੁਹਿਰਦਤਾ ਨਾਲ ਬ੍ਰਾਹਮਣਵਾਦ

ਬਾਕੀ ਸਫ਼ਾ 31 'ਤੇ

# ਜੱਸੀ ਦੀ ਮਾਂ ਅਤੇ ਮਾਮੇ ਦੀ ਹਵਾਲਗੀ 'ਤੇ ਲੱਗੀ ਰੋਕ

### *ਕੈਨੇਡੀਅਨ ਸੁਪਰੀਮ ਕੋਰਟ ਨੇ ਐਨ ਮੌਕੇ 'ਤੇ ਜਹਾਜ਼ ਤੋਂ ਉਤਰਵਾਇਆ*

**ਚੰਡੀਗੜ੍ਹ/ਬਿਊਰੋ ਨਿਊਜ਼:** ਬਹੁ ਚਰਚਿਤ ਜੱਸੀ ਕਤਲ ਕੇਸ 'ਚ ਸਮੇਂ ਨਵਾਂ ਮੋੜ ਆ ਗਿਆ ਜਦੋਂ ਕੈਨੇਡਾ ਦੀ ਸੁਪਰੀਮ ਕੋਰਟ ਨੇ ਦੋ ਮੁੱਖ ਮੁਲਜ਼ਮਾਂ ਜੱਸੀ ਦੀ ਮਾਂ ਮਲਕੀਤ ਕੌਰ ਅਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਨੂੰ ਪੰਜਾਬ ਪੁਲੀਸ ਨਾਲ ਭਾਰਤ ਭੇਜਣ ਤੋਂ ਰੋਕ ਦਿੱਤਾ। ਜਿਵੇਂ ਹੀ ਵੀਰਵਾਰ ਨੂੰ ਜਹਾਜ਼ ਦੋਹਾਂ ਨੂੰ ਲੈ ਕੇ ਭਾਰਤ ਲਈ ਉੱਡਣ ਲੱਗਿਆ ਤਾਂ ਕੈਨੇਡਾ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਹਵਾਲਗੀ 'ਤੇ ਰੋਕ ਲਾ ਦਿੱਤੀ। ਸੁਪਰੀਮ ਕੋਰਟ ਨੇ ਐਲਾਨ ਕੀਤਾ ਕਿ ਉਹ ਹਵਾਲਗੀ ਮਾਮਲੇ ਦੀ ਨਜ਼ਰਸਾਨੀ ਕਰੇਗਾ ਕਿਉਂਕਿ ਭਾਰਤ 'ਚ ਕੁਝ ਫੇਸਬੁੱਕ ਪੋਸਟਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਦੋਵੇਂ ਮੁਲਜ਼ਮਾਂ ਨੂੰ ਛੇਤੀ ਸਜ਼ਾ ਸੁਣਾ ਦਿੱਤੀ ਜਾਵੇਗੀ। ਉਂਜ ਹਵਾਲਗੀ ਸੰਧੀ ਤਹਿਤ ਭਾਰਤ ਸਰਕਾਰ ਨਿਰਪੱਖ ਮੁਕੱਦਮੇ ਦਾ ਭਰੋਸਾ ਦਿੰਦੀ ਹੈ ਪਰ ਫੇਸਬੁੱਕ ਪੋਸਟਾਂ 'ਚ ਦਾਅਵਾ ਇਸ ਦੇ ਉਲਟ ਕੀਤਾ ਜਾ ਰਿਹਾ ਹੈ। ਪੰਜਾਬ ਪੁਲੀਸ ਅਧਿਕਾਰੀਆਂ ਨੇ ਇਥੇ ਕਿਹਾ,



"ਕੈਨੇਡੀਅਨ ਅਧਿਕਾਰੀਆਂ ਨੇ ਦੋਵੇਂ ਮੁਲਜ਼ਮਾਂ ਅਤੇ ਪੰਜਾਬ ਪੁਲੀਸ ਦੀ ਟੀਮ ਨੂੰ ਆਖਰੀ ਪਲਾਂ 'ਚ ਜਹਾਜ਼ ਤੋਂ ਉਤਾਰ ਲਿਆ। ਉਨ੍ਹਾਂ ਕੈਨੇਡਾ ਸਰਕਾਰ ਦੀ ਇਜਾਜ਼ਤ ਮਗਰੋਂ ਹੀ ਜਹਾਜ਼ ਫੜਿਆ ਸੀ।" ਉਨ੍ਹਾਂ ਨੂੰ ਅਦਾਲਤ ਦੇ ਨਵੇਂ ਹੁਕਮਾਂ ਅਤੇ ਫੇਸਬੁੱਕ ਪੋਸਟਾਂ ਸਬੰਧੀ ਅਧੂਰੇ ਵੇਰਵੇ ਹਾਸਲ ਹੋਏ ਹਨ। ਪੁਲੀਸ ਅਧਿਕਾਰੀਆਂ ਨੇ ਕਿਹਾ,"ਅਸੀਂ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਬਦੇਸ਼ਾ ਨੂੰ ਕੱਲ ਹਿਰਾਸਤ 'ਚ ਲੈ ਲਿਆ ਸੀ। ਅਸੀਂ ਆਪਣੀ ਟੀਮ ਅਤੇ ਕੈਨੇਡੀਅਨ ਪੁਲੀਸ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਦੋਵੇਂ ਮੁਲਕਾਂ ਵਿਚਕਾਰ ਸਮੇਂ ਦਾ ਫਰਕ ਹੋਣ ਕਰਕੇ ਸੰਪਰਕ ਬਣਾਉਣ 'ਚ ਦੇਰੀ ਹੋ ਰਹੀ ਹੈ।" ਜੇਕਰ ਸਭ ਕੁਝ ਠੀਕ ਰਹਿੰਦਾ ਤਾਂ ਪੰਜਾਬ ਪੁਲੀਸ ਦੀ ਟੀਮ ਨੇ ਵੀਰਵਾਰ ਸਵੇਰੇ 9:00 ਵਜੇ ਨਵੀਂ ਦਿੱਲੀ ਪਹੁੰਚ ਜਾਣਾ ਸੀ ਅਤੇ ਦੋਹਾਂ ਨੂੰ ਸ਼ੁੱਕਰਵਾਰ ਨੂੰ ਸੰਗਰੂਰ ਦੇ ਜੱਜ ਮੂਹਰੇ ਪੇਸ਼ ਕਰਨਾ ਸੀ।

Hassle Free Buying and Selling!

Real EstateWe can Help to Buy and Sell Your Home.

Statewide REALTY & MORTGAGE

BRE# 01929644

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



2161 SQ Feet home Natomas Sacramento
3 BR 2.5 bath with loft available for $389,000



Kulwinder Kaur K.D.
Cell 916-212-0123
e-mail kdkaur9@yahoo.com

CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !

Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਟਰੰਪ ਨੇ ਉੱਤਰੀ ਕੋਰੀਆ ਉੱਤੇ ਵੀ ਯਾਤਰਾ ਪਾਬੰਦੀਆਂ ਲਾਈਆਂ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉੱਤਰੀ ਕੋਰੀਆ ਸਣੇ ਅੱਠ ਮੁਲਕਾਂ ਦੇ ਨਾਗਰਿਕਾਂ ਉਤੇ ਯਾਤਰਾ ਪਾਬੰਦੀ ਬਾਰੇ ਨਵੇਂ ਹੁਕਮ ਜਾਰੀ ਕੀਤੇ ਹਨ। ਆਲੋਚਕਾਂ ਵੱਲੋਂ 'ਮੁਸਲਿਮ ਪਾਬੰਦੀ' ਗਰਦਾਨੀ ਜਾ ਰਹੀ ਇਸ ਯਾਤਰਾ ਪਾਬੰਦੀ ਵਾਲੀ ਸੂਚੀ ਵਿੱਚ ਵਾਧਾ ਕੀਤਾ ਗਿਆ ਹੈ।

ਸ਼ੁਰੂ ਵਿੱਚ ਮੁਸਲਿਮ ਬਹੁਗਿਣਤੀ ਵਾਲੇ ਛੇ ਮੁਲਕਾਂ ਤੋਂ ਯਾਤਰਾ ਉਤੇ ਪਾਬੰਦੀ ਸੀ। ਹੁਣ ਇਨ੍ਹਾਂ ਹੁਕਮਾਂ ਦੀ ਮਿਆਦ ਮੁੱਕਣ ਉਤੇ ਟਰੰਪ ਨੇ ਨਵੇਂ ਹੁਕਮ ਜਾਰੀ ਕੀਤੇ ਹਨ। 18 ਅਕਤੂਬਰ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਵਿੱਚ ਸੋਮਾਲੀਆ, ਯਮਨ, ਸੀਰੀਆ, ਲਿਬੀਆ ਤੇ ਇਰਾਨ ਤੋਂ ਇਲਾਵਾ ਉੱਤਰੀ ਕੋਰੀਆ, ਚਾਡ ਅਤੇ ਵੈਨੇਜ਼ੁਏਲਾ ਨੂੰ ਸ਼ਾਮਲ ਕੀਤਾ ਗਿਆ ਹੈ। ਟਰੰਪ ਦੇ ਅਸਲ ਯਾਤਰਾ ਪਾਬੰਦੀ ਵਾਲੇ ਹੁਕਮ ਉਤੇ ਉਨ੍ਹਾਂ ਦੇ ਰਾਸ਼ਟਰਪਤੀ ਵਜੋਂ ਮੁੱਢਲੇ ਦਿਨਾਂ ਵਿੱਚ ਐਕਜ਼ੀਕਿਊਟਿਵ ਹੁਕਮ ਵਜੋਂ ਦਸਤਖ਼ਤ ਕੀਤੇ ਗਏ ਸਨ। ਨਵੀਂ ਸੂਚੀ ਵਿੱਚ ਸੂਡਾਨ ਨੂੰ ਛੱਡ ਦਿੱਤਾ ਗਿਆ ਅਤੇ ਇਰਾਕੀ ਨਾਗਰਿਕਾਂ ਨੂੰ ਵਾਧੂ ਨਿਗਰਾਨੀ ਵਿੱਚੋਂ ਲੰਘਣਾ ਪਵੇਗਾ ਪਰ ਉਨ੍ਹਾਂ ਉਤੇ ਪੂਰੀ ਤਰ੍ਹਾਂ ਮਨਾਹੀ ਨਹੀਂ ਹੋਵੇਗੀ। ਰਾਸ਼ਟਰਪਤੀ ਨੇ ਕਿਹਾ, "ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਕੀਤੀ ਵਿਸਤ੍ਰਿਤ ਸਮੀਖਿਆ ਮਗਰੋਂ ਅਸੀਂ ਅਮਰੀਕੀਆਂ ਦੀ ਸੁਰੱਖਿਆ ਲਈ ਕਦਮ ਚੁੱਕ ਰਹੇ ਹਾਂ। ਅਸੀਂ ਪਿਛਲੀਆਂ ਨਾਕਾਮ ਨੀਤੀਆਂ ਨੂੰ ਜਾਰੀ ਨਹੀਂ ਰੱਖ ਸਕਦੇ।"

# ਦਰਬਾਰ ਸਾਹਿਬ ਬਾਰੇ ਫਿਲਮ ਬਣਾ ਰਹੇ ਸਵਿਟਜ਼ਰਲੈਂਡ ਦੇ ਲਿਵਤਾਰ ਸਿੰਘ ਨੇ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਸਵਿਟਜ਼ਰਲੈਂਡ ਵਿਚ ਬੈਂਕ ਅਧਿਕਾਰੀ ਵਜੋਂ ਕੰਮ ਕਰ ਰਹੇ ਲਿਵਤਾਰ ਸਿੰਘ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਲਿਵਤਾਰ ਸਿੰਘ ਵੜੈਚ ਸਿੱਖੀ ਦੇ ਮਹਾਨ ਅਸੂਲਾਂ ਨੂੰ ਦਰਸਾਉਂਦੀ ਛੋਟੀ ਫਿਲਮ ਬਣਾ ਰਹੇ ਹਨ। ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਪੁੱਜੇ ਜਿੱਥੇ ਉਨ੍ਹਾਂ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਦੇ ਮਨ ਅੰਦਰ ਅਜਿਹੀ ਖਿੱਚ ਪੈਦਾ ਹੋਈ ਕਿ ਉਹ ਮਹਾਨ ਤੇ ਵਿਲੱਖਣ ਧਰਮ ਅਤੇ ਸਿੱਖ ਵਿਰਸੇ ਨੂੰ ਹੋਰ ਜਾਨਣ ਲਈ ਅੰਮ੍ਰਿਤਸਰ ਪੁੱਜੇ। ਆਪਣੇ ਮਹਾਨ ਸੱਭਿਆਚਾਰ ਨਾਲ ਪੈਦਾ ਹੋਈ ਤਾਂਘ ਸਵਿਟਜ਼ਰਲੈਂਡ ਦੇ ਜੰਮਪਲ ਵੜੈਚ ਨੂੰ ਇਥੇ ਲੈ ਆਈ।



ਲਿਵਤਾਰ ਸਿੰਘ ਵੜੈਚ ਦਾ ਸਨਮਾਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਲਿਵਤਾਰ ਸਿੰਘ ਵੜੈਚ ਅਤੇ ਸਤਬੀਰ ਸਿੰਘ ਵੜੈਚ ਨੂੰ ਦਰਬਾਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ. ਸ਼ਾਹਬਾਜ ਸਿੰਘ ਇੰਚਾਰਜ ਅਤੇ ਸ. ਅੰਮ੍ਰਿਤਪਾਲ ਸਿੰਘ ਸੂਚਨਾ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਭਰਵੇਂ ਵਿਚਾਰ ਵਟਾਂਦਰੇ ਬਾਅਦ ਨਵਾਂ ਸੰਵਿਧਾਨ ਸਰਬਸੰਮਤੀ ਨਾਲ ਪ੍ਰਵਾਨ

### ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੂੰ ਵਿਦਾਇਗੀ ਪਾਰਟੀ




**ਸਟਾਕਟਨ/ਬਿਊਰੋ ਨਿਊਜ਼:** ਪੰਜਾਬੀ ਸਾਹਿਤ ਸਭਾ, ਸਟਾਕਟਨ ਵੱਲੋਂ ਬੀਤੇ ਹਫਤੇ ਇੱਥੋਂ ਨੇੜਲੇ ਸ਼ਹਿਰ ਫਰੈਂਚ ਕੈਂਪ ਦੇ ਇੰਡੀਅਨ ਤਾਜ ਕੁਜ਼ੀਨ ਵਿਚ ਹਰਜਿੰਦਰ ਪੰਧੇਰ ਦੀ ਦੇਖ-ਰੇਖ ਅਧੀਨ ਕੀਤੀ ਗਈ ਇਕ ਵਿਸ਼ੇਸ਼ ਮੀਟਿੰਗ ਕੀਤੀ ਵਿਚ ਸਭਾ ਦੇ ਨਵੇਂ ਸੰਵਿਧਾਨ ਬਾਰੇ ਭਖਵੀਂ, ਤਿੱਖੀ ਅਤੇ ਭਰਪੂਰ ਬਹਿਸ ਤੋਂ ਮਗਰੋਂ ਕਈ ਜ਼ਰੂਰੀ ਸੋਧਾਂ ਕੀਤੀਆਂ ਗਈਆਂ। ਇਨ੍ਹਾਂ ਸੋਧਾਂ ਦੇ ਨਾਲ ਇਹ ਸੰਵਿਧਾਨ ਹਾਜ਼ਰ ਮੈਂਬਰਾਂ ਦੀ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਗਿਆ। ਇਸ ਸੰਵਿਧਾਨ ਅਨੁਸਾਰ ਸਭਾ ਦਾ ਮੁੱਖ ਉਦੇਸ਼: ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਬਹੁ-ਪੱਖੀ ਵਿਕਾਸ, ਪਾਸਾਰ, ਪ੍ਰਫੁੱਲਤਾ ਅਤੇ ਮਿਆਰ ਲਈ ਕੰਮ ਕਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਪਰਵਾਸੀ ਪੰਜਾਬੀ ਲੇਖਕਾਂ ਨੂੰ ਇਸ ਸਭਾ ਨਾਲ ਜੋੜਨਾ, ਲੋਕ-ਹਿਤੈਸ਼ੀ ਸਰੋਕਾਰਾਂ ਵਾਲਾ ਸਾਹਿਤ ਸਿਰਜਨ ਲਈ ਪ੍ਰੇਰਿਤ ਕਰਨਾ, ਅਣਪ੍ਰਕਾਸ਼ਿਤ ਮੌਲਿਕ ਰਚਨਾਵਾਂ ਬਾਰੇ ਵਿਚਾਰ ਚਰਚਾ ਕਰਨ ਲਈ ਵਰਕਸ਼ਾਪਾਂ ਲਾਉਣਾ, ਕਲਾਤਮਕ, ਮਿਆਰੀ ਅਤੇ ਗੌਲਣਯੋਗ ਸਾਹਿਤਕ ਕਿਰਤਾਂ ਨੂੰ ਸੰਭਾਲਣ ਅਤੇ ਸੰਗ੍ਰਹਿਤ ਕਰਨ ਦੇ ਹਰ ਸੰਭਵ ਯਤਨ ਕਰਨਾ ਹੋਵੇਗਾ। ਹੋਰ ਮੁੱਖ ਕਾਰਜਾਂ ਵਿਚ: ਪਰਵਾਸੀ ਪੰਜਾਬੀ ਸਾਹਿਤ ਦੇ ਵਿਸ਼ਲੇਸ਼ਣ ਅਤੇ ਮੁਲਾਂਕਣ ਲਈ ਖੋਜ ਪ੍ਰਯੋਜਨ ਤੈਅ ਕਰਨ ਦੇ ਨਾਲ-ਨਾਲ, ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸੁਯੋਗ ਸਾਹਿਤਕਾਰਾਂ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰਨਾ ਅਤੇ ਲੇਖਕਾਂ, ਪਾਠਕਾਂ ਅਤੇ ਅਕਾਦਮਿਕ ਵਿਦਵਾਨਾਂ ਨਾਲ ਰੂ-ਬ-ਰੂ ਕਰਨਾ ਵੀ ਸ਼ਾਮਲ ਹੋਵੇਗਾ। ਇਸਦੇ ਇਲਾਵਾ ਸਭਾ ਵੱਲੋਂ ਸਮੇਂ ਸਮੇਂ ਹੋਰ ਸਾਹਿਤਕ ਅਤੇ ਭਾਈਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਰਗਰਮੀਆਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਨਵੇਂ ਸੰਵਿਧਾਨ ਨੂੰ ਪਾਸ ਕਰਨ ਲਈ ਚੱਲੀ ਭਰਵੀਂ ਬਹਿਸ ਵਿਚ ਹਿੱਸਾ ਲੈਣ ਵਾਲਿਆਂ ਵਿਚ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਤਾਰਾ ਸਿੰਘ ਸਾਗਰ, ਹਰਪ੍ਰੀਤ ਕੌਰ ਧੂਤ ਅਤੇ ਡਾ. ਗੋਬਿੰਦਰ ਸਿੰਘ ਸਮਰਾਓ ਸ਼ਾਮਲ ਹਨ। ਇਸ ਸਮੁੱਚੀ ਕਾਰਵਾਈ ਵਿਚ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੇ ਮਹਿਮਾਨ ਵਿਦਵਾਨਾਂ ਵੱਜੋਂ ਹਿੱਸਾ ਲਿਆ ਅਤੇ ਆਪਣੇ ਕਈ ਮੁੱਲਵਾਨ ਸੁਝਾਅ ਰੱਖੇ, ਜਿਨ੍ਹਾਂ ਵਿਚੋਂ ਕੁਝ ਕੁ ਸਰਬ-ਸੰਮਤੀ ਨਾਲ ਪ੍ਰਵਾਨ ਅਤੇ ਸੰਵਿਧਾਨ ਵਿਚ ਅੰਕਿਤ ਕਰ ਲਏ ਗਏ। ਲੰਚ ਤੋਂ ਬਾਅਦ ਸਭਾ ਵੱਲੋਂ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਪ੍ਰੋ. ਹਰਭਜਨ ਸਿੰਘ ਨੇ ਪਰਵਾਸੀ ਪੰਜਾਬੀ ਸਾਹਿਤ ਦੇ ਅਧਿਐਨ, ਮੁਲਾਂਕਣ ਅਤੇ ਪਾਸਾਰ ਵਿੱਚ ਪਾਏ ਉਨ੍ਹਾਂ ਦੇ ਨਿਰੰਤਰ ਯੋਗਦਾਨ ਦੀ ਭਰਭੂਰ ਸ਼ਲਾਘਾ ਕੀਤੀ। ਇਸ ਮੌਕੇ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਭਾ ਦੇ ਹਰੇਕ ਮੈਂਬਰ ਦਾ ਪ੍ਰਮੁੱਖ ਮੰਤਵ ਉੱਚ ਦਰਜੇ ਦਾ ਸਾਹਿਤ ਪੜ੍ਹਨਾ ਅਤੇ ਖੁਦ ਮਿਆਰੀ ਤੇ ਮੌਲਿਕ ਸਾਹਿਤ ਸਿਰਜਨਾ ਹੋਣਾ ਚਾਹੀਦਾ ਹੈ। ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਕਾਰਜਾਂ ਤੇ ਸਰਗਰਮੀਆਂ ਦੀ ਭਰਪੂਰ ਸਰਾਹਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਭਾ ਦਾ ਕੰਮ ਪਰਵਾਸੀ ਪੰਜਾਬੀਆਂ ਦੇ ਪਰਸਪਰ ਮਿਲਵਰਤਨ ਤੋਂ ਇਲਾਵਾ ਹੋਰ ਪਰਵਾਸੀ ਭਾਈਚਾਰਿਆਂ ਦੇ ਲੇਖਕਾਂ ਤੇ ਕਲਾਕਾਰਾਂ ਨਾਲ ਮਿਲ ਕੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਕਰਨਾ ਵੀ ਹੋਣਾ ਚਾਹੀਦਾ ਹੈ। ਡਾ. ਧਨਵੰਤ ਕੌਰ ਨੇ ਕਿਹਾ "ਜੇਕਰ ਸਭਾ ਦਾ ਹਰੇਕ ਮੈਂਬਰ ਸਾਹਿਤ, ਸਭਿਆਚਾਰ ਅਤੇ ਉੱਚ ਇਨਸਾਨੀ ਕਦਰਾਂ-ਕੀਮਤਾਂ ਨੂੰ ਦਿਲ ਅਤੇ ਦਿਮਾਗ ਨਾਲ ਚਾਹੇਗਾ ਤਾਂ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੇਗਾ।" ਇਸ ਦੌਰਾਨ ਹਰਪ੍ਰੀਤ ਕੌਰ ਧੂਤ ਨੇ ਆਪਣੀਆਂ ਕੁਝ ਨਵੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਅੰਤ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵੱਲੋਂ ਸਭ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਸਿੱਖ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਧਾਰਮਿਕ ਕਵੀ ਦਰਬਾਰ

**ਸਟਾਕਟਨ/ਬਿਊਰੋ ਨਿਊਜ਼:** ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਸਿੱਖ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਜੇ ਹਫ਼ਤਾਵਾਰੀ ਦੀਵਾਨਾਂ ਵਿਚ ਮਿੱਥੇ ਹੋਏ ਪ੍ਰੋਗਰਾਮ ਵਿਚ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਨਿਥਾਵਿਆਂ ਦੇ ਥਾਵ, ਨਿਆਸਰਿਆਂ ਦੇ ਆਸਰੇ ਗੁਰੂ ਅਮਰਦਾਸ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਸ਼ੁਰੂਆਤ ਕਰਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਤੇ ਰੋਸ਼ਨੀ ਪਾਈ। ਉਨ੍ਹਾਂ ਦਸਿਆ ਕਿ ਗੁਰੂ ਅਮਰਦਾਸ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੱਧ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ। ਦੂਰ ਦੂਰ ਤੱਕ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ 22 ਪ੍ਰਚਾਰ ਕੇਂਦਰ ਸਥਾਪਤ ਕੀਤੇ ਜਿਹੜੇ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਹਰ ਕੇਂਦਰ ਉਤੇ ਉੱਚੇ ਧਾਰਮਿਕ ਰੁਤਬੇ ਵਾਲੀ ਸ਼ਖ਼ਸੀਅਤ ਨੂੰ ਪ੍ਰਚਾਰਕ ਥਾਪਿਆ। ਇਕੱਤਰ ਹੋਈ ਭੇਟਾ ਨੂੰ ਸਮਾਜ ਭਲਾਈ ਦੇ ਕੰਮਾਂ ਤੇ ਖਰਚ ਕੀਤਾ ਜਾਂਦਾ। ਉਹ ਗੁਰੂ ਅਤੇ ਸੰਗਤ ਵਿਚ ਪੁਲ ਦਾ ਕੰਮ ਕਰਦੇ ਸਨ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਰਾਏ, ਖਾਨਖਾਨਾ, ਜਸਦੀਪ ਸਿੰਘ ਫਰੀਮੌਂਟ, ਮਹਿੰਦਰ ਸਿੰਘ ਰਾਜਪੂਤ ਅਤੇ ਮਹਿੰਦਰਪਾਲ ਸਿੰਘ ਨੇਂ ਗੁਰਮਤਿ ਆਸ਼ੇ ਅਨੁਸਾਰ ਧਾਰਮਿਕ ਕਵੀਤਾਵਾਂ ਨਾਲ ਸਾਂਝ ਪਾਈ। ਪ੍ਰਬੰਧਕਾਂ ਅਤੇ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ।

# ਫਰਿਜ਼ਨੋ ਦੀ ਫੀਲਡ ਹਾਕੀ ਕਲੱਬ ਵੱਲੋਂ ਉੱਘੇ ਖੇਡ ਲੇਖਕ ਜਗਰੂਪ ਜਰਖੜ ਦਾ ਨਿੱਘਾ ਸੁਆਗਤ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ-** ਉੱਘੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਪਿਛਲੇ ਦਿਨੀਂ ਆਪਣੀ ਕੈਲੇਫੋਰਨੀਆ ਫੇਰੀ ਦੌਰਾਨ ਫਰਿਜ਼ਨੋ ਵਿਖੇ ਪਹੁੰਚੇ ਜਿੱਥੇ ਸਥਾਨਕ ਫੀਲਡ ਹਾਕੀ ਕਲੱਬ ਦੇ ਅਹੁਦੇਦਾਰਾਂ ਅਤੇ ਹਾਕੀ ਖਿਡਾਰੀਆਂ ਵੱਲੋਂ ਉਨ੍ਹਾਂ ਦੇ ਸਨਮਾਨ ਹਿੱਤ ਸ਼ਾਨਦਾਰ ਪ੍ਰੋਗਰਾਮ ਇੰਡੀਆ ਓਵਨ ਰੈਸਟੋਰੈਂਟ ਵਿੱਚ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੀ ਸ਼ੁਰੂਆਤ ਕਲੱਬ ਦੇ ਮੋਢੀ ਮੈਂਬਰ ਗੈਰੀ ਗਰੇਵਾਲ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਕਲੱਬ ਦੇ ਨਵ ਨਿਯੁਕਤ ਡਾਇਰੈਕਟਰ ਜਗਰੂਪ ਗਰੇਵਾਲ ਨੇ ਕਲੱਬ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਕਲੱਬ ਹੁਣ ਤੱਕ 6 ਟੂਰਨਾਮੈਂਟ ਖੇਡ ਕੇ ਵਧੀਆ ਪਰਦਰਸ਼ਨ ਕਰ ਚੁੱਕੀ ਹੈ, ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਾਬਕਾ ਖਿਡਾਰੀਆਂ ਨੂੰ ਨਾਲ ਲੈ ਕੇ ਨਵੀਂ ਪਨੀਰੀ ਨੂੰ ਹਾਕੀ ਵੱਲ ਮੋੜੀਏ। ਇਸ ਸਮੇਂ ਜਗਰੂਪ ਸਿੰਘ ਜਰਖੜ ਨੇ ਫਰਿਜ਼ਨੋ ਦੀ ਫੀਲਡ ਹਾਕੀ ਕਲੱਬ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਜਰਖੜ ਅਕੈਡਮੀ ਵੱਲੋਂ ਫਰਿਜਨੋ ਹਾਕੀ ਕਲੱਬ ਨੂੰ ਹਰ ਕਿਸਮ ਦੇ ਸਹਿਯੋਗ ਦਾ ਭਰੋਸਾ ਦਵਾਇਆ। ਅਖੀਰ ਵਿੱਚ ਹੈਰੀ ਭੰਗੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਗਦੀਪ ਬੱਲ, ਦਵਿੰਦਰ ਸਿੰਘ ਵੜਿੰਗ, ਯਾਦਵਿੰਦਰ ਸਿੰਘ, ਕਾਲਾ ਕਿਲਾ ਰਾਏਪੁਰ, ਸ਼ਮੀਰ ਸ਼ੰਮੀ, ਸੰਦੀਪ ਸਿੱਧੂ, ਲੱਕੀ ਭੱਠਲ, ਦੀਪ ਗਿੱਲ ਅਤੇ ਚੰਨੀ ਰਸੀਨ ਵੀ ਮੌਜੂਦ ਰਹੇ।




## ਸਮਾਜਸੇਵੀ ਕੁਲਦੀਪ ਭੱਟੀ ਦਾ ਫਰਿਜ਼ਨੋ ਵਿਖੇ ਸਨਮਾਨ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਸਮਾਜਸੇਵੀ ਤੇ ਹਲਕਾ ਨਿਹਾਲ ਸਿੰਘ ਵਾਲਾ ਦੀ ਸਿਰਮੌਰ ਸ਼ਖ਼ਸੀਅਤ ਕੁਲਦੀਪ ਭੱਟੀ ਅੱਜ-ਕੱਲ੍ਹ ਕੈਲੇਫੋਰਨੀਆ ਫੇਰੀ 'ਤੇ ਹਨ। ਇਸੇ ਸਬੰਧ ਵਿਚ ਉਨ੍ਹਾਂ ਦੇ ਸਨਮਾਨ ਹਿੱਤ ਪੰਮਾਂ ਸੈਦੋਕੇ, ਜੱਸੀ ਬਰਾੜ, ਗੁਰਦੀਪ ਘੋਲੀਆ, ਡਾ. ਗਰਗ ਅਤੇ ਗੁਲਜ਼ਾਰ ਬਰਾੜ ਦੇ ਉੱਦਮ ਸਦਕਾ ਫਰਿਜ਼ਨੋ ਵਿਖੇ ਸਨਮਾਨ ਸਮਾਰੋਹ ਕੀਤਾ ਗਿਆ। ਇਸ ਸਮਾਗਮ ਵਿੱਚ ਫਰਿਜ਼ਨੋ ਇਲਾਕੇ ਦੀਆਂ ਸਿਰਕੱਢ ਹਸਤੀਆਂ ਨੇ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਕੁਲਦੀਪ ਭੱਟੀ ਤਹਿਸੀਲ ਨਿਹਾਲ ਸਿੰਘ ਵਾਲਾ ਵਿਖੇ ਬਤੌਰ ਮੁੱਖ ਕਲਰਕ ਡੀਸੀ ਦਫਤਰ ਵੀ ਸੇਵਾਵਾਂ ਨਿਭਾ ਰਿਹਾ ਹੈ ਅਤੇ ਇਲਾਕੇ ਵਿੱਚ ਅੱਛਾ ਅਸਰ ਰਸੂਖ ਰੱਖਣ ਕਰਕੇ ਲੋਕੀਂ ਸਤਿਕਾਰ ਕਰਦੇ ਹਨ। ਕੁਲਦੀਪ ਭੱਟੀ ਸੰਗੀਤ ਨਾਲ ਵੀ ਜੁੜਿਓ ਹੋਇਆ ਹੈ। ਉਹ ਵਧੀਆ ਗਾਇਕ ਹੋਣ ਦੇ ਨਾਲ ਨਾਲ ਲਿਖਾਰੀ ਵੀ ਚੋਟੀ ਦਾ ਹੈ। ਸਭਿਆਚਾਰ ਨੂੰ ਸਮਰਪਿਤ ਹੁਣ ਤੱਕ ਭੱਟੀ ਦੀਆਂ ਦੋ ਐਲਬਮਾਂ ਵੀ ਮਾਰਕੀਟ ਵਿੱਚ ਆ ਚੁੱਕੀਆਂ ਹਨ ਤੇ ਇਹਦੀ ਕਲਮ 'ਚੋਂ ਲਿਖੇ ਕਈ ਗੀਤ ਨਾਮੀਂ ਗਾਇਕ ਗਾ ਵੀ ਚੁੱਕੇ ਹਨ। ਕਾਂਗਰਸ ਪਾਰਟੀ ਦੇ ਮੋਢੀ ਲੀਡਰਾਂ ਦੀ ਕਤਾਰ ਵਿੱਚ ਵੀ ਭੱਟੀ ਨੇ ਆਪਣੀ ਨਵੇਕਲੀ ਥਾਂ ਬਣਾਈ ਹੋਈ ਹੈ। ਇਸ ਸਨਮਾਨ ਸਮਾਰੋਹ ਦੌਰਾਨ ਰੰਗਾ ਰੰਗ ਮਹਿਫ਼ਲ ਵੀ ਸਜਾਈ ਗਈ। ਇਸ ਸੰਗੀਤਕ ਸ਼ਾਮ ਵਿੱਚ ਗਾਇਕ ਅਕਾਸ਼ਦੀਪ, ਅਵਤਾਰ ਗਰੇਵਾਲ, ਕਵੀਸ਼ਰ ਗੁਰਦੇਵ ਸਿੰਘ ਸਾਹੋਕੇ, ਪੱਪੀ ਭਦੌੜ, ਜਗਦੇਵ ਧੰਜਲ ਅਤੇ ਕੁਲਦੀਪ ਭੱਟੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੌਣਕ ਲਾਈ। ਮਲਕੀਤ ਸਿੰਘ ਕਿੰਗਰਾ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਅਖੀਰ ਪਤਵੰਤੇ ਸੱਜਣਾਂ ਨੇ ਕੁਲਦੀਪ ਭੱਟੀ ਨੂੰ ਸਨਮਾਨ ਚਿੰਨ ਨਾਲ ਨਿਵਾਜਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* The opinions expressed in this newspaper donot necessarily represent the views or opinions of the staff or employees of Quomantry Amritsar times. * All Disputes must be Handled in Santa Clara Superior Court.

# ਡੇਰਾ ਸਿਰਸਾ ਹਮਾਇਤੀਆਂ ਅਤੇ ਸਿੱਖਾਂ ਵਿਚਾਲੇ ਚਲ ਰਹੇ 2007 ਦੇ ਕੇਸ 'ਚੋਂ 56 ਸਿੱਖ ਬਰੀ

**ਸੰਗਰੂਰ/ਬਿਊਰੋ ਨਿਊਜ਼:** ਵਧੀਕ ਸੈਸ਼ਨ ਜੱਜ ਸੰਜੀਵ ਜੋਸ਼ੀ ਦੀ ਅਦਾਲਤ ਨੇ ਡੇਰਾ ਸਿਰਸਾ ਨਾਲ ਸਬੰਧਿਤ ਸੁਨਾਮ ਸਥਿਤ ਸ਼ਾਖਾ 'ਤੇ ਹਮਲਾ ਕਰਕੇ ਭੰਨ੍ਹ-ਤੋੜ ਕਰਨ ਅਤੇ ਦੋ ਡੇਰਾ ਪ੍ਰੇਮੀਆਂ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਵਿਚ 56 ਸਿੱਖ ਸ਼ਰਧਾਲੂਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਹੈ। ਬਚਾਅ ਪੱਖ ਦੇ ਵਕੀਲ ਨਰਪਾਲ ਸਿੰਘ ਧਾਲੀਵਾਲ, ਅਜਾਇਬ ਸਿੰਘ ਸਰਾਓ ਅਤੇ ਕੁਲਬੀਰ ਸਿੰਘ ਸੁਨਾਮ ਨੇ ਦੱਸਿਆ ਕਿ 2007 ਵਿਚ ਡੇਰਾ ਸਿਰਸਾ ਮੁਖੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਤੋਂ ਦੁਖੀ ਸਿੱਖ ਸੰਗਤਾਂ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਮੀਟਿੰਗ ਕੀਤੀ ਸੀ ਅਤੇ ਉਸ ਮੀਟਿੰਗ ਪਿੱਛੋਂ ਵਾਪਸ ਪਰਤ ਰਹੇ ਸਿੱਖ ਸ਼ਰਧਾਲੂਆਂ ਨਾਲ ਡੇਰਾ ਪ੍ਰੇਮੀਆਂ ਦਾ ਸੁਨਾਮ ਦੀ ਡੇਰਾ ਸਿਰਸਾ ਦੀ ਸ਼ਾਖਾ ਕੋਲ ਟਕਰਾਅ ਹੋ ਗਿਆ। ਸੁਨਾਮ ਡੇਰੇ ਵਿਚੋਂ ਚਲਾਈ ਗੋਲੀ ਨਾਲ ਇਕ ਸਿੱਖ ਭਾਈ ਕਮਲਜੀਤ ਸਿੰਘ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਦੋ ਡੇਰਾ ਹਮਾਇਤੀਆਂ ਸਾਧਾ ਸਿੰਘ ਅਤੇ ਅਜਾਇਬ ਸਿੰਘ ਨੇ ਅਦਾਲਤ ਵਿਚ ਅਰਜ਼ੀ ਪਾ ਕੇ ਸਿੱਖਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਸੁਨਾਮ ਤੋਂ ਬਾਅਦ ਸੰਗਰੂਰ ਦੇ ਵਧੀਕ ਸੈਸ਼ਨ



ਜੱਜ ਦੀ ਅਦਾਲਤ ਵਿਚ ਚੱਲੇ ਕੇਸ ਵਿਚ ਸੁਣਵਾਈ ਮੁਕੰਮਲ ਹੋਣ 'ਤੇ ਅਦਾਲਤ ਨੇ 56 ਸਿੱਖਾਂ ਨੂੰ ਬਰੀ ਕਰ ਦਿੱਤਾ ਹੈ। ਕੁਲਬੀਰ ਸਿੰਘ ਐਡਵੋਕੇਟ ਮੁਤਾਬਕ ਬਰੀ ਹੋਏ ਬੰਦਿਆਂ ਵਿਚ ਕੁਲਦੀਪ ਸਿੰਘ, ਅਮਨਦੀਪ ਸਿੰਘ, ਤਰਸੇਮ ਘੁੱਗਾ, ਦੀਪ ਸਿੰਘ, ਗੁਰਦੀਪ ਸਿੰਘ, ਯਾਦਵਿੰਦਰ ਸਿੰਘ, ਲਖਵਿੰਦਰ ਸਿੰਘ, ਕਾਲਾ ਵੇਟ ਲਿਫਟਰ, ਜਤਿੰਦਰ ਸਿੰਘ, ਰੇਸ਼ਮ ਸਿੰਘ, ਲਾਡੀ ਸਿੰਘ, ਲਾਭ ਸਿੰਘ, ਗੁਰਮੀਤ ਸਿੰਘ, ਦੀਪ ਸਿੰਘ, ਪਰਮਜੀਤ ਸਿੰਘ, ਰਾਜਿੰਦਰ ਸਿੰਘ, ਪ੍ਰੇਮ ਸਿੰਘ, ਹਰਦੀਪ ਸਿੰਘ, ਹਰਪਾਲ ਸਿੰਘ, ਅਮਨਦੀਪ ਸਿੰਘ, ਦੀਪ ਸਿੰਘ, ਰਾਜਿੰਦਰ ਸਿੰਘ, ਮਨੋਹਰ ਸਿੰਘ, ਬਿੰਦਰ ਸਿੰਘ, ਲਾਲੀ ਸਿੰਘ, ਗੁਰਮੀਤ ਸਿੰਘ, ਰਿੰਕੂ ਸਿੰਘ, ਨਿਰਮਲ ਸਿੰਘ, ਰਮੀ ਸਿੰਘ, ਗੁਰਮੀਤ ਸਿੰਘ ਕਾਕਾ, ਹਰਿੰਦਰ ਸਿੰਘ, ਸੋਨੂੰ ਸਿੰਘ, ਹਰਪਾਲ ਸਿੰਘ, ਹਰਿੰਦਰ ਸਿੰਘ, ਬਲਦੇਵ ਸਿੰਘ, ਰਜਿੰਦਰ ਸਿੰਘ ਰਾਜਾ, ਭੋਲਾ ਸਿੰਘ, ਅਮਨ ਸਿੰਘ, ਕਾਕਾ ਸਿੰਘ, ਨੌਲੀ ਸਿੰਘ, ਚਰਨਜੀਤ ਸਿੰਘ, ਪਿਆਰਾ ਸਿੰਘ, ਦਵਿੰਦਰ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ, ਦੇਵ ਸਿੰਘ, ਵਰਿੰਦਰ ਸਿੰਘ, ਲਾਲ ਸਿੰਘ, ਬਲਦੇਵ ਸਿੰਘ, ਸ਼ਮਸ਼ੇਰ ਸਿੰਘ, ਸੁਰਿੰਦਰ ਸਿੰਘ, ਗੁਰਦੀਪ ਸਿੰਘ, ਹਰਦੀਪ ਸਿੰਘ, ਵਿਕਰਮ ਸਿੰਘ, ਸੋਹਣ ਸਿੰਘ ਅਤੇ ਜਸਵਿੰਦਰ ਸਿੰਘ ਦੇ ਨਾਂਅ ਸ਼ਾਮਿਲ ਹਨ।

## ਕਾਨਪੁਰ ਸਿੱਖ ਕਤਲੇਆਮ ਕੇਸ ਦੀ ਸੁਣਵਾਈ 4 ਅਕਤੂਬਰ ਤਕ ਟਲੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਖ਼ਿਲ ਭਾਰਤੀ ਦੰਗਾ ਰਾਹਤ ਕਮੇਟੀ ਵੱਲੋਂ ਸੁਪਰੀਮ ਕੋਰਟ ਵਿੱਚ ਕਾਨਪੁਰ ਸਿੱਖ ਕਤਲੇਆਮ ਬਾਰੇ ਪਾਈ ਗਈ ਪਟੀਸ਼ਨ 'ਤੇ ਸੁਣਵਾਈ ਹੁਣ 4 ਅਕਤੂਬਰ ਨੂੰ ਹੋਵੇਗੀ। ਜਸਟਿਸ ਦੀਪਕ ਮਿਸ਼ਰਾ ਦੇ ਚੀਫ਼ ਜਸਟਿਸ ਬਣਨ ਤੇ ਵਧੇਰੇ ਮਾਮਲਿਆਂ ਦੀ ਸੁਣਵਾਈ ਹੋਣ ਕਰਕੇ ਕੇਸ ਦੀ ਸੁਣਵਾਈ 4 ਅਕਤੂਬਰ ਤੱਕ ਅੱਗੇ ਪੈ ਗਈ। ਪਟੀਸ਼ਨਕਰਤਾ ਮੁਤਾਬਕ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਕਾਨਪੁਰ (ਯੂਪੀ) ਵਿੱਚ 122 ਸਿੱਖ ਸਰਕਾਰੀ ਰਿਕਾਰਡ ਮੁਤਾਬਕ ਮਾਰੇ ਗਏ ਸਨ ਤੇ ਸੂਚਨਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਅਨੁਸਾਰ 32 ਕਥਿਤ ਦੋਸ਼ੀਆਂ ਬਾਰੇ ਪਤਾ ਲੱਗਾ ਸੀ। ਪਟੀਸ਼ਨ ਵਿਚ ਪੁਲੀਸ ਵੱਲੋਂ ਸਬੂਤ ਮਿਟਾਉਣ ਤੇ ਚਾਰਜਸ਼ੀਟ ਦਾਖ਼ਲ ਨਾ ਕਰਨ ਵਰਗੇ ਮੁੱਦੇ ਚੁੱਕੇ ਜਾਣ ਸਮੇਤ ਸੀਬੀਆਈ ਜਾਂ ਸਿੱਟ ਤੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਗਈ ਸੀ।

## ਸਿਗਰਟ ਪੀਣ ਤੋਂ ਰੋਕਿਆ ਤਾਂ ਕਾਰ ਹੇਠ ਦਰੜਿਆ ਸਿੱਖ ਨੌਜਵਾਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੱਖਣੀ ਦਿੱਲੀ ਵਿਚ ਸਿਗਰਟਨੋਸ਼ੀ 'ਤੇ ਇਤਰਾਜ਼ ਜਤਾਉਣ ਕਾਰਨ ਕਾਰ ਸਵਾਰ ਵਿਅਕਤੀ ਨੇ ਮੋਟਰ ਸਾਈਕਲ 'ਤੇ ਸਵਾਰ ਦੋ ਸਿੱਖ ਨੌਜਵਾਨਾਂ ਗੁਰਪ੍ਰੀਤ ਸਿੰਘ ਅਤੇ ਮਨਿੰਦਰ ਸਿੰਘ ਨੂੰ ਟੱਕਰ ਮਾਰ ਦਿੱਤੀ ਜਿਸ ਵਿਚ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ। ਮੁਲਜ਼ਮ ਦੀ ਪਛਾਣ ਰੋਹਿਤ ਕ੍ਰਿਸ਼ਨਾ ਮਹੰਤਾ ਵਜੋਂ ਹੋਈ ਹੈ ਜੋ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਹੈ। ਦੋਵੇਂ ਸਿੱਖ ਨੌਜਵਾਨ 20ਵਿਆਂ ਵਿਚ ਸਨ ਅਤੇ ਉਹ ਏਮਜ਼ ਨੇੜੇ ਫੁਟਪਾਥਾਂ 'ਤੇ ਰਹਿਣ ਵਾਲਿਆਂ ਉਪਰ ਦਸਤਾਵੇਜ਼ੀ ਫਿਲਮ ਬਣਾਉਣ ਗਏ ਸਨ। ਜਦੋਂ ਉਹ ਸਫ਼ਦਰਜੰਗ ਹਸਪਤਾਲ ਨੇੜੇ ਰਾਤ ਦਾ ਭੋਜਨ ਕਰ ਰਹੇ ਸਨ ਤਾਂ ਇਕ ਵਿਅਕਤੀ ਉਥੇ ਉਨ੍ਹਾਂ ਦੇ ਮੂੰਹ 'ਤੇ ਸਿਗਰਟ ਦਾ ਧੂੰਆਂ ਛੱਡਣ ਲੱਗ ਪਿਆ। ਦੋਵੇਂ ਨੌਜਵਾਨਾਂ ਨੇ ਇਤਰਾਜ਼ ਕੀਤਾ ਤਾਂ ਨਸ਼ੇ ਦੀ ਹਾਲਤ ਵਿਚ ਬੈਠੇ ਮਹੰਤਾ ਨੇ ਉਨ੍ਹਾਂ ਨੂੰ ਧਮਕੀ ਦਿੱਤੀ।



ਜਦੋਂ ਉਹ ਉਥੋਂ ਮੋਟਰ ਸਾਈਕਲ 'ਤੇ ਨਿਕਲੇ ਤਾਂ ਉਸ ਨੇ ਏਮਜ਼ ਨੇੜੇ ਆਪਣੀ ਕਾਰ ਉਨ੍ਹਾਂ ਵਿਚ ਠੋਕ ਦਿੱਤੀ ਅਤੇ ਫਿਰ ਇਕ ਆਟੋ ਰਿਕਸ਼ਾ ਅਤੇ ਕੈਬ ਵਿਚ ਵੀ ਵਜਿਆ। ਦੋਵੇਂ ਸਿੱਖ ਨੌਜਵਾਨਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਅਤੇ ਇਲਾਜ ਦੌਰਾਨ ਗੁਰਪ੍ਰੀਤ ਸਿੰਘ ਨੇ ਦਮ ਤੋੜ ਦਿੱਤਾ। ਮਹੰਤਾ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਬਾਅਦ ਵਿਚ ਜ਼ਮਾਨਤ ਦੇ ਦਿੱਤੀ ਗਈ। ਗੁਰਪ੍ਰੀਤ ਦੇ ਪਰਿਵਾਰ ਦਾ ਦਾਅਵਾ ਹੈ ਕਿ ਉਸ ਨੇ ਹੱਤਿਆ ਕੀਤੀ ਹੈ ਅਤੇ ਪੁਲੀਸ ਨੇ ਵੀ ਅਣਗਹਿਲੀ ਦਿਖਾਈ।

## ਦਿੱਲੀ ਕਮੇਟੀ ਨੇ ਗੁਰਪ੍ਰੀਤ ਸਿੰਘ ਦੀ ਹੱਤਿਆ ਦੀ ਸੀ.ਬੀ.ਆਈ. ਜਾਂਚ ਮੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਏਮਜ਼ ਹਸਪਤਾਲ ਦੇ ਨੇੜੇ ਜਨਤਕ ਥਾਂ 'ਤੇ ਸਿਗਰਟ ਪੀਣ ਦਾ ਵਿਰੋਧ ਕਰਨ ਵਾਲੇ ਬਠਿੰਡਾ (ਪੰਜਾਬ) ਦੇ ਨੌਜਵਾਨ ਗੁਰਪ੍ਰੀਤ ਸਿੰਘ ਨੂੰ ਹਾਦਸੇ ਰਾਹੀਂ ਮਾਰਨ ਦੇ ਮਾਮਲੇ ਨੂੰ ਲੈ ਕੇ ਦਿੱਲੀ ਕਮੇਟੀ ਵਲੋਂ ਪੁਲੀਸ 'ਤੇ ਦਬਾਅ ਬਣਾਏ ਜਾਣ ਉਪਰੰਤ ਥਾਣਾ ਸਫ਼ਦਰਜੰਗ ਵਿਚ ਦੋਸ਼ੀ ਖ਼ਿਲਾਫ਼ ਕਤਲ ਕਰਨ ਦੀ ਧਾਰਾ 302 ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਤਹਿਤ ਧਾਰਾ 295 ਏ ਵਿਚ ਨਵੀਂ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਦਿੱਲੀ ਕਮੇਟੀ ਦਫ਼ਤਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ ਨੇ ਇਸ ਮਾਮਲੇ ਨੂੰ ਲੈ ਕੇ ਦਿੱਲੀ ਪੁਲੀਸ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰਨ ਦੇ ਨਾਲ ਹੀ ਮਾਮਲੇ ਦੀ ਜਾਂਚ ਸੀ.ਬੀ.ਆਈ. ਪਾਸੋਂ ਕਰਵਾਏ ਜਾਣ ਦੀ ਵਕਾਲਤ ਕੀਤੀ ਅਤੇ ਦੋਸ਼ੀ ਪੁਲੀਸ ਅਧਿਕਾਰੀਆਂ ਦੀ ਬਰਖ਼ਾਸਤਗੀ ਲਈ 23 ਸਤੰਬਰ ਨੂੰ ਦਿੱਲੀ ਪੁਲੀਸ ਹੈਡਕੁਆਟਰ ਦਾ ਘਿਰਾਓ ਕਰਨ ਦਾ ਵੀ ਐਲਾਨ ਕੀਤਾ। ਜੀ.ਕੇ. ਨੇ ਦੱਸਿਆ ਕਿ ਦਿੱਲੀ ਕਮੇਟੀ ਵਲੋਂ ਪਾਏ ਗਏ ਦਬਾਅ ਤੋਂ ਬਾਅਦ ਪੁਲੀਸ ਨੇ ਉਨ੍ਹਾਂ ਦੀ ਮੌਜੂਦਗੀ ਵਿਚ ਥਾਣਾ ਸਫ਼ਦਰਜੰਗ ਵਿਚ ਦੋਸ਼ੀ ਖ਼ਿਲਾਫ਼ ਕਤਲ ਕਰਨ ਦੀ ਧਾਰਾ 302 ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਤਹਿਤ ਧਾਰਾ 295 ਏ ਵਿਚ ਨਵੀਂ ਐਫ.ਆਈ.ਆਰ. ਦਰਜ ਕੀਤੀ ਹੈ। ਸਿਰਸਾ ਨੇ ਦੋਸ਼ੀ ਵਲੋਂ ਸਾਜ਼ਿਸ਼ ਤਹਿਤ ਜਾਣਬੁੱਝ ਕੇ ਘਟਨਾ ਨੂੰ ਅੰਜਾਮ ਦੇਣ ਦਾ ਦੋਸ਼ ਲਗਾਉਂਦੇ ਹੋਏ ਦੋਸ਼ੀ ਦੇ ਵਕੀਲ ਪਿਤਾ ਦੀ ਗ੍ਰਿਫ਼ਤਾਰੀ ਦੀ ਵੀ ਮੰਗ ਕੀਤੀ। ਜੀ.ਕੇ. ਤੇ ਸਿਰਸਾ ਨੇ ਦਿੱਲੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਗੁਰਪ੍ਰੀਤ ਸਿੰਘ ਦੇ ਨਾਂਅ 'ਤੇ ਨਸ਼ਾ ਮੁਕਤੀ ਮੁਹਿੰਮ ਦਾ ਨਾਂਅ ਰੱਖਿਆ ਜਾਵੇ ਅਤੇ ਮ੍ਰਿਤਕ ਦੇ ਪਰਿਵਾਰ ਨੂੰ 1 ਕਰੋੜ ਰੁਪਏ ਮੁਆਵਜ਼ਾ ਦਿੱਤਾ ਜਾਵੇ।

# ਬੇਅਦਬੀ ਮਾਮਲੇ 'ਚ 3 ਜਣਿਆ ਨੂੰ 7-7 ਸਾਲ ਦੀ ਕੈਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਦੇ ਪਿੰਡ ਰਾਮਦੀਵਾਲੀ ਮੁਸਲਮਾਨਾਂ ਵਿ ਬੀਤੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਚਰਚਿਤ ਮਾਮਲੇ ਵਿਚ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਸ੍ਰੀ ਸ਼ਿਵ ਮੋਹਨ ਗਰਗ ਦੀ ਅਦਾਲਤ ਵਲੋਂ ਤਿੰਨ ਦੋਸ਼ੀਆਂ ਨੂੰ ਸੱਤ-ਸੱਤ ਸਾਲ ਕੈਦ ਤੇ 7-7 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਪਹਿਲਾ ਮਾਮਲਾ ਹੈ ਕਿ ਅਦਾਲਤ ਵਲੋਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ਾਂ ਸਣੇ ਵੱਖ-ਵੱਖ ਧਾਰਾਵਾਂ ਤਹਿਤ ਸਜ਼ਾਵਾਂ ਸੁਣਾਈਆਂ ਗਈਆਂ ਹਨ। ਮੁੱਦਈ ਪੱਖ ਵਲੋਂ ਪੇਸ਼ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਤੇ ਪ੍ਰਸਿੱਧ ਸਿੱਖ ਵਕੀਲ ਭਗਵੰਤ ਸਿੰਘ ਸਿਆਲਕਾ ਨੇ ਫ਼ੈਸਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮਾਮਲਾ ਬੀਤੀ 12 ਮਾਰਚ, 2016 ਨੂੰ ਉਸ ਵੇਲੇ ਸਾਹਮਣੇ ਆਇਆ ਸੀ ਜਦ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਰਾਮਦੀਵਾਲੀ ਮੁਸਲਮਾਨਾਂ ਥਾਣਾ ਮੱਤੇਵਾਲ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਵਿਖੇ ਅੱਧੀ ਰਾਤ ਤਿੰਨ ਵਿਅਕਤੀਆਂ ਨੇ ਗੁਰਦੁਆਰਾ ਸਾਹਿਬ ਦੇ ਸੁੱਖ-ਆਸਣ 'ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਪਵਿੱਤਰ ਸਰੂਪ, ਨਿਤਨੇਮ ਦੇ



ਬੇਅਦਬੀ ਮਾਮਲੇ 'ਚ ਪੈਰਵੀ ਕਰਨ ਵਾਲੇ ਸਿੱਖ ਵਕੀਲ ਭਗਵੰਤ ਸਿੰਘ ਸਿਆਲਕਾ।

ਗੁਟਕੇ, ਰੁਮਾਲੇ, ਪਲੰਘ ਆਦਿ ਅਗਨ ਭੇਟ ਕਰ ਦਿੱਤੇ, ਜੋ ਕਾਫ਼ੀ ਹੱਦ ਤਕ ਸੜ ਗਏ ਤੇ ਦੋਸ਼ੀਆਂ ਨੇ ਗੁਰੂ ਘਰ ਦੀ ਗੋਲਕ ਤੋੜ ਕੇ ਪੈਸੇ ਵੀ ਕੱਢ ਲਏ। ਇਸ ਵਰਤਾਰੇ ਦੌਰਾਨ ਪਿੰਡ ਦੇ ਲੋਕ, ਜਿਨ੍ਹਾਂ ਵਿਚ ਸਰਪੰਚ ਕਿਰਪਾਲ ਸਿੰਘ, ਅਵਤਾਰ ਸਿੰਘ, ਜਗਜੀਤ ਸਿੰਘ ਤੇ ਹੋਰਾਂ ਨੇ ਮੌਕੇ 'ਤੇ ਪੁੱਜ ਕੇ ਉਕਤ ਵਿਅਕਤੀਆਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਪਾਸੋਂ ਡੀਜ਼ਲ, ਮਾਚਿਸਾਂ ਤੇ ਚੋਰੀ ਕੀਤੇ ਰੁਪਏ ਤੇ ਸਿੱਕੇ ਵੀ ਬਰਾਮਦ ਹੋਏ। ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਸ਼ਨਾਖ਼ਤ ਪ੍ਰੇਮ ਸਿੰਘ ਉਰਫ਼ ਟੀਟੂ, ਰਾਜੂ ਮਸੀਹ ਤੇ ਸ਼ਮਸ਼ੇਰ ਸਿੰਘ ਵਾਸੀਆਨ ਪਿੰਡ ਰਾਮਦੀਵਾਲੀ ਮੁਸਲਮਾਨਾਂ ਵਜੋਂ ਹੋਈ ਸੀ, ਜਿਨ੍ਹਾਂ ਖ਼ਿਲਾਫ਼ ਥਾਣਾ ਮੱਤੇਵਾਲ ਦੀ ਪੁਲਿਸ ਵਲੋਂ ਵੱਖ-ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਗਿਆ ਸੀ। ਵਕੀਲ ਸਿਆਲਕਾ ਨੇ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਵਾਪਰੇ ਇਸ ਵਰਤਾਰੇ ਦੌਰਾਨ ਤਤਕਾਲੀ ਸਰਕਾਰ ਵਲੋਂ ਲਏ ਗਏ ਸਖ਼ਤ ਸਟੈਂਡ ਕਾਰਨ ਪਰਚਾ ਦਰਜ ਹੋਇਆ ਤੇ ਦੋਸ਼ੀਆਂ ਖ਼ਿਲਾਫ਼ ਕੇਸ ਦੀ ਪੈਰਵਾਈ ਕੀਤੀ, ਜਿਸ ਕਾਰਨ ਅਦਾਲਤ ਵਲੋਂ ਦਿੱਤਾ ਫ਼ੈਸਲਾ ਸਕੂਨ ਦੇਣ ਵਾਲਾ ਹੈ। ਅਦਾਲਤ ਵਲੋਂ ਧਾਰਾ 436 ਤੇ 457 ਤਹਿਤ 7-7 ਸਾਲ ਕੈਦ ਤੇ 2-2 ਹਜ਼ਾਰ ਰੁਪਏ ਜੁਰਮਾਨਾ ਧਾਰਾ 295ਏ ਤਹਿਤ 3 ਸਾਲ ਕੈਦ 2 ਹਜ਼ਾਰ ਰੁਪਏ ਜੁਰਮਾਨਾ, 295 ਤਹਿਤ 2 ਸਾਲ ਕੈਦ, ਧਾਰਾ 380, 511 ਤਹਿਤ 3 ਸਾਲ ਕੈਦ ਤੇ 1 ਹਜ਼ਾਰ ਰੁਪਏ ਜੁਰਮਾਨਾ ਅਤੇ 427 ਤਹਿਤ 2 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਐਡ: ਸਿਆਲਕਾ ਜੋਧਪੁਰ ਸਿੱਖ ਬੰਦੀਆਂ ਨੂੰ ਲੰਮੀ ਅਦਾਲਤੀ ਲੜਾਈ ਉਪਰੰਤ ਮੁਆਵਜ਼ਾ ਦਿਵਾਉਣ ਵਿਚ ਕਾਮਯਾਬ ਰਹੇ ਹਨ।

# ਸੀਨੀਆਰ ਪੱਤਰਕਾਰ ਕੇਜੇ ਸਿੰਘ ਤੇ ਮਾਤਾ ਗੁਰਚਰਨ ਕੌਰ ਦਾ ਸਸਕਾਰ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼:**
ਇੱਥੋਂ ਦੇ ਫੇਜ਼-3ਬੀ2 ਵਿੱਚ ਰਹਿੰਦੇ ਸੀਨੀਅਰ ਪੱਤਰਕਾਰ ਕੇ.ਜੇ. ਸਿੰਘ (65 ਸਾਲ) ਅਤੇ ਉਨ੍ਹਾਂ ਦੀ ਮਾਂ ਗੁਰਚਰਨ ਕੌਰ (92 ਸਾਲ) ਜਿਨ੍ਹਾਂ ਦਾ ਸ਼ੁੱਕਰਵਾਰ ਦੇਰ ਰਾਤ ਅਣਪਛਾਤੇ ਵਿਅਕਤੀਆਂ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਦਾ ਐਤਵਾਰ ਨੂੰ ਮੁਹਾਲੀ ਦੇ ਸ਼ਮਸ਼ਾਨਘਾਟ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰੇ ਸਰਕਾਰੀ ਹਸਪਤਾਲ ਵਿੱਚ ਤਿੰਨ ਡਾਕਟਰਾਂ ਦੇ ਮੈਡੀਕਲ ਬੋਰਡ ਵੱਲੋਂ ਪੋਸਟ ਮਾਰਟਮ ਕੀਤਾ ਗਿਆ।
ਐਸਐਮਓ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਪੋਸਟ ਮਾਰਟਮ ਤੋਂ ਬਾਅਦ ਪੁਲੀਸ ਰਾਹੀਂ ਮਾਂ ਪੁੱਤ ਦੀਆਂ ਲਾਸ਼ਾਂ ਵਾਰਸਾਂ ਨੂੰ ਸੌਂਪੀਆਂ ਗਈਆਂ। ਇਸ ਮਗਰੋਂ ਮੁਹਾਲੀ ਵਿੱਚ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਇਸ ਘਟਨਾ ਕਾਰਨ ਸ਼ਹਿਰ ਵਿੱਚ ਸੋਗ ਹੈ। ਮ੍ਰਿਤਕ ਦੇਹਾਂ ਨੂੰ ਅਗਨੀ ਕੇ ਜੇ ਸਿੰਘ ਦੇ ਵੱਡੇ ਭਰਾ ਵਿਜੇਪਾਲ ਸਿੰਘ ਨੇ ਦਿਖਾਈ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਮ੍ਰਿਤਕ ਦੇਹਾਂ 'ਤੇ ਰੀਥਾਂ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਕਾਤਲ ਜਲਦੀ ਹੀ ਪੁਲੀਸ ਦੀ ਗ੍ਰਿਫ਼ਤ ਵਿੱਚ ਹੋਣਗੇ। ਸ੍ਰੀ ਠੁਕਰਾਲ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਪਹਿਲਾਂ ਹੀ ਇਸ ਦੋਹਰੇ ਹੱਤਿਆ ਕਾਂਡ ਲਈ ਆਈਜੀ (ਅਪਰਾਧ) ਸ਼ਸ਼ੀ ਪ੍ਰਭਾ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਹੈ ਅਤੇ ਪੁਲੀਸ ਵੱਖ ਵੱਖ ਪਹਿਲੂਆਂ 'ਤੇ ਜਾਂਚ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁਹਾਲੀ ਪੁਲੀਸ ਅਤੇ ਵਿਸ਼ੇਸ਼ ਜਾਂਚ ਟੀਮ ਨੂੰ ਆਦੇਸ਼ ਦਿੱਤੇ ਗਏ ਹਨ ਕਿ ਇਸ ਕੇਸ ਨੂੰ ਜਿੰਨੀ ਜਲਦੀ ਹੋ ਸਕੇ ਸੁਲਝਾ ਕੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਸ ਮੌਕੇ ਆਰਟੀਆਈ ਕਾਰਕੁਨ ਤੇ ਕੌਂਸਲਰ ਕੁਲਜੀਤ ਸਿੰਘ ਬੇਦੀ, ਇੰਡੀਅਨ ਐਕਸਪ੍ਰੈਸ ਦੇ ਸਾਬਕਾ ਰੈਜ਼ੀਡੈਂਟ ਐਡੀਟਰ ਵਿਪਨ ਪੱਬੀ, ਡੇਲੀ ਪੋਸਟ ਦੇ ਸਾਬਕਾ ਸੰਪਾਦਕ ਸਰਬਜੀਤ ਪੰਧੇਰ, ਬਾਬੂ ਸ਼ਾਹੀ ਡਾਟ ਕਾਮ ਦੇ



ਐਡੀਟਰ ਬਲਜੀਤ ਬੱਲੀ ਸਮੇਤ ਚੰਡੀਗੜ੍ਹ ਅਤੇ ਮੁਹਾਲੀ ਦੇ ਪੱਤਰਕਾਰ ਅਤੇ ਮ੍ਰਿਤਕਾ ਦੇ ਪਰਿਵਾਰਕ ਮੈਂਬਰ ਤੇ ਨਜ਼ਦੀਕੀ ਰਿਸ਼ਤੇਦਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਹੈਰਾਨੀ ਦੀ ਗੱਲ ਹੈ ਕਿ ਅੰਤਿਮ ਸੰਸਕਾਰ ਮੌਕੇ ਇਲਾਕੇ ਦੇ ਕੌਂਸਲਰ ਨੂੰ ਛੱਡ ਕੇ ਕਿਸੇ ਸਿਆਸੀ ਪਾਰਟੀ ਦਾ ਆਗੂ ਜਾਂ ਜ਼ਿਲ੍ਹਾ ਪ੍ਰਸ਼ਾਸਨ ਦਾ ਕੋਈ ਅਧਿਕਾਰੀ ਹਾਜ਼ਰ ਨਹੀਂ ਸੀ। ਇਸ ਦਾ ਮੀਡੀਆ ਕਰਮੀਆਂ ਨੇ ਕਾਫ਼ੀ ਬੁਰਾ ਮਨਾਇਆ।

## ਹਮਲਾਵਰਾਂ ਨੇ ਤੇਜ਼ਧਾਰ ਹਥਿਆਰ ਨਾਲ ਕੀਤੇ ਸਨ ਪੰਦਰਾਂ ਵਾਰ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼,** ਇੱਥੋਂ ਦੇ ਫੇਜ਼-3ਬੀ2 ਵਿੱਚ ਕਤਲ ਕੀਤੇ ਸੀਨੀਅਰ ਪੱਤਰਕਾਰ ਕੇ. ਜੇ. ਸਿੰਘ (65 ਸਾਲ) ਦੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ ਲਗਪਗ 14-15 ਵਾਰ ਕੀਤੇ ਗਏ ਤੇ ਉਨ੍ਹਾਂ ਦੀ ਲਾਸ਼ ਪੂਰੀ ਤਰ੍ਹਾਂ ਵਿੰਨੀ ਹੋਈ ਸੀ, ਪਰ ਉਨ੍ਹਾਂ ਦੀ ਮੌਤ ਗਲੇ ਦੀ ਨਾੜ ਕੱਟੇ ਜਾਣ ਨਾਲ ਹੋਈ ਹੈ ਅਤੇ ਉਨ੍ਹਾਂ ਦੀ ਮਾਂ ਗੁਰਚਰਨ ਕੌਰ (90 ਸਾਲ) ਦੀ ਮੌਤ ਗਲਾ ਘੁੱਟਣ ਕਾਰਨ ਹੋਈ ਹੈ। ਇਹ ਖ਼ੁਲਾਸਾ ਪੋਸਟਮਾਰਟਮ ਦੀ ਰਿਪੋਰਟ ਵਿੱਚ ਹੋਇਆ ਹੈ। ਸਰਕਾਰੀ ਹਸਪਤਾਲ ਫੇਜ਼-6 ਵਿੱਚ ਫੋਰੈਂਸਿਕ ਮਾਹਿਰ ਡਾ. ਕਰਮਜੀਤ ਸਿੰਘ, ਮੈਡੀਸਿਨ ਦੇ ਡਾਕਟਰ ਪਰਮਿੰਦਰਜੀਤ ਸਿੰਘ ਤੇ ਡਾ. ਮਨੋਹਰ ਲਾਲ 'ਤੇ ਆਧਾਰਿਤ ਡਾਕਟਰਾਂ ਦੇ ਮੈਡੀਕਲ ਬੋਰਡ ਵੱਲੋਂ ਲਾਸ਼ਾਂ ਦਾ ਪੋਸਟਮਾਰਟਮ ਕੀਤਾ ਗਿਆ।
ਮੈਡੀਕਲ ਬੋਰਡ ਦੇ ਮੈਂਬਰ ਡਾ. ਪਰਮਿੰਦਰਜੀਤ ਸਿੰਘ ਨੇ ਦੱਸਿਆ ਕਿ ਕੇ.ਜੇ. ਸਿੰਘ ਅਤੇ ਉਨ੍ਹਾਂ ਦੀ ਮਾਂ ਦੀ ਮੌਤ ਸ਼ੁੱਕਰਵਾਰ ਰਾਤ ਕਰੀਬ ਦੋ ਤੋਂ ਢਾਈ ਵਜੇ ਦੇ ਦਰਮਿਆਨ ਹੋਈ ਜਾਪਦੀ ਹੈ। ਉਨ੍ਹਾਂ ਦੱਸਿਆ ਕਿ ਪੱਤਰਕਾਰ 'ਤੇ ਤੇਜ਼ਧਾਰ ਹਥਿਆਰ ਨਾਲ ਕਰੀਬ 14 ਤੋਂ 15 ਵਾਰ ਕੀਤੇ ਗਏ ਹਨ, ਪਰ ਉਨ੍ਹਾਂ ਦੀ ਮੌਤ ਗਲੇ 'ਤੇ ਹੋਏ ਵਾਰ ਨਾਲ ਸਾਹ ਦੀ ਨਾਲੀ ਕੱਟਣ ਕਾਰਨ ਹੋਈ ਹੈ। ਪੱਤਰਕਾਰ ਦੀ ਪਿੱਠ ਅਤੇ ਛਾਤੀ ਅਤੇ ਪੇਟ ਵਿੱਚ ਵਾਰ ਕੀਤੇ ਗਏ ਸਨ, ਜਦੋਂਕਿ ਉਨ੍ਹਾਂ ਦੇ ਹੱਥ ਵੀ ਜ਼ਖ਼ਮੀ ਸਨ। ਉਨ੍ਹਾਂ ਮਾਂ ਦੀ ਮੌਤ ਸਾਹ ਨਾ ਆਉਣ ਕਾਰਨ ਭਾਵ ਗਲਾ ਘੁੱਟਣ ਕਾਰਨ ਹੋਈ ਹੈ।
ਉਧਰ, ਇਸ ਕਤਲ ਕੇਸ ਨੂੰ ਸੁਲਝਾਉਣ ਲਈ ਮੁਹਾਲੀ ਪੁਲੀਸ ਨੂੰ ਕੋਈ ਅਹਿਮ ਸੁਰਾਗ ਨਹੀਂ ਮਿਲਿਆ ਹੈ। ਉਂਜ ਪੁਲੀਸ ਦੀ ਪਹਿਲੀ ਨਜ਼ਰ ਵਿੱਚ ਇਹ ਮਾਮਲਾ ਲੁੱਟ-ਖੋਹ ਦਾ ਲੱਗ ਰਿਹਾ ਹੈ। ਪੁਲੀਸ ਇਹ ਮੰਨ ਕੇ ਚੱਲ ਰਹੀ ਹੈ ਕਿ ਕਿਸੇ ਭੇਤੀ ਬੰਦੇ ਦਾ ਕੰਮ ਹੈ। ਪੁਲੀਸ ਅਧਿਕਾਰੀ ਇਹ ਕਹਿ ਕੇ ਪੱਲਾ ਛੁਡਾ ਰਹੇ ਹਨ ਕਿ ਵੱਖ ਵੱਖ ਪਹਿਲੂਆਂ 'ਤੇ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਡੱਪਰ ਵੱਲ ਮ੍ਰਿਤਕ ਦੀ ਕਾਰ ਲਾਵਾਰਸ ਖੜੀ ਮਿਲਣ ਦੀ ਗੱਲ ਵੀ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਕਾਰ ਵਿੱਚ ਪੈਟਰੋਲ ਖ਼ਤਮ ਹੋਣ ਕਾਰਨ ਕਾਤਲ ਕਾਰ ਨੂੰ ਛੱਡ ਕੇ ਅੰਬਾਲਾ ਵੱਲ ਫ਼ਰਾਰ ਹੋ ਗਏ, ਪਰ ਐਸਪੀ (ਸਿਟੀ) ਜਗਜੀਤ ਸਿੰਘ ਜੱਲ੍ਹਾ ਦਾ ਕਹਿਣਾ ਹੈ ਕਿ ਇਹ ਅਫ਼ਵਾਹ ਝੂਠੀ ਹੈ। ਪੁਲੀਸ ਵੱਲੋਂ ਪੱਤਰਕਾਰ ਦੇ ਮੁਹੱਲੇ ਦੇ ਤਿੰਨ ਘਰਾਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀਆਂ ਫੁਟੇਜ ਹਾਸਲ ਕਰ ਕੇ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਦੀ ਜਾਣਕਾਰੀ ਮੁਤਾਬਕ ਪੁਲੀਸ ਨੇ ਇਸ ਮਾਮਲੇ ਸਬੰਧੀ ਪੁੱਛ-ਪੜਤਾਲ ਲਈ ਚਾਰ ਜਣਿਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਇਹ ਵਿਅਕਤੀ ਕਤਲ ਕੀਤੇ ਪੱਤਰਕਾਰ ਦੇ ਰਿਸ਼ਤੇਦਾਰ ਦੱਸੇ ਜਾ ਰਹੇ ਹਨ।

## ‘ਬਾਬਿਆਂ’ ਬਾਰੇ ਦੇਸ਼ ਦਾ ਪਹਿਲਾ ਸਰਵੇ

# ਭਾਸਕਰ ਨੂੰ 20 ਸੂਬਿਆਂ ਅਤੇ 6 ਕੇਂਦਰ ਅਧੀਨ ਪ੍ਰਦੇਸ਼ਾਂ ਦੇ 56,338 ਲੋਕਾਂ ਨੇ ਦੱਸੀ ਆਪਣੀ ਰਾਏ

- 82% ਲੋਕਾਂ ਨੇ ਮੰਨਿਆ ਕਿ ਕੁੱਝ ‘ਬਾਬਿਆਂ’ ਕਾਰਨ ਸਾਰੇ ਧਰਮਗੁਰੂ ਬਦਨਾਮ
- ਸਰਵੇ ’ਚ ਸ਼ਾਮਲ 13% ਔਰਤਾਂ ਦੀ ‘ਬਾਬਿਆਂ’ ’ਚ ਆਸਥਾ ਹੈ, ਮਰਦਾਂ ਦੀ ਗਿਣਤੀ 19%
- 25% ਪੇਂਡੂ ਲੋਕਾਂ ਨੇ ਕਿਹਾ ਕਿ ਅਦਾਲਤ ਦਾ ਫ਼ੈਸਲਾ ਆਉਣ ਤੋਂ ਪਹਿਲਾਂ ‘ਬਾਬਿਆਂ’ ਨੂੰ ਗ਼ਲਤ ਨਾ ਕਿਹਾ ਜਾਵੇ
- 68% ਪੋਸਟ ਗ੍ਰੈਜੁਏਟਾਂ ਨੇ ਕਿਹਾ ਕਿ ਸਮਾਜ ਲਈ ਮੋਟੀਵੇਸ਼ਨਲ ਗੁਰੂ ਵਧੀਆ

## *ਵਿਵਾਦਾਂ ਤੋਂ ਬਾਅਦ 23% ਲੋਕਾਂ ਦੀ ਆਸਥਾ ‘ਬਾਬਿਆਂ’ ਪ੍ਰਤੀ ਘਟੀ, 95% ਨੇ ਕਿਹਾ - ਇਨ੍ਹਾਂ ਦੀ ਜਾਇਦਾਦ ਦੀ ਜਾਂਚ ਹੋਵੇ, 30% ਚਮਤਕਾਰ ਤੋਂ ਪ੍ਰਭਾਵਤ*

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ’ਚ ਪਹਿਲੀ ਵਾਰ ਹਿੰਦੀ ਅਖ਼ਬਾਰ ‘ਦੈਨਿਕ ਭਾਸਕਰ’ ਨੇ ‘ਬਾਬਿਆਂ’ ਬਾਰੇ ਸਰਵੇ ਕਰਵਾਇਆ। ਇਸ ਸਰਵੇ ’ਚ ਸ਼ਾਮਲ 56,338 ਲੋਕਾਂ ’ਚੋਂ 18% ਨੇ ਮੰਨਿਆ ਕਿ ਉਹ ਆਪਣੀ ਜ਼ਿੰਦਗੀ ’ਚ ਕਿਸੇ ਨਾ ਕਿਸੇ ‘ਬਾਬੇ’ ’ਚ ਜ਼ਰੂਰ ਆਸਥਾ ਰੱਖਦੇ ਹਨ। ਹਾਲ ਹੀ ਦੇ ਦਿਨਾਂ ’ਚ ‘ਬਾਬਿਆਂ’ ਦੇ ਵਧਦੇ ਵਿਵਾਦ ਕਾਰਨ ਲੋਕਾਂ ਦੀ ਆਸਥਾ ’ਚ ਕਮੀ ਜ਼ਰੂਰ ਆਈ ਹੈ। ਇਸ ਗੱਲ ਤੋਂ 23% ਲੋਕ ਸਹਿਮਤ ਹਨ। ਹਾਲਾਂਕਿ 82% ਲੋਕਾਂ ਨੇ ਇਹ ਜ਼ਰੂਰ ਮੰਨਿਆ ਹੈ ਕਿ ਕੁਝ ‘ਬਾਬਿਆਂ’ ਕਾਰਨ ਸਾਰੇ ਧਰਮਗੁਰੂ ਬਦਨਾਮ ਹੁੰਦੇ ਹਨ। ਸਰਵੇ ’ਚ ਬਾਬਿਆਂ ਪ੍ਰਤੀ ਸਭ ਤੋਂ ਵੱਧ ਲਗਾਓ ਕਿਸਾਨਾਂ ਦਾ ਹੈ। 23% ਕਿਸਾਨਾਂ ਨੇ ਕਿਹਾ ਕਿ ਉਹ ਬਾਬਿਆਂ ’ਚ ਆਸਥਾ ਰੱਖਦੇ ਹਨ। ਚਮਤਕਾਰ ਦੇ ਇਕ ਸਵਾਲ ਬਾਰੇ 6% ਲੋਕਾਂ ਨੇ ਕਿਹਾ ਕਿ – ਹਾਂ ਉਨ੍ਹਾਂ ਨੇ ਖ਼ੁਦ ਚਮਤਕਾਰ ਹੁੰਦੇ ਵੇਖਿਆ ਹੈ। ਇਸ ’ਚ ਸਭ ਤੋਂ ਵੱਧ ਗਿਣਤੀ ਦਿੱਲੀ ਦੇ ਲੋਕਾਂ ਦੀ ਹੈ। ਸਰਵੇ ’ਚ ਸ਼ਾਮਲ ਦਿੱਲੀ ਦੇ 25% ਲੋਕਾਂ ਨੇ ‘ਬਾਬਿਆਂ’ ਦੇ ਚਮਤਕਾਰ ਨੂੰ ਖ਼ੁਦ ਵੇਖਣ ਦੀ ਗੱਲ ਮੰਨੀ ਹੈ। 30% ਲੋਕਾਂ ਨੇ ਕਿਹਾ ਕਿ ‘ਬਾਬਿਆਂ’ ਦੇ ਚਮਤਕਾਰ ਆਪਣੇ ਭਗਤਾਂ ਨੂੰ ਲੁਭਾਉਣ ਲਈ ਕੀਤੇ ਜਾਂਦੇ ਹਨ। ਸਰਵੇ ’ਚ ਮੋਟੀਵੇਸ਼ਨਲ ਗੁਰੂਆਂ ਨੂੰ ਲੋਕਾਂ ਨੇ ਸਭ ਤੋਂ ਵੱਧ ਪਸੰਦ ਕੀਤਾ ਹੈ। 59% ਲੋਕ ਇਨ੍ਹਾਂ ਨੂੰ ਸਮਾਜ ਲਈ ਵਧੀਆ ਮੰਨਦੇ ਹਨ। ਇਸ ਤੋਂ ਬਾਅਦ 24% ਲੋਕਾਂ ਨੇ ਧਰਮ ਗੁਰੂਆਂ ਨੂੰ ਵਧੀਆ ਮੰਨਿਆ ਹੈ। ਸਰਵੇ ’ਚ 39% ਲੋਕਾਂ ਨੇ ਕਿਹਾ ਕਿ ਉਹ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਕਹਿਣ ’ਤੇ ਪਹਿਲੀ ਵਾਰ ਕਿਸੇ ‘ਬਾਬੇ’ ਕੋਲ ਗਏ ਸਨ। ‘ਬਾਬਿਆਂ’ ਨੂੰ ਲੈ ਕੇ ਵਧੇ ਵਿਵਾਦ ਵਿਚਕਾਰ 47% ਲੋਕ ਚਾਹੁੰਦੇ ਹਨ ਕਿ ਮਠਾਂ, ਮਿਸ਼ਨਰੀਆਂ, ਮਜ਼੍ਹਬੀ ਜਮਾਤਾਂ ਅਤੇ ਡੇਰਿਆਂ ’ਤੇ ਨਿਗਰਾਨੀ ਕਰਨ ਦੇ ਉਦੇਸ਼ ਨਾਲ ਇੱਥੇ ਸੀ.ਸੀ.ਟੀ.ਵੀ. ਜ਼ਰੂਰੀ ਕੀਤਾ ਜਾਵੇ। ਉਨ੍ਹਾਂ ਦੀ ਜਾਇਦਾਦ ਦੀ ਜਾਂਚ ਅਤੇ ਜ਼ਬਤ ਕੀਤੇ ਜਾਣ ਬਾਰੇ 95% ਲੋਕਾਂ ਨੇ ਸਹਿਮਤੀ ਪ੍ਰਗਟਾਈ। ਸਰਵੇ ’ਚ ਪਤਾ ਲੱਗਿਆ ਹੈ ਕਿ 49% ਲੋਕ ਪੈਸਾ ਅਤੇ ਆਪਣੇ ਕੰਮ-ਧੰਦਿਆਂ ਦੇ ਸਬੰਧ ’ਚ ‘ਬਾਬਿਆਂ’ ਨਾਲ ਜੁੜਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਇਨ੍ਹਾਂ ਦੇ ਅਸ਼ੀਰਵਾਦ ਨਾਲ ਕੰਮ ਵਧੀਆ ਚੱਲੇਗਾ।



### ਇਨ੍ਹਾਂ ਤਿੰਨ ਜ਼ਰੂਰੀ ਗੱਲਾਂ ’ਤੇ ਪਾਠਕਾਂ ਦੀ ਰਾਏ

**73%** ਨੇ ਕਿਹਾ ਕਿ ਬਾਬਿਆਂ ਅਤੇ ਧਰਮ ਗੁਰੂਆਂ ’ਚ ਲੋਕਾਂ ਦੀ ਅੰਨ੍ਹੀ ਆਸਥਾ ਸਮਾਜ ਵਿਚ ਅੰਧਵਿਸ਼ਵਾਸ ਵਧਾਉਣ ਲਈ ਜ਼ਿੰਮੇਵਾਰ ਹੈ।

**74%** ਨੇ ਕਿਹਾ ਕਿ ਉਹ ‘ਬਾਬਿਆਂ’ ’ਤੇ ਭਰੋਸਾ ਇਸ ਲਈ ਕਰਦੇ ਹਨ, ਕਿਉਂਕਿ ਉਨ੍ਹਾਂ ਦੀਆਂ ਗੱਲਾਂ ਤੋਂ ਤਣਾਅ ਸਮੇਂ ਮਾਨਸਿਕ ਸ਼ਾਂਤੀ ਮਿਲਦੀ ਹੈ।

**96%** ਨੇ ਕਿਹਾ ਕਿ ਬਾਬਿਆਂ, ਧਰਮ ਗੁਰੂਆਂ, ਕਥਾ ਵਾਚਕ ਅਤੇ ਮੋਟੀਵੇਸ਼ਨਲ ਗੁਰੂਆਂ ਨੂੰ ਰਾਜਨੀਤੀ ’ਚ ਨਹੀਂ ਜੁੜਨਾ ਚਾਹੀਦਾ।

### 49% ਲੋਕ ਪੈਸਾ, ਕੰਮ-ਧੰਦੇ ਲਈ ਬਾਬਿਆਂ ਕੋਲ ਜਾਂਦੇ ਹਨ, 73% ਨੇ ਮੰਨਿਆ ਅੰਧਵਿਸ਼ਵਾਸ ਵਧਾਉਣ ਲਈ ਭਗਤ ਜ਼ਿੰਮੇਵਾਰ

- 5% : 25 ਸਾਲ ਤੋਂ ਘੱਟ ਨੌਜਵਾਨ ਮੰਨਦੇ ਹਨ ਕਿ ‘ਬਾਬਿਆਂ’ ਨੂੰ ਰਾਜਨੀਤੀ ਨਾਲ ਜੁੜਨਾ ਚਾਹੀਦਾ ਹੈ
- 28% : ਬਜ਼ੁਰਗਾਂ ਨੇ ਕਿਹਾ ਕਿ ‘ਬਾਬਿਆਂ’ ਬਾਰੇ ਉਨ੍ਹਾਂ ਦਾ ਸਨਮਾਨ ਘਟਿਆ ਹੈ
- 96% : ਔਰਤਾਂ ‘ਬਾਬਿਆਂ’ ਅਤੇ ਧਰਮ ਗੁਰੂਆਂ ਦੇ ਰਾਜਨੀਤੀ ਨਾਲ ਜੁੜਨ ਦੇ ਖ਼ਿਲਾਫ਼ ਹਨ

--------

ਹਾਲ ਹੀ ਦੇ ਦਿਨਾਂ ’ਚ ‘ਬਾਬਿਆਂ’ ਨਾਲ ਜੁੜੇ ਇਕ ਤੋਂ ਬਾਅਦ ਇਕ ਕਈ ਮਾਮਲੇ ਸੁਰਖੀਆਂ ’ਚ ਰਹੇ ਹਨ। ਅਜਿਹੇ ’ਚ ‘ਭਾਸਕਰ’ ਨੇ 15 ਸਵਾਲਾਂ ਰਾਹੀਂ ਜਾਣਿਆ ਕਿ ਇਸ ਸਮੇਂ ਲੋਕਾਂ ਦਾ ਬਾਬਿਆਂ ਪ੍ਰਤੀ ਨਜ਼ਰੀਆ ਕੀ ਹੈ ? ਸਰਵੇ ’ਚ 73% ਲੋਕਾਂ ਨੇ ਕਿਹਾ ਹੈ ਕਿ ਅੰਧਵਿਸ਼ਵਾਸ ਵਧਾਉਣ ਲਈ ‘ਬਾਬੇ’ ਅਤੇ ਧਰਮਗੁਰੂ ਦੋਨਾਂ ਦੇ ਭਗਤ ਜ਼ਿੰਮੇਵਾਰ ਹਨ। ਫਿਰ ਵੀ 74% ਲੋਕਾਂ ਦਾ ਮੰਨਣਾ ਹੈ ਕਿ ‘ਬਾਬਿਆਂ’ ਕੋਲ ਜਾਣ ਨਾਲ ਲੋਕਾਂ ਨੂੰ ਤਣਾਅ ਦੇ ਸਮੇਂ ਮਾਨਸਿਕ ਸ਼ਾਂਤੀ ਮਿਲਦੀ ਹੈ। ਇੰਨਾ ਹੀ ਨਹੀਂ, ਸਰਵੇ ’ਚ 12% ਲੋਕ ਅਜਿਹੇ ਸ਼ਾਮਲ ਰਹੇ ਹਨ, ਜੋ ਕਹਿੰਦੇ ਹਨ ਕਿ ਉਨ੍ਹਾਂ ਦੇ ਅਸ਼ੀਰਵਾਦ ਨਾਲ ਕੰਮ ਪੂਰੇ ਕਰਨ ’ਚ ਮਦਦ ਮਿਲਦੀ ਹੈ।

ਜਦੋਂ ‘ਬਾਬਿਆਂ’ ਦੀ ਪ੍ਰਸਿੱਧੀ ਬਾਰੇ ਗੱਲ ਕੀਤੀ ਗਈ ਤਾਂ ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਦੀ ਸੋਚ ’ਚ ਕਾਫ਼ੀ ਅੰਤਰ ਨਜ਼ਰ ਆਇਆ। ਸਰਵੇ ’ਚ ਹਿਮਾਚਲ ਪ੍ਰਦੇਸ਼ ’ਚ ਸਭ ਤੋਂ ਵੱਧ 30% ਲੋਕਾਂ ਦਾ ਮੰਨਣਾ ਹੈ ਕਿ ਇਸ ਦਾ ਕਾਰਨ ਨੇਤਾ, ਕਲਾਕਾਰ ਅਤੇ ਖਿਡਾਰੀ ਹਨ। ਇਸ ਦੇ ਉਲਟ ਉੱਤਰ ਪ੍ਰਦੇਸ਼ ’ਚ 37 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਪ੍ਰਸਿੱਧੀ ਦਾ ਕਾਰਨ ਚਮਤਕਾਰ ਹਨ। ਅਜਿਹਾ ਹੀ ਅੰਤਰ ‘ਬਾਬਿਆਂ’ ਕੋਲ ਜਾਣ ਦੇ ਸਵਾਲ ਬਾਰੇ ਨੌਜਵਾਨਾਂ ਅਤੇ ਬਜ਼ੁਰਗਾਂ ਦੀ ਸੋਚ ’ਚ ਵੇਖਣ ਨੂੰ ਮਿਲਿਆ। 25 ਸਾਲ ਤੋਂ ਘੱਟ ਉਮਰ ਦੇ 52% ਨੌਜਵਾਨ ਪੈਸਾ, ਵਪਾਰ ਅਤੇ ਨੌਕਰੀ ਦੀ ਸਮੱਸਿਆ ਲਈ ‘ਬਾਬਿਆਂ’ ਕੋਲ ਜਾਣ ਦੀ ਗੱਲ ਕਹਿੰਦੇ ਹਨ। ਜਦਕਿ 60 ਸਾਲ ਤੋਂ ਵੱਧ ਉਮਰ ਦੇ 36% ਨੇ ਵੀ ਅਜਿਹੀ ਸਥਿਤੀ ’ਚ ‘ਬਾਬਿਆਂ’ ਕੋਲ ਜਾਣ ਦੀ ਗੱਲ ਕਹੀ। 39% ਲੋਕ ‘ਬਾਬਿਆਂ’ ਦੇ ਨਾਂ ਅਤੇ ਪ੍ਰਸਿੱਧੀ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਕੋਲ ਜਾਂਦੇ ਹਨ।

## ਦਿੱਲੀ-ਉੱਤਰ ਪ੍ਰਦੇਸ਼ ਦੀ ਵੱਧ ਆਸਥਾ, ਰਾਜਸਥਾਨ ਦੇ 95% ਚਾਹੁੰਦੇ ਹਨ ਇਨ੍ਹਾਂ ਦੀ ਜਾਇਦਾਦ ਜ਼ਬਤ ਹੋਵੇ

ਸ਼ਹਿਰਾਂ ’ਚ ਇਕ ਬਹੁਤ ਹੀ ਰੋਚਕ ਜਾਣਕਾਰੀ ਸਾਹਮਣੇ ਆਈ ਹੈ, ਜੋਕਿ ਮੋਟੀਵੇਸ਼ਨਲ-ਧਰਮਗੁਰੂਆਂ ਨੂੰ ਸਮਾਜ ਲਈ ਵਧੀਆ ਮੰਨਣ ਵਾਲਿਆਂ ਦੀ ਗਿਣਤੀ ਨੂੰ ਲੈ ਕੇ ਹੈ। ਜਿੱਥੇ 63.87% ਨੌਜਵਾਨ ਮੋਟੀਵੇਸ਼ਨਲ ਗੁਰੂਆਂ ਦੇ ਪੱਖ ’ਚ ਖੜੇ ਹਨ, ਉੱਥੇ ਹੀ ਬਜ਼ੁਰਗਾਂ ’ਚ ਇਹ ਅੰਕੜਾ ਘੱਟ ਕੇ 57.55% ਰਹਿ ਜਾਂਦਾ ਹੈ। ਇਸ ਦੇ ਉਲਟ ਧਾਰਮਿਕ ਗੁਰੂਆਂ ਨੂੰ ਸਮਾਜ ਲਈ ਚੰਗਾ ਮੰਨਣ ਵਾਲੇ ਨੌਜਵਾਨ 18.56 ਫ਼ੀਸਦੀ ਸਨ। ਉਮਰ ਦੇ ਹਿਸਾਬ ਨਾਲ ਇਹ ਅੰਕੜਾ ਵਧਦੇ ਹੋਏ ਬਜ਼ੁਰਗ ਨਾਗਰਿਕਾਂ ਤਕ ਜਾਂਦੇ-ਜਾਂਦੇ 25 ਫ਼ੀਸਦੀ ਹੋ ਗਿਆ।

ਦੇਸ਼ ਦੇ ਪਹਿਲੇ ‘ਬਾਬਾ’ ਸਰਵੇ ’ਚ ਉੱਤਰ ਪ੍ਰਦੇਸ਼ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਦੀ ਰਾਏ ਸਭ ਤੋਂ ਵੱਖਰੀ ਰਹੀ। ਜਿੱਥੇ ਸਰਵੇ ’ਚ ਸ਼ਾਮਲ ਸਿਰਫ਼ 18% ਲੋਕਾਂ ਨੇ ‘ਬਾਬਿਆਂ’ ’ਚ ਆਸਥਾ ਪ੍ਰਗਟਾਈ। ਉੱਥੇ ਇਸ ਦੇ ਉਲਟ ਉੱਤਰ ਪ੍ਰਦੇਸ਼ ’ਚ 34.76% ਅਤੇ ਦਿੱਲੀ ’ਚ 34.2% ਲੋਕਾਂ ਨੇ ‘ਬਾਬਿਆਂ’ ’ਚ ਆਪਣੀ ਆਸਥਾ ਪ੍ਰਗਟਾਈ ਹੈ। ਦੇਸ਼ ਦੇ ਔਸਤ ਤੋਂ ਇਹ ਅੰਕੜਾ ਲਗਭਗ ਦੋ ਗੁਣਾ ਹੈ। ਗੁਜਰਾਤ ’ਚ 31% ਲੋਕਾਂ ਨੇ ਧਰਮ ਗੁਰੂਆਂ ਅਤੇ 24% ਲੋਕਾਂ ਨੇ ਕਥਾ ਵਾਚਕਾਂ ਨੂੰ ਸਮਾਜ ਦੀ ਬਿਹਤਰੀ ਲਈ ਸਹੀ ਮੰਨਿਆ ਹੈ। ਗੁਜਰਾਤ ’ਚ ਹੀ 19% ਤੋਂ ਵੱਧ ਲੋਕਾਂ ਨੇ ‘ਬਾਬਿਆਂ’ ਦੇ ਸੰਪਰਕ ਤੋਂ ਆਪਣੇ ਕੰਮ ਪੂਰੇ ਕਰਨ ’ਚ ਮਦਦ ਮਿਲਣ ਦੀ ਗੱਲ ਕਹੀ ਹੈ। ਉਨ੍ਹਾਂ ਦੇ ਅਸ਼ੀਰਵਾਦ ਤੋਂ ਕੰਮ ਪੂਰੇ ਕਰਨ ’ਚ ਮਦਦ ਮਿਲਣ ਦੀ ਗੱਲ 13% ਲੋਕਾਂ ਨੇ ਕਹੀ। ਮਹਾਰਾਸ਼ਟਰ ’ਚ ਭਗਤਾਂ ਨੂੰ ਬਾਬਿਆਂ ਦਾ ਸਭ ਤੋਂ ਵੱਧ ਆਕਰਸ਼ਿਤ ਕਰਨ ਵਾਲਾ ਗੁਣ ਚਮਤਕਾਰ ਲੱਗਦਾ ਹੈ। 38% ਲੋਕ ਅਜਿਹਾ ਮੰਨਦੇ ਹਨ। ਗਿਆਨ ਤੋਂ ਆਕਰਸ਼ਿਤ ਹੋਣ ਵਾਲੇ 12% ਹਨ। ਹਿਮਾਚਲ ਪ੍ਰਦੇਸ਼ ’ਚ ਸਭ ਤੋਂ ਵੱਧ 11% ਲੋਕਾਂ ਨੇ ਮੰਨਿਆ ਕਿ ਕਾਨੂੰਨ ਦੇ ਘੇਰੇ ’ਚ ਫਸੇ ‘ਬਾਬਿਆਂ’ ਦੇ ਬਾਵਜੂਦ ਉਨ੍ਹਾਂ ਪ੍ਰਤੀ ਸਨਮਾਨ ਬਣਿਆ ਹੋਇਆ ਹੈ। ਇਹ ਦੇਸ਼ ਦੇ ਲੋਕਾਂ ਦੀ ਰਾਏ ਦੇ ਮੁਕਾਬਲੇ ਦੋ ਗੁਣਾ ਹੈ। ਹਾਲਾਂਕਿ 19% ਲੋਕ ਕਿਸੇ ਵੀ ਨਤੀਜੇ ’ਤੇ ਪਹੁੰਚਣ ਤੋਂ ਪਹਿਲਾਂ ਪੁਲਿਸ ਕਾਰਵਾਈ ਅਤੇ ਅਦਾਲਤ ਦੇ ਫ਼ੈਸਲੇ ਦਾ ਇੰਤਜ਼ਾਰ ਕਰਨਾ ਚਾਹੁੰਦੇ ਹਨ।

ਚੰਡੀਗੜ੍ਹ ਤੋਂ ਸਭ ਤੋਂ ਵੱਧ 86% ਲੋਕਾਂ ਦਾ ਮੰਨਣਾ ਹੈ ਕਿ ਕੁਝ ਕੁ ‘ਬਾਬਿਆਂ’ ਕਾਰਨ ਸਮਾਜ ’ਚ ਸਾਰੇ ਧਰਮ ਗੁਰੂ ਬਦਨਾਮ ਹੋ ਰਹੇ ਹਨ। ਹਾਲ ਹੀ ’ਚ ‘ਬਾਬਿਆਂ’ ਦੀ ਗਤੀਵਿਧੀਆਂ ਨੂੰ ਲੈ ਕੇ ਸਭ ਤੋਂ ਵੱਧ ਚਰਚਾ ’ਚ ਰਹੇ ਹਰਿਆਣਾ ’ਚ ਸਮਾਜ ਵਿਚ ਅੰਧਵਿਸ਼ਵਾਸ ਵਧਾਉਣ ਲਈ 12% ਲੋਕਾਂ ਨੇ ‘ਬਾਬਿਆਂ’ ਨੂੰ ਜ਼ਿੰਮੇਵਾਰ ਮੰਨਿਆ। ਉੱਥੇ ਹੀ ‘ਬਾਬੇ’ ਅਤੇ ਧਰਮ ਗੁਰੂਆਂ ਨੂੰ 72% ਲੋਕਾਂ ਨੇ ਜ਼ਿੰਮੇਵਾਰ ਮੰਨਿਆ। ਪੰਜਾਬ ’ਚ 39% ਲੋਕਾਂ ਦੀ ਰਾਏ ਹੈ ਕਿ ਮਠਾਂ, ਮਿਸ਼ਨਰੀਆਂ, ਮਜ਼੍ਹਬੀ ਜਮਾਤਾਂ, ਡੇਰਿਆਂ ’ਤੇ ਨਿਗਰਾਨੀ ਲਈ ਸਰਕਾਰ ਨੂੰ ਸੀ.ਸੀ.ਟੀ.ਵੀ. ਲਾਜ਼ਮੀ ਕਰਕੇ ਇਨ੍ਹਾਂ ਨੂੰ ਆਰ.ਟੀ.ਆਈ. ਦੇ ਘੇਰੇ ’ਚ ਲਿਆਉਣਾ ਚਾਹੀਦਾ ਹੈ। ਇਹ ਦੇਸ਼ ਦੇ 47% ਲੋਕਾਂ ਦੀ ਰਾਏ ਤੋਂ 8% ਘੱਟ ਹੈ।

ਸਰਵੇ ’ਚ ਸਭ ਤੋਂ ਵੱਧ ਗਿਣਤੀ ’ਚ ਹਿੱਸਾ ਲੈਣ ਵਾਲੇ ਸੂਬੇ ਰਾਜਸਥਾਨ ’ਚ 95% ਨੇ ਧਾਰਮਿਕ ਸੰਗਠਨਾਂ, ਮਠਾਂ, ਮਜ਼੍ਹਬੀ ਜਮਾਤਾਂ, ਮਿਸ਼ਨਰੀਆਂ, ਡੇਰਿਆਂ ਦੀ ਦੇਸ਼ ਭਰ ’ਚ ਫੈਲੀ ਸ਼ਾਖਾਵਾਂ ਦੀ ਜਾਇਦਾਦ ਦੀ ਜਾਂਚ ਅਤੇ ਜ਼ਬਤ ਕਰਨ ਬਾਰੇ ਕਿਹਾ। ਜਦਕਿ ਪਹਿਲੀ ਵਾਰ ‘ਬਾਬੇ’ ਕੋਲ ਰਿਸ਼ਤੇਦਾਰ/ਦੋਸਤ ਅਤੇ ਸੁਣ ਕੇ ਜਾਂ ਪ੍ਰਚਾਰ ਰਾਹੀਂ ਪ੍ਰਭਾਵਿਤ ਹੋਣ ਵਾਲੀ ਗੱਲ 38-38% ਲੋਕਾਂ ਨੇ ਕਹੀ। ਜਦਕਿ 24% ਲੋਕ ਹੀ ਪਰਿਵਾਰਿਕ ਪਰੰਪਰਾ ਕਾਰਨ ‘ਬਾਬਿਆਂ’ ਕੋਲ ਗਏ। ਪੈਸੇ, ਵਪਾਰ, ਨੌਕਰੀ ਦੀ ਸਮੱਸਿਆ ਕਾਰਨ 49% ਲੋਕਾਂ ਨੇ ਬਾਬਿਆਂ ਕੋਲ ਜਾਣ ਦੀ ਗੱਲ ਕਹੀ। ਛੱਤੀਸਗੜ੍ਹ ’ਚ ਸਭ ਤੋਂ ਵੱਧ 81% ਲੋਕਾਂ ਦਾ ਮੰਨਣਾ ਹੈ ਕਿ ‘ਬਾਬਿਆਂ’ ਦੀਆਂ ਗੱਲਾਂ ਤੋਂ ਤਣਾਅ ਸਮੇਂ ਮਾਨਸਿਕ ਸ਼ਾਂਤੀ ਮਿਲਦੀ ਹੈ। ਜਦਕਿ ਸਿਰਫ਼ 2% ਨੇ ਮੰਨਿਆ ਕਿ ਲੋਥ ਸਮੇਂ ਉਨ੍ਹਾਂ ਤੋਂ ਆਰਥਿਕ ਮਦਦ ਮਿਲਦੀ ਹੈ। ਬਿਹਾਰ ਤੋਂ ਦੇਸ਼ ਦੀ ਰਾਏ ਮਿਲਾਉਂਦਿਆਂ 14.58% ਲੋਕਾਂ ਦਾ ਮੰਨਣਾ ਹੈ ਕਿ ਮਹਿੰਗੇ ਪ੍ਰਚਾਰ-ਪ੍ਰਸਾਰ ਕਾਰਨ ਬਾਬਿਆਂ ਦਾ ਅਕਸ ਬਣਿਆ ਹੋਇਆ ਹੈ। ਉੱਥੇ ਹੀ 33% ਦਾ ਮੰਨਣਾ ਹੈ ਕਿ ‘ਬਾਬਿਆਂ’ ਦਾ ਅਕਸ ਚਮਤਕਾਰਾਂ ਕਾਰਨ ਚਰਚਾ ’ਚ ਬਣਿਆ ਰਹਿੰਦਾ ਹੈ। ਨੇਤਾਵਾਂ, ਕਲਾਕਾਰਾਂ ਅਤੇ ਖਿਡਾਰੀਆਂ ਦੇ ਆਉਣ-ਜਾਣ ਤੋਂ ਅਕਸ ਚਮਕਾਉਣ ਦੀ ਰਾਏ ਦੇ ਪੱਖ ’ਚ 27% ਲੋਕ ਰਹੇ। ਝਾਰਖੰਡ ’ਚ 4% ਲੋਕਾਂ ਨੇ ਮੰਨਿਆ ਕਿ ਉਨ੍ਹਾਂ ਨੇ ‘ਬਾਬਿਆਂ’ ਦੇ ਚਮਤਕਾਰ ਹੁੰਦੇ ਵੇਖੇ ਹਨ।



# ਸਰਵੇ 'ਚ ਪੁੱਛੇ ਗਏ 15 ਸਵਾਲਾਂ ਦੇ ਜਵਾਬਾਂ ਦੇ ਵੇਰਵਾ

### 1. ਕੀ ਤੁਹਾਡੀ ਕਿਸੇ 'ਬਾਬੇ' ਵਿਚ ਆਸਥਾ ਹੈ ?

**82**% ਨਹੀਂ : ਕਿਸੇ ਵੀ 'ਬਾਬੇ' 'ਚ ਭਰੋਸਾ ਨਹੀਂ ਕਰਦੇ।

**18**% ਹਾਂ : ਅਸੀਂ ਅਹਿਮ ਫ਼ੈਸਲੇ ਇਨ੍ਹਾਂ ਨੂੰ ਪੁੱਛ ਕੇ ਕਰਦੇ ਹਨ।

- ਸਭ ਤੋਂ ਘੱਟ 9% ਚੰਡੀਗੜ੍ਹ 'ਚ ਹਨ, ਜੋ 'ਬਾਬਿਆਂ' 'ਤੇ ਭਰੋਸਾ ਕਰਦੇ ਹਨ। ਸਭ ਤੋਂ ਵੱਧ 35% ਉੱਤਰ ਪ੍ਰਦੇਸ਼ 'ਚ ਹਨ, ਜੋ ਕਹਿੰਦੇ ਹਨ ਕਿ ਉਨ੍ਹਾਂ ਦੀ 'ਬਾਬਿਆਂ' 'ਚ ਆਸਥਾ ਹੈ।
- 25 ਸਾਲ ਤੋਂ ਘੱਟ ਨੌਜਵਾਨਾਂ ਦਾ ਭਰੋਸਾ ਇਨ੍ਹਾਂ 'ਚ ਸਭ ਤੋਂ ਘੱਟ ਹੈ। 15% ਹੀ ਹਨ, ਜੋ ਇਨ੍ਹਾਂ ਨੂੰ ਮੰਨਦੇ ਹਨ।
- 87% ਔਰਤਾਂ ਨੇ ਕਿਹਾ ਕਿ ਉਹ ਕਿਸੇ ਵੀ 'ਬਾਬੇ' 'ਚ ਆਸਥਾ ਨਹੀਂ ਰੱਖਦੀਆਂ।

### 2. ਸਮਾਜ ਦੀ ਬਿਹਤਰੀ ਲਈ ਇਨ੍ਹਾਂ 'ਚੋਂ ਤੁਸੀਂ ਕਿਸ ਨੂੰ ਵਧੀਆ ਮੰਦੇ ਹੋ ?

**59**% : ਲੋਕਾਂ ਦਾ ਮੰਨਣਾ ਹੈ ਕਿ ਮੋਟੀਵੇਸ਼ਨਲ ਗੁਰੂ ਜੋ ਕਰ ਰਹੇ ਹਨ, ਉਹ ਸਮਾਜ ਲਈ ਚੰਗਾ ਹੈ।

**24**% : ਲੋਕਾਂ ਨੇ ਕਿਹਾ ਕਿ ਉਹ ਧਰਮ ਗੁਰੂਆਂ ਨੂੰ ਸਮਾਜ ਲਈ ਵਧੀਆ ਮੰਨਦੇ ਹਨ।

**2**% : ਹੀ ਹਨ, ਜੋ 'ਬਾਬਿਆਂ' ਨੂੰ ਸਹੀ ਮੰਨਦੇ ਹਨ।

**15**% : ਲੋਕਾਂ ਨੇ ਕਥਾ ਵਾਚਕਾਂ ਨੂੰ ਵਧੀਆ ਦੱਸਿਆ।

- 16% ਔਰਤਾਂ ਧਰਮ ਗੁਰੂਆਂ ਨੂੰ, 2% ਬਾਬਿਆਂ ਨੂੰ, 12% ਕਥਾ ਵਾਚਕਾਂ ਅਤੇ 70 ਮੋਟੀਵੇਸ਼ਨਲ ਗੁਰੂਆਂ ਨੂੰ ਵਧੀਆ ਮੰਨਦੀਆਂ ਹਨ।
- ਹਾਲਾਂਕਿ ਸਰਵੇ 'ਚ ਸ਼ਾਮਲ 35% ਕਿਸਾਨਾਂ ਦਾ ਮੰਨਣਾ ਹੈ ਕਿ ਧਰਮਗੁਰੂ ਸਮਾਜ ਲਈ ਵਧੀਆ ਹਨ। ਇਨ੍ਹਾਂ 'ਚ ਮੋਟੀਵੇਸ਼ਨਲ ਗੁਰੂਆਂ ਨੂੰ ਸਹੀ ਮੰਨਣ ਵਾਲਿਆਂ ਦੀ ਗਿਣਤੀ 41% ਹੀ ਹੈ।

### 3. ਕੀ ਤੁਹਾਨੂੰ ਲੱਗਦਾ ਹੈ ਕਿ ਕੁੱਝ ਕੁ ਬਦਨਾਮ 'ਬਾਬਿਆਂ' ਕਾਰਨ ਸਮਾਜ 'ਚ ਸਾਰੇ ਧਰਮਗੁਰੂ ਬਦਨਾਮ ਹੋ ਰਹੇ ਹਨ ?

**82**% ਨੇ ਕਿਹਾ : ਹਾਂ ਬਦਨਾਮ ਹੋ ਰਹੇ ਹਨ।

**18**% ਨੇ ਨਹੀਂ ਕਿਹਾ।

- ਨੌਜਵਾਨਾਂ ਦੇ ਮੁਕਾਬਲੇ ਬਜ਼ੁਰਗ ਜ਼ਿਆਦਾ ਹਨ, ਜੋ ਮੰਨਦੇ ਹਨ ਕਿ ਕੁਝ ਕੁ 'ਬਾਬਿਆਂ' ਕਾਰਨ ਸਾਰੇ ਬਦਨਾਮ ਹੋ ਰਹੇ ਹਨ। 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ 'ਚ 81% ਅਜਿਹੇ ਹਨ। ਉੱਥੇ ਹੀ 60 ਸਾਲ ਤੋਂ ਵੱਧ ਉਮਰ ਦੇ ਲੋਕ ਹਨ, ਜੋ ਇਸ ਗੱਲ ਤੋਂ ਸਹਿਮਤ ਹਨ।
- ਕੁਝ ਕੁ 'ਬਾਬਿਆਂ' ਕਾਰਨ ਸਾਰਿਆਂ ਦੇ ਬਦਨਾਮ ਹੋਣ ਦੀ ਗੱਲ ਕਹਿਣ ਵਾਲੇ ਸਭ ਤੋਂ ਵੱਧ ਵੱਧ ਚੰਡੀਗੜ੍ਹ 'ਚ ਹਨ। ਇਨ੍ਹਾਂ ਦੀ ਗਿਣਤੀ 86% ਹੈ, ਜਦਕਿ ਸਭ ਤੋਂ ਘੱਟ 81% ਰਾਜਸਥਾਨ 'ਚ ਹਨ, ਜੋ ਅਜਿਹਾ ਸੋਚਦੇ ਹਨ।

### 4. ਸਮਾਜ 'ਚ ਅੰਧਵਿਸ਼ਵਾਸ ਵਧਾਉਣ ਲਈ ਕੌਣ ਜ਼ਿੰਮੇਵਾਰ ਹੈ ?

73% ਲੋਕਾਂ ਨੇ ਕਿਹਾ ਕਿ 'ਬਾਬਿਆਂ' ਅਤੇ ਧਰਮ ਗੁਰੂਆਂ ਦੋਨਾਂ 'ਚ ਭਗਤਾਂ ਦਾ ਅੰਧਵਿਸ਼ਵਾਸ ਇਸ ਲਈ ਜ਼ਿੰਮੇਵਾਰ ਹੈ।

14% ਨੇ ਕਿਹਾ ਕਿ ਅੰਧਵਿਸ਼ਵਾਸ ਵਧਾਉਣ ਲਈ 'ਬਾਬਾ' ਜ਼ਿੰਮੇਵਾਰ ਹੈ।

2% ਨੇ ਧਰਮ ਗੁਰੂਆਂ ਨੂੰ ਇਸ ਦਾ ਕਾਰਨ ਮੰਨਿਆ।

11% ਗ਼ਰੀਬੀ ਅਤੇ ਗ਼ਰੀਬ ਆਬਾਦੀ ਨੂੰ ਸਮਾਜ 'ਚ ਅੰਧਵਿਸ਼ਵਾਸ ਵਧਾਉਣ ਦਾ ਕਾਰਨ ਮੰਨਦੇ ਹਨ।

- ਮਰਦਾਂ ਦੇ ਮੁਕਾਬਲੇ ਮਹਿਲਾ ਭਗਤਾਂ ਨੂੰ ਅੰਧਵਿਸ਼ਵਾਸ ਵਧਾਉਣ ਲਈ ਜ਼ਿਆਦਾ ਜ਼ਿੰਮੇਵਾਰ ਮੰਨਦੀਆਂ ਹਨ। 72% ਮਰਦ, ਜਦਕਿ 81% ਔਰਤਾਂ ਅਜਿਹਾ ਮੰਨਦੀਆਂ ਹਨ।
- ਨਾਨ-ਗ੍ਰੈਜੂਏਟਸ 'ਚ 18% 'ਬਾਬਿਆਂ' ਨੂੰ ਅੰਧਵਿਸ਼ਵਾਸ ਵਧਾਉਣ ਲਈ ਜ਼ਿੰਮੇਵਾਰ ਮੰਨਦੇ ਹਨ। ਉੱਥੇ ਹੀ ਪੋਸਟ ਗ੍ਰੈਜੂਏਟਸ 'ਚ 9% ਹੀ ਹਨ।

### 5. ਕੀ ਰਾਜਨੀਤਕ ਪਾਰਟੀਆਂ ਨੂੰ ਵੋਟ ਲਈ 'ਬਾਬਿਆਂ' ਦਾ ਸਮਰਥਨ ਜਾਂ ਸਹਾਰਾ ਲੈਣਾ ਚਾਹੀਦਾ ਹੈ ?

**88**% ਨੇ ਕਿਹਾ ਨਹੀਂ

**12**% ਨੇ ਕਿਹਾ ਹਾਂ

- ਔਰਤਾਂ 'ਚ ਸਿਰਫ਼ 10% ਹੀ ਹਨ, ਜੋ ਰਾਜਨੀਤਕ ਪਾਰਟੀਆਂ ਵੱਲੋਂ 'ਬਾਬਿਆਂ' ਦਾ ਸਹਾਰਾ ਜਾਂ ਸਮਰਥਨ ਲੈਣ 'ਤੇ ਸਹਿਮਤ ਹਨ। ਉੱਥੇ ਹੀ ਅਜਿਹੇ ਮਰਦਾਂ ਦੀ ਗਿਣਤੀ 12% ਹੈ।
- ਵਿਦਿਆਰਥੀਆਂ 'ਚ 91% ਹਨ, ਜੋ ਕਹਿੰਦੇ ਹਨ ਕਿ ਰਾਜਨੀਤਕ ਪਾਰਟੀਆਂ ਨੂੰ ਵੋਟ ਲਈ 'ਬਾਬਿਆਂ' ਦਾ ਸਮਰਥਨ ਜਾਂ ਸਹਾਰਾ ਨਹੀਂ ਲੈਣਾ ਚਾਹੀਦਾ। ਉੱਥੇ ਹੀ ਵਪਾਰ ਕਰਨ ਵਾਲੇ 86% ਅਤੇ ਨੌਕਰੀ ਕਰਨ ਵਾਲੇ 87% ਹਨ, ਜੋ ਅਜਿਹਾ ਚਾਹੁੰਦੇ ਹਨ।

### 6. ਕੀ ਬਾਬਾ, ਧਰਮਗੁਰੂ, ਕਥਾ ਵਾਚਕ ਤੇ ਮੋਟੀਵੇਸ਼ਨਲ ਗੁਰੂ ਨੂੰ ਰਾਜਨੀਤੀ ਨਾਲ ਜੁੜਨਾ ਚਾਹੀਦਾ ਹੈ ?

**96**% ਨੇ ਕਿਹਾ ਨਹੀਂ

**4**% ਨੇ ਕਿਹਾ ਹਾਂ

- ਘਰੇਲੂ ਔਰਤਾਂ 'ਚ 97% ਕਹਿੰਦੀਆਂ ਹਨ ਕਿ 'ਬਾਬਿਆਂ', ਧਰਮ ਗੁਰੂਆਂ, ਕਥਾ ਵਾਚਕਾਂ ਤੇ ਮੋਟੀਵੇਸ਼ਨਲ ਗੁਰੂਆਂ ਨੂੰ ਰਾਜਨੀਤੀ ਨਾਲ ਨਹੀਂ ਜੁੜਨਾ ਚਾਹੀਦਾ।
- ਦਿੱਲੀ 'ਚ ਸਭ ਤੋਂ ਘੱਟ 93% ਲੋਕਾਂ ਨੇ ਕਿਹਾ ਹੈ ਕਿ ਇਨ੍ਹਾਂ ਦਾ ਰਾਜਨੀਤੀ ਨਾਲ ਜੁੜਨਾ ਗ਼ਲਤ ਹੈ। ਸਭ ਤੋਂ ਵੱਧ 96.5% ਰਾਜਸਥਾਨ 'ਚ ਅਜਿਹਾ ਕਹਿੰਦੇ ਹਨ।
- 25 ਸਾਲ ਤੋਂ ਘੱਟ ਉਮਰ ਦੇ 5% ਨੌਜਵਾਨ ਕਹਿੰਦੇ ਹਨ ਕਿ ਇਨ੍ਹਾਂ ਨੂੰ ਰਾਜਨੀਤੀ ਨਾਲ ਜੁੜਨਾ ਚਾਹੀਦਾ ਹੈ, ਉੱਥੇ ਹੀ 60 ਸਾਲ ਤੋਂ ਵੱਧ ਦੇ 4% ਲੋਕ ਅਜਿਹਾ ਕਹਿੰਦੇ ਹਨ।

### 7. ਇਕ ਤੋਂ ਬਾਅਦ ਇਕ ਕਾਨੂੰਨ 'ਚ ਘਿਰੇ 'ਬਾਬਿਆਂ' ਤੋਂ ਬਾਅਦ-

**47**% ਹਰ ਬਾਬਾ ਸ਼ੱਕੀ ਲੱਗਣ ਲੱਗਾ ਹੈ।

**23**% ਬਾਬਿਆਂ ਪ੍ਰਤੀ ਸਨਮਾਨ ਘੱਟ ਹੋਇਆ ਹੈ।

**25**% ਪੁਲਿਸ ਕਾਰਵਾਈ ਅਤੇ ਅਦਾਲਤ ਦੇ ਫ਼ੈਸਲੇ ਦਾ ਇੰਤਜ਼ਾਰ ਕਰਨਗੇ।

5% ਨਹੀਂ, 'ਬਾਬਿਆਂ' ਦਾ ਸਨਮਾਨ ਕਾਇਮ ਹੈ।

- ਉੱਤਰ ਪ੍ਰਦੇਸ਼ 'ਚ ਹਰ 'ਬਾਬੇ' ਨੂੰ ਸ਼ੱਕੀ ਮੰਨਣ ਵਾਲਿਆਂ ਦਾ ਅੰਕੜਾ ਸਭ ਤੋਂ ਘੱਟ 39% ਹੈ। ਬਿਹਾਰ 'ਚ ਸਭ ਤੋਂ ਵੱਧ 51% ਹੁਣ ਅਜਿਹੇ ਸੋਚ ਰੱਖਣ ਲੱਗੇ ਹਨ।
- 60 ਤੋਂ ਵੱਧ ਉਮਰ ਦੇ 28% ਕਹਿੰਦੇ ਹਨ ਕਿ ਅਜਿਹੇ ਘਟਨਾਵਾਂ ਨਾਲ 'ਬਾਬਿਆਂ' ਪ੍ਰਤੀ ਸਨਮਾਨ ਘੱਟ ਹੋਇਆ ਹੈ। 25 ਸਾਲ ਤੋਂ ਘੱਟ ਦੇ 22% ਹੀ ਅਜਿਹਾ ਮੰਨਦੇ ਹਨ।

### 8. ਕੀ ਤੁਹਾਨੂੰ ਕਿਸੇ 'ਬਾਬੇ' ਦੇ ਚਮਤਕਾਰ ਦਾ ਪਤਾ ਹੈ ?

**50**% ਨੇ ਕਿਹਾ ਕਿ 'ਬਾਬਿਆਂ' ਦੇ ਚਮਤਕਾਰ ਬਾਰੇ ਸਿਰਫ਼ ਸੁਣਿਆ ਹੈ।

**44**% ਨੇ ਕਿਹਾ ਕਿ ਚਮਤਕਾਰ ਨਹੀਂ ਵੇਖਿਆ।

- 7% ਮਰਦਾਂ ਨੇ ਕਿਹਾ ਕਿ ਉਨ੍ਹਾਂ ਨੇ 'ਬਾਬਿਆਂ' ਦੇ ਚਮਤਕਾਰ ਵੇਖੇ ਹਨ, ਜਦਕਿ 5% ਔਰਤਾਂ ਨੇ ਕਿਹਾ ਕਿ ਉਨ੍ਹਾਂ ਨੇ ਚਮਤਕਾਰ ਵੇਖੇ ਹਨ।
- 58% ਘਰੇਲੂ ਔਰਤਾਂ ਨੇ ਕਿਹਾ ਕਿ ਚਮਤਕਾਰ ਬਾਰੇ ਸਿਰਫ਼ ਸੁਣਿਆ ਹੈ।
- ਸਭ ਤੋਂ ਵੱਧ ਦਿੱਲੀ ਦੇ 25% ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਚਮਤਕਾਰ ਵੇਖੇ ਹਨ, ਜਦਕਿ ਉੱਤਰ ਪ੍ਰਦੇਸ਼ ਦੇ 20% ਨੇ ਚਮਤਕਾਰ ਵੇਖਣ ਦੀ ਗੱਲ ਕਹੀ। ਸਭ ਤੋਂ ਘੱਟ ਛੱਤੀਸਗੜ੍ਹ ਦੇ 4% ਲੋਕਾਂ ਨੇ 'ਬਾਬਿਆਂ' ਦੇ ਚਮਤਕਾਰ ਵੇਖਣ ਦੀ ਗੱਲ ਕਹੀ।

### 9. ਤੁਹਾਨੂੰ ਕੀ ਲੱਗਦਾ ਹੈ ਕਿ ਭਗਤਾਂ ਨੂੰ 'ਬਾਬਿਆਂ' ਦਾ ਕਿਹੜਾ ਗੁਣ ਆਕਰਸ਼ਿਤ ਕਰਦਾ ਹੈ ?

**39**% ਨੇ ਕਿਹਾ ਕਿ ਨਾਂ ਅਤੇ ਪ੍ਰਸਿੱਧੀ ਤੋਂ ਆਕਰਸ਼ਿਤ ਹੁੰਦੇ ਹਨ।

**16**% ਗਿਆਨ ਤੋਂ ਆਕਰਸ਼ਿਤ ਹੁੰਦੇ ਹਨ।

**15**% ਧਾਰਮਿਕ ਦ੍ਰਿਸ਼ਟੀਕੋਣ ਤੋਂ।

**30**% ਚਮਤਕਾਰ ਤੋਂ।

- 38% ਔਰਤਾਂ ਨੂੰ ਚਮਤਕਾਰ ਆਕਰਸ਼ਿਤ ਕਰਦਾ ਹੈ। ਇਸ ਦੇ ਮੁਕਾਬਲੇ ਮਰਦਾਂ ਨੂੰ ਚਮਤਕਾਰ 'ਤੇ ਘੱਟ ਭਰੋਸਾ ਹੈ। 29% ਮਰਦ 'ਬਾਬਿਆਂ' ਦੇ ਇਸ ਗੁਣ ਤੋਂ ਪ੍ਰਭਾਵਿਤ ਹੁੰਦੇ ਹਨ।
- ਸਿੱਖਿਆ ਦੇ ਮਾਮਲੇ 'ਚ 32% ਪ੍ਰੋਫੈਸ਼ਨਲ ਡਿਗਰੀ ਵਾਲਿਆਂ ਨੂੰ ਚਮਤਕਾਰ ਦਾ ਗੁਣ ਵੱਧ ਆਕਰਸ਼ਿਤ ਕਰਦਾ ਹੈ। ਜਦਕਿ 28% ਨਾਨ ਗ੍ਰੈਜੂਏਟਸ ਨੂੰ ਇਹ ਗੁਣ ਆਕਰਸ਼ਿਤ ਕਰਦਾ ਹੈ।

### 10. 'ਬਾਬਿਆਂ' ਦੀ ਪ੍ਰਸਿੱਧੀ ਸਭ ਤੋਂ ਵੱਧ ਕਿਸ ਤੋਂ ਬਣਦੀ ਹੈ ?

**33**% ਨੇ ਕਿਹਾ ਕਿ ਚਮਤਕਾਰਾਂ ਦੀ ਚਰਚਾ ਤੋਂ ਪ੍ਰਸਿੱਧੀ ਬਣਦੀ ਹੈ।

**27**% ਨੇ ਕਿਹਾ 'ਬਾਬਿਆਂ' ਦੀ ਪ੍ਰਸਿੱਧੀ ਧਾਰਮਿਕ ਚੈਨਲਾਂ ਤੋਂ ਬਣਦੀ ਹੈ।

**26**% ਨੇ ਕਿਹਾ ਕਿ ਨੇਤਾਵਾਂ/ਕਲਾਕਾਰਾਂ/ਖਿਡਾਰੀਆਂ ਦੇ ਆਉਣ-ਜਾਣ ਕਾਰਨ।

**14**% ਨੇ ਕਿਹਾ ਕਿ ਮਹਿੰਗੇ ਪ੍ਰਚਾਰ ਤੋਂ 'ਬਾਬਿਆਂ' ਦੀ ਪ੍ਰਸਿੱਧੀ ਬਣਦੀ ਹੈ।

- ਸਰਵੇ 'ਚ ਸ਼ਾਮਲ ਰਾਜਸਥਾਨ ਦੇ 36% ਲੋਕਾਂ ਨੇ ਕਿਹਾ ਕਿ 'ਬਾਬਿਆਂ' ਦੀ ਪ੍ਰਸਿੱਧੀ ਚਮਤਕਾਰਾਂ ਦੀ ਚਰਚਾ ਤੋਂ ਬਣਦੀ ਹੈ।

### 11. ਤੁਸੀਂ 'ਬਾਬਿਆਂ' 'ਚ ਭਰੋਸਾ ਕਿਉਂ ਕਰਦੇ ਹੋ ?

**74**% ਨੇ ਕਿਹਾ ਕਿ ਉਨ੍ਹਾਂ ਦੀਆਂ ਗੱਲਾਂ ਨਾਲ ਤਣਾਅ ਸਮੇਂ ਮਾਨਸਿਕ ਸ਼ਾਂਤੀ ਮਿਲਦੀ ਹੈ

**12**% ਬਾਬਿਆਂ ਦੀ ਅਗਵਾਈ 'ਚ ਕੰਮ ਪੂਰਾ ਕਰਨ ਵਿਚ ਮਦਦ ਮਿਲਦੀ ਹੈ।

**3**% ਲੋੜ ਸਮੇਂ ਉਨ੍ਹਾਂ ਨੂੰ ਆਰਥਿਕ ਮਦਦ ਮਿਲਦੀ ਹੈ

**11**% ਉਨ੍ਹਾਂ ਦੇ ਅਸ਼ੀਰਵਾਦ ਤੋਂ ਕੰਮ ਪੂਰੇ ਕਰਨ 'ਚ ਮਦਦ ਮਿਲਦੀ ਹੈ।

- ਸਭ ਤੋਂ ਵੱਧ ਹਿਮਾਚਲ ਪ੍ਰਦੇਸ਼ ਦੇ 11% ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਲੋੜ ਸਮੇਂ 'ਬਾਬਿਆਂ' ਤੋਂ ਆਰਥਿਕ ਮਦਦ ਮਿਲਦੀ ਹੈ।

### 12. ਤੁਹਾਡੀ ਸੋਚ 'ਚ ਕਿਨ੍ਹਾਂ ਹਾਲਤਾਂ 'ਚ ਲੋਕ 'ਬਾਬਿਆਂ' ਕੋਲ ਜਾਂਦੇ ਹਨ ?

**49**% ਪੈਸਾ, ਵਪਾਰ, ਨੌਕਰੀ ਦੀ ਸਮੱਸਿਆ ਦੇ ਹੱਲ ਲਈ ਬਾਬਿਆਂ ਕੋਲ ਜਾਂਦੇ ਹਨ।

**36**% ਬਿਮਾਰੀ ਜਾਂ ਸੰਕਟ ਸਮੇਂ।

**30**% ਔਲਾਦ ਸਬੰਧੀ ਸਮੱਸਿਆ 'ਤੇ ਜਾਂਦੇ ਹਨ।

**37**% ਮਨ ਦੀ ਸ਼ਾਂਤੀ ਲਈ ਜਾਂਦੇ ਹਨ।

- 25 ਤੋਂ ਘੱਟ ਉਮਰ ਦੇ 52% ਨੌਜਵਾਨਾਂ ਨੇ ਪੈਸਾ, ਵਪਾਰ, ਨੌਕਰੀ ਦੀ ਸਮੱਸਿਆ 'ਤੇ ਬਾਬਿਆਂ ਕੋਲ ਜਾਣ ਦੀ ਗੱਲ ਕਹੀ।

### 13. ਪਹਿਲੀ ਵਾਰ ਤੁਸੀਂ 'ਬਾਬੇ' ਕੋਲ ਕਿਸੇ ਦੇ ਕਹਿਣ 'ਤੇ ਗਏ ?

**39**% ਨੇ ਕਿਹਾ ਕਿ ਰਿਸ਼ਤੇਦਾਰਾਂ, ਦੋਸਤਾਂ ਦੇ ਕਹਿਣ 'ਤੇ।

**37**% ਨੇ ਕਿਹਾ ਕਿ ਸੁਣ ਕੇ, ਪ੍ਰਚਾਰ ਤੋਂ ਪ੍ਰਭਾਵਤ ਹੋ ਕੇ।

**24**% ਨੇ ਕਿਹਾ ਕਿ ਪਰਿਵਾਰਕ ਪਰੰਪਰਾ ਤੋਂ।

- 60 ਤੋਂ ਵੱਧ ਉਮਰ ਦੇ 42% ਨੇ ਕਿਹਾ ਕਿ ਸੁਣ ਕੇ/ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ 'ਬਾਬੇ' ਕੋਲ ਜਾਂਦੇ ਹਨ, ਜਦਕਿ 42% ਕਿਸਾਨ ਵੀ ਇਸੇ ਤੋਂ ਪ੍ਰਭਾਵਿਤ ਹੁੰਦੇ ਹਨ।



### 14. ਕੀ ਧਾਰਮਿਕ ਸੰਗਠਨਾਂ, ਮਠਾਂ, ਮਿਸ਼ਨਰੀਆਂ, ਮਜ਼੍ਹਬੀ ਜਮਾਤਾਂ, ਡੇਰਿਆਂ ਦੀ ਦੇਸ਼ ਭਰ 'ਚ ਫੈਲੀ ਸ਼ਾਖਾਵਾਂ ਦੀ ਜਾਇਦਾਦ ਦੀ ਜਾਂਚ ਅਤੇ ਜ਼ਬਤ ਹੋਣੀ ਚਾਹੀਦੀ ਹੈ ?

**95**% ਨੇ ਕਿਹਾ ਹਾਂ, ਕਿਉਂਕਿ ਇਨ੍ਹਾਂ ਦੀ ਜਾਇਦਾਦ ਕਈ ਗੁਣਾ ਵੱਧ ਰਹੀ ਹੈ, ਜੋ ਕਾਲਾ ਧੰਨ ਹੈ।

**5**% ਨੇ ਕਿਹਾ ਨਹੀਂ, ਇਹ ਭਲਾਈ ਦਾ ਕੰਮ ਕਰਦੇ ਹਨ।

- 4% ਔਰਤਾਂ ਮੰਨਦੀਆਂ ਹਨ ਕਿ 'ਬਾਬੇ' ਦਾਨ-ਪੁੰਨ ਕਰਦੇ ਹਨ, ਜਦਕਿ 6% ਮਰਦ ਅਜਿਹਾ ਮੰਨਦੇ ਹਨ।
- 12% ਸਭ ਤੋਂ ਵੱਧ ਉੱਤਰ ਪ੍ਰਦੇਸ਼ ਦੇ ਲੋਕ ਮੰਨਦੇ ਹਨ ਕਿ 'ਬਾਬੇ' ਦਾਨ ਪੁੰਨ ਦੇ ਕੰਮ ਕਰਦੇ ਹਨ। ਦਿੱਲੀ ਦੇ ਵੀ 11% ਲੋਕ ਅਜਿਹਾ ਮੰਨਦੇ ਹਨ।

### 15. ਮਠਾਂ, ਮਿਸ਼ਨਰੀਆਂ, ਮਜ਼੍ਹਬੀ, ਡੇਰਿਆਂ ਦੀ ਨਿਗਰਾਨੀ ਲਈ ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ ?

**47**% ਨੇ ਕਿਹਾ ਕਿ ਪਾਰਦਰਸ਼ਤਾ ਕਾਨੂੰਨ ਬਣਾ ਕੇ ਸੀ.ਸੀ.ਟੀ.ਵੀ. ਲਾਜ਼ਮੀ ਕਰ ਕੇ ਆਰ.ਟੀ.ਆਈ. ਦੇ ਦਾਇਰੇ 'ਚ ਲਿਆਉਣਾ ਚਾਹੀਦਾ ਹੈ।

**30**% ਨੇ ਕਿਹਾ ਕਿ ਪੂਰੀ ਜਾਇਦਾਦ ਦਾ ਬਿਉਰਾ ਜਨਤਕ ਕਰਨਾ ਚਾਹੀਦਾ ਹੈ।

**3**% ਨੇ ਕਿਹਾ ਕਿ ਕੁਝ ਨਹੀਂ ਕਰਨਾ ਚਾਹੀਦਾ, ਇਹ ਆਸਥਾ ਦਾ ਮਾਮਲਾ ਹੈ।

**20**% ਨੇ ਕਿਹਾ ਕਿ ਰਾਜਨੀਤਕ ਪਾਰਟੀਆਂ ਲਈ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ ਕਿ ਆਪਣੇ ਚੋਣ ਮੈਨੀਫੈਸਟੋ 'ਚ ਲਿਖਣ ਕਿ ਕਿਸੇ ਵੀ ਧਰਮ, ਪੰਥ, ਮਜ਼੍ਹਬ ਨੂੰ ਲਾਭ ਨਹੀਂ ਪਹੁੰਚਾਉਣਗੇ।

**52**% ਔਰਤਾਂ ਨੇ ਕਿਹਾ ਕਿ ਜਾਂਚ ਲਈ ਸੀ.ਸੀ.ਟੀ.ਵੀ. ਕੈਮਰੇ ਲੱਗਣੇ ਚਾਹੀਦੇ ਹਨ।

# ਪੰਜਾਬ 'ਚ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਨੂੰ ਮਨਜ਼ੂਰੀ

## *31 ਮਾਰਚ ਤੋਂ ਲਾਗੂ ਹਵੇਗੀ ਯੋਜਨਾ, 400 ਕਰੋੜ ਰੁਪਏ ਵਿਆਜ ਭਰੇਗੀ ਕੈਪਟਨ ਸਰਕਾਰ*



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਕੈਬਨਿਟ ਨੇ ਕਿਸਾਨਾਂ ਦੇ ਕਰਜ਼ਾ ਮੁਆਫ਼ ਕਰਨ ਦੇ ਨੋਟੀਫਿਕੇਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹਾਲਾਂਕਿ ਗੁਰਦਾਸਪੁਰ ਚੋਣ ਨੂੰ ਦੇਖਦੇ ਹੋਏ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਚੋਣ ਕਮਿਸ਼ਨ ਨਾਲ ਗੱਲ ਕਰਨ ਲਈ ਕਿਹਾ ਗਿਆ ਹੈ। ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਕਮਿਸ਼ਨ ਨੂੰ ਇਸ ਨੂੰ ਲਾਗੂ ਕਰਨ ਵਿਚ ਦਿੱਕਤ ਹੈ ਤਾਂ ਅਸੀਂ ਗੁਰਦਾਸਪੁਰ ਨੂੰ ਛੱਡ ਕੇ ਬਾਕੀ ਪੰਜਾਬ ਵਿਚ ਲਾਗੂ ਕਰ ਦਿਆਂਗੇ। ਪੰਜਾਬ ਸਰਕਾਰ ਨੇ ਕਰਜ਼ਾ ਮੁਆਫ਼ੀ ਸਕੀਮ ਬੀਤੀ 31 ਮਾਰਚ ਤੋਂ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਕੀਮ ਤਹਿਤ 1 ਅਪ੍ਰੈਲ ਤੋਂ ਨੋਟੀਫਿਕੇਸ਼ਨ ਜਾਰੀ ਹੋਣ ਦੀ ਤਾਰੀਖ਼ ਤੱਕ ਦਾ ਕਰੀਬ 400 ਕਰੋੜ ਰੁਪਏ ਵਿਆਜ ਵੀ ਸਰਕਾਰ ਭਰੇਗੀ। ਪੰਜਾਬ ਵਜ਼ਾਰਤ ਨੇ ਨੋਟੀਫਿਕੇਸ਼ਨ ਜਾਰੀ ਕਰਨ ਲਈ, ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਕਾਰਨ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਚੋਣ ਕਮਿਸ਼ਨ ਨਾਲ ਸੰਪਰਕ ਕਰਨ ਲਈ ਕਿਹਾ ਹੈ। ਕਮਿਸ਼ਨ ਜੇ ਚੋਣ ਜ਼ਾਬਤੇ ਕਾਰਨ ਗੁਰਦਾਸਪੁਰ ਹਲਕੇ ਵਿਚ ਕਰਜ਼ਾ ਮੁਆਫ਼ੀ ਲਾਗੂ ਕਰਨ ਲਈ ਵੋਟਾਂ ਦੀ ਗਿਣਤੀ ਰੁਕਣ ਲਈ ਕਹਿੰਦਾ ਹੈ ਤਾਂ ਸਕੀਮ ਫਿਲਹਾਲ ਬਾਕੀ ਸੂਬੇ ਵਿਚ ਲਾਗੂ ਕੀਤੀ ਜਾਵੇਗੀ। ਵਜ਼ਾਰਤ ਨੇ ਹੋਰ ਕਈ ਅਹਿਮ ਫ਼ੈਸਲੇ ਵੀ ਲਏ ਹਨ।

ਪੰਜਾਬ ਵਜ਼ਾਰਤ ਦੀ ਮੀਟਿੰਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਰਜ਼ਾ ਮੁਆਫ਼ੀ ਸਕੀਮ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਕਰਜ਼ਾ ਮੁਆਫ਼ੀ ਦਾ ਪੈਸਾ ਚਾਰ-ਪੰਜ ਕਿਸ਼ਤਾਂ ਵਿਚ ਅਦਾ ਕੀਤਾ ਜਾਵੇਗਾ ਤੇ ਰਾਜ ਸਰਕਾਰ ਨੇ ਇਸ ਲਈ ਪੈਸੇ ਦਾ ਪ੍ਰਬੰਧ ਕਰ ਲਿਆ ਹੈ। ਕਰਜ਼ਾ ਮੁਆਫ਼ੀ ਦਾ ਐਲਾਨ ਬਜਟ ਦੌਰਾਨ ਕੀਤਾ ਹੋਣ ਕਾਰਨ ਚੋਣ ਜ਼ਾਬਤਾ ਅੜਿੱਕਾ ਨਹੀਂ ਬਣੇਗਾ ਪਰ ਫਿਰ ਵੀ ਚੋਣ ਕਮਿਸ਼ਨ ਕੋਲੋਂ ਪ੍ਰਵਾਨਗੀ ਲਈ ਜਾਵੇਗੀ। ਰਾਜ ਸਰਕਾਰ ਸਹਿਕਾਰੀ ਬੈਂਕਾਂ ਦੇ ਕਰਜ਼ ਦੇ 3600 ਕਰੋੜ ਰੁਪਏ ਅਤੇ ਨਿਜੀ ਤੇ ਕੌਮੀਕ੍ਰਿਤ ਬੈਂਕਾਂ ਦੇ 6000 ਕਰੋੜ ਰੁਪਏ ਮੁਆਫ਼ ਕਰੇਗੀ। ਅਗਲੇ ਕੁਝ ਦਿਨਾਂ ਵਿਚ ਬੈਂਕਾਂ ਵੱਲੋਂ ਪਿੰਡਾਂ ਵਿਚ ਕਰਜ਼ਾ ਮੁਆਫ਼ੀ ਵਾਲੇ ਕਿਸਾਨਾਂ ਨੂੰ ਜਾਣਕਾਰੀ ਦੇ ਦਿੱਤੀ ਜਾਵੇਗੀ। ਜਿਸ ਕਿਸਾਨ ਦਾ ਨਾਂ ਨਹੀਂ ਆਵੇਗਾ, ਉਹ ਬੈਂਕਾਂ ਤਕ ਪਹੁੰਚ ਕਰ ਸਕੇਗਾ। ਉਨ੍ਹਾਂ ਕਿਹਾ ਕਿ ਸਰਕਾਰ ਸਕੀਮ ਦਾ ਲਾਹਾ ਗੁਰਦਾਸਪੁਰ ਦੇ ਕਿਸਾਨਾਂ ਨੂੰ ਵੀ ਦੇਣਾ ਚਾਹੁੰਦੀ ਹੈ, ਜਿਸ ਲਈ ਯਤਨ ਕੀਤੇ ਜਾਣਗੇ। ਵਜ਼ਾਰਤ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਵਿਸ਼ਵ ਪੱਧਰੀ ਤਕਨੀਕੀ ਯੂਨੀਵਰਸਿਟੀ ਬਣਾਉਣ ਲਈ ਕੌਮਾਂਤਰੀ ਟੈਂਡਰ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਨਾਲ ਸੂਬੇ ਦੇ ਕੁੱਲ ਘਰੇਲੂ ਉਤਪਾਦ ਵਿੱਚ 6500 ਕਰੋੜ ਰੁਪਏ ਦੇ ਵਾਧੇ ਨਾਲ 2400 ਵਿਅਕਤੀਆਂ ਨੂੰ ਸਿੱਧਾ ਰੁਜ਼ਗਾਰ ਮਿਲੇਗਾ। ਨਾਲ ਹੀ ਆਈਟੀ ਸਿਟੀ ਮੁਹਾਲੀ ਵਿਖੇ ਪਲਾਟਾਂ ਦੀ ਅਲਾਟਮੈਂਟ ਸਬੰਧੀ ਯੋਗਤਾ ਪੈਮਾਨਿਆਂ ਵਿੱਚ ਨਰਮੀ ਕਰਦਿਆਂ ਗੈਰ ਸੀਐਮਐਮ ਸਾਫਟਵੇਅਰ ਇੰਜਨੀਅਰਿੰਗ ਇੰਸਟੀਚਿਊਟ, ਜੋ ਲੇਵਲ 5 ਸਰਟੀਫਿਕੇਸ਼ਨ ਪੱਧਰ ਦੇ ਹੋਣ, ਨੂੰ ਵੀ 3 ਤੋਂ 25 ਏਕੜ ਤੱਕ ਦੇ ਪਲਾਟ ਅਲਾਟ ਕੀਤੇ ਜਾਣ ਲਈ ਮਨਜ਼ੂਰੀ ਦਿੱਤੀ ਗਈ ਹੈ। ਘਰ-ਘਰ ਰੁਜ਼ਗਾਰ ਯੋਜਨਾ' ਲਾਗੂ ਕਰਨ ਦੇ ਮੰਤਵ ਨਾਲ ਸਾਰੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਬਿਊਰੋ ਆਫ ਐਂਪਲਾਈਮੈਂਟ ਐਂਡ ਐਂਟਰਪਰਾਈਜ਼ ਸਥਾਪਤ ਕਰਨ ਨੂੰ ਵੀ ਹਰੀ ਝੰਡੀ ਦਿੱਤੀ ਹੈ।

ਸਰਕਾਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕਰਨ ਦੀ ਤਜਵੀਜ਼ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ, ਜਿਸ ਲਈ ਅਗਲੇ ਅਕਾਦਮਿਕ ਸੈਸ਼ਨ ਤੋਂ ਦਾਖ਼ਲੇ ਸ਼ੁਰੂ ਹੋਣਗੇ। ਪ੍ਰੀ-ਪ੍ਰਾਇਮਰੀ ਸਕੂਲਾਂ ਵਿੱਚ ਤਿੰਨ ਸਾਲ ਤੋਂ ਵੱਧ ਉਮਰ ਦੇ ਬੱਚੇ ਦਾਖ਼ਲ ਹੋ ਸਕਣਗੇ। ਸਥਾਨਕ ਸਰਕਾਰਾਂ ਅਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਸਬੰਧਤ ਵਿਸ਼ਿਆਂ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦਾ ਸੁਝਾਅ ਦਿੱਤਾ। ਪੰਜਾਬ ਸਕੂਲ ਸਿੱਖਿਆ ਬੋਰਡ ਐਕਟ-1969 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦਿੱਤੀ ਹੈ, ਜਿਸ ਨਾਲ ਬੋਰਡ ਵਿੱਚ ਸੀਨੀਅਰ ਵਾਈਸ ਚੇਅਰਮੈਨ ਦੀ ਅਸਾਮੀ ਖਤਮ ਹੋ ਜਾਵੇਗੀ। ਵਜ਼ਾਰਤ ਨੇ ਐਕਟ ਦੀ ਧਾਰਾ 6(ਏ), 15(1) ਤੇ 17(1) ਨੂੰ ਵੀ ਸੋਧਣ ਦੀ ਮਨਜ਼ੂਰੀ ਦਿੱਤੀ ਹੈ।

ਵਜ਼ਾਰਤ ਨੇ ਪੰਜਾਬ ਆਬਕਾਰੀ ਐਕਟ ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ, ਜਿਸ ਨਾਲ ਮਿਊਂਸਪਲ ਹੱਦ ਵਿੱਚ ਪੈਂਦੇ ਲਾਇਸੈਂਸਸ਼ੁਦਾ ਠੇਕਿਆਂ ਤੋਂ ਸ਼ਰਾਬ ਵੇਚਣ ਦੀ ਇਜਾਜ਼ਤ ਹੋਵੇਗੀ ਤੇ 500 ਮੀਟਰ ਘੇਰੇ ਵਾਲੀ ਸ਼ਰਤ ਲਾਗੂ ਨਹੀਂ ਹੋਵੇਗੀ। ਸ਼ਰਾਬ ਦੀ ਗੈਰਕਾਨੂੰਨੀ ਤਸਕਰੀ ਰੋਕਣ ਲਈ ਪੰਜਾਬ ਆਬਕਾਰੀ ਐਕਟ ਵਿਚ ਸੋਧ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿਤੀ ਗਈ। ਪੇਂਡੂ ਗਰੀਬਾਂ ਤੱਕ ਵੱਖ-ਵੱਖ ਭਲਾਈ ਪ੍ਰੋਗਰਾਮਾਂ ਦਾ ਲਾਭ ਪੁੱਜਣਾ ਯਕੀਨੀ ਬਣਾਉਣ ਵਾਸਤੇ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ (ਐਮਜੀਐਸਵੀਵਾਈ) ਨਾਂ ਦੀ ਨਵੀਂ ਸਕੀਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਸਕੀਮ ਅੰਤਯੋਦਿਆ ਸਿਧਾਂਤਾਂ ਦੀ ਤਰਜ਼ 'ਤੇ ਬਣਾਈ ਗਈ ਹੈ।

## ਜ਼ਿਮਨੀ ਚੋਣ ਮਗਰੋਂ ਹੋ ਸਕਦੈ ਵਜ਼ਾਰਤ 'ਚ ਵਾਧਾ

**ਚੰਡੀਗੜ੍ਹ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਮਗਰੋਂ ਵਜ਼ਾਰਤ ਵਿੱਚ ਵਾਧਾ ਕਰਨ ਦੇ ਸੰਕੇਤ ਦਿੱਤੇ ਹਨ। ਜਾਣਕਾਰੀ ਅਨੁਸਾਰ ਵਜ਼ਾਰਤ ਦੀ ਹੋਈ ਮੀਟਿੰਗ ਦੌਰਾਨ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਕੰਮ ਦਾ ਬੋਝ ਹਲਕਾ ਕਰਨ ਲਈ ਕੁਝ ਵਿਭਾਗ ਆਪਣੇ ਮੰਤਰੀ ਸਾਥੀਆਂ ਨੂੰ ਦੇ ਦੇਣ। ਮੁੱਖ ਮੰਤਰੀ ਨੇ ਕਿਹਾ ਕਿ ਜ਼ਿਮਨੀ ਚੋਣ ਤੋਂ ਬਾਅਦ ਵਜ਼ਾਰਤ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਕੁਝ ਵਿਭਾਗ ਉਹ ਆਪਣੇ ਸਾਥੀ ਮੰਤਰੀਆਂ ਨੂੰ ਵੀ ਦੇਣਗੇ। ਜ਼ਿਕਰਯੋਗ ਹੈ ਕਿ ਕਾਂਗਰਸ ਦੇ 40 ਵਿਧਾਇਕਾਂ ਨੇ ਕੁਝ ਦਿਨ ਪਹਿਲਾਂ ਮੁੱਖ ਮੰਤਰੀ ਨੂੰ ਵਜ਼ਾਰਤ ਵਿੱਚ ਵਾਧੇ ਲਈ ਮੰਗ ਪੱਤਰ ਦਿੱਤਾ ਸੀ। ਕਈ ਵਿਧਾਇਕ ਝੰਡੀ ਵਾਲੀ ਕਾਰ ਲੈਣ ਲਈ ਕਾਹਲੇ ਹਨ ਅਤੇ ਉਹ ਵੱਖ ਵੱਖ ਪੱਧਰਾਂ ਉਤੇ ਇਸ ਲਈ ਜ਼ੋਰ ਅਜ਼ਮਾਇਸ਼ ਕਰ ਰਹੇ ਹਨ। ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ 11 ਅਕਤੂਬਰ ਨੂੰ ਵੋਟਾਂ ਪੈ ਜਾਣ ਮਗਰੋਂ ਵਿਧਾਇਕਾਂ ਦੀਆਂ ਸਰਗਰਮੀਆਂ ਦੇ ਮੁੜ ਜ਼ੋਰ ਫੜਨ ਦੇ ਆਸਾਰ ਹਨ। ਇਸ ਵੇਲੇ ਪੰਜਾਬ ਵਜ਼ਾਰਤ ਵਿੱਚ ਕੈਪਟਨ ਸਣੇ 8 ਕੈਬਨਿਟ ਤੇ ਦੋ ਰਾਜ ਮੰਤਰੀ ਹਨ ਅਤੇ 8 ਹੋਰ ਮੰਤਰੀ ਸ਼ਾਮਲ ਕੀਤੇ ਜਾ ਸਕਦੇ ਹਨ।

## ਹੱਕ ਕਮੇਟੀ ਦੀ ਰਿਪੋਰਟ ਮਨਜ਼ੂਰ

ਪੰਜਾਬ ਵਜ਼ਰਾਤ ਨੇ ਕਰਜ਼ਾ ਮੁਆਫੀ ਬਾਰੇ ਉੱਘੇ ਅਰਥਸ਼ਾਸਤਰੀ ਡਾ. ਟੀ. ਹੱਕ. ਦੀ ਅਗਵਾਈ ਵਾਲੀ ਮਾਹਿਰਾਨਾ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸੂਬੇ ਦੇ 10.25 ਲੱਖ ਕਿਸਾਨਾਂ ਨੂੰ ਲਾਭ ਹੋਵੇਗਾ। ਮੁੱਖ ਮੰਤਰੀ ਨੇ ਇਸ ਸਾਲ ਜੂਨ ਵਿੱਚ ਪੰਜ ਏਕੜ ਤੱਕ ਮਾਲਕੀ ਵਾਲੀ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਮੁਆਫ ਕਰਨ ਅਤੇ ਬਾਕੀ ਛੋਟੇ ਕਿਸਾਨਾਂ ਨੂੰ ਦੋ ਲੱਖ ਰੁਪਏ ਤੱਕ ਰਾਹਤ ਦੇਣ ਦਾ ਐਲਾਨ ਕੀਤਾ ਸੀ।


ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533



# ਕਰਜ਼ਿਆਂ ਦੀ ਪੰਡ ਦਾ ਭਾਰ ਵਧਿਆ

## *ਮਜ਼ਦੂਰ ਪਰਿਵਾਰ ਦੀਆਂ ਲੋੜਾਂ ਫੇਰ ਵੀ ਨਾ ਹੋਈਆਂ ਪੂਰੀਆਂ*



**ਕਰਜ਼ਿਆਂ ਦੀ ਪੰਡ ਪੰਜਾਬ ਦੇ ਕਿਸਾਨਾਂ ਨੂੰ ਹੀ ਨਹੀਂ ਸਗੋਂ ਮਜ਼ਦੂਰਾਂ ਨੂੰ ਵੀ ਨਿਗਲਦੀ ਜਾ ਰਹੀ ਹੈ। ਨਾ ਹੀ ਪੰਜਾਬ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਨੇ ਕਦੇ ਕਿਸਾਨਾਂ ਦੀ ਭਲਾਈ ਲਈ ਗੰਭੀਰਤਾ ਨਾਲ ਕੰਮ ਕੀਤਾ ਹੈ। ਦੋਹਾਂ ਵਲੋਂ ਖ਼ੁਦਕੁਸ਼ੀਆਂ ਦਾ ਦੌਰ ਜਾਰੀ ਹੈ। ਸਰਕਾਰਾਂ ਦੀਆਂ ਜੇ ਨੀਅਤਾਂ ਸਾਫ਼ ਹੋਣ ਤਾਂ ਇਸ ਰੁਝਾਨ ਨੂੰ ਠੱਲ ਪਾਈ ਜਾ ਸਕਦੇ। ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਦੀਆਂ ਅੰਕੜਾਂ ਨੂੰ ਬਿਆਨ ਕਰਦੀ ਇਹ ਰਿਪੋਰਟ।**

### ਹਮੀਰ ਸਿੰਘ

ਕਰਜ਼ੇ ਦੇ ਬੋਝ ਹੇਠ ਦੱਬੇ ਖੇਤ ਮਜ਼ਦੂਰਾਂ ਨੂੰ ਬੁਨਿਆਦੀ ਲੋੜਾਂ ਲਈ ਵੀ ਤਰਲੇ ਮਾਰਨੇ ਪੈ ਰਹੇ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ 6 ਜ਼ਿਲ੍ਹਿਆਂ ਦੇ 13 ਪਿੰਡਾਂ ਵਿੱਚ ਕੀਤੇ ਸਰਵੇਖਣ ਮੁਤਾਬਕ ਮਜ਼ੂਦਰਾਂ ਨੇ ਜਿਨ੍ਹਾਂ ਲੋੜਾਂ ਲਈ ਕਰਜ਼ਾ ਲਿਆ ਹੈ, ਉਹ ਵੀ ਉਨ੍ਹਾਂ ਦੀ ਮਾੜੀ ਸਮਾਜਿਕ ਤੇ ਆਰਥਿਕ ਹਾਲਤ ਦੀ ਤਸਵੀਰ ਪੇਸ਼ ਕਰਦੀਆਂ ਹਨ।

ਰਿਪੋਰਟ ਅਨੁਸਾਰ 1618 ਮਜ਼ਦੂਰ ਪਰਿਵਾਰਾਂ ਨੇ 1,04,36,900 ਰੁਪਏ ਕਰਜ਼ਾ ਭਾਵ 24.4 ਫ਼ੀਸਦ ਕਰਜ਼ਾ ਮਕਾਨ ਦੀ ਉਸਾਰੀ ਲਈ ਲਿਆ ਹੈ। ਬਿਮਾਰੀਆਂ ਦੇ ਇਲਾਜ ਲਈ ਲਿਆ ਕਰਜ਼ਾ 19.18 ਫ਼ੀਸਦ ਭਾਵ 2,39,33,500 ਰੁਪਏ ਹੈ। 14.18 ਫ਼ੀਸਦ ਕਰਜ਼ਾ ਘਰੇਲੂ ਲੋੜਾਂ ਲਈ ਲਿਆ ਹੈ, ਜੋ 1,76,96,110 ਰੁਪਏ ਬਣਦਾ ਹੈ। ਵਿਆਹ ਲਈ ਲਿਆ ਕਰਜ਼ਾ 1,79,16,475 ਰੁਪਏ ਭਾਵ 14.3 ਫ਼ੀਸਦ ਹੈ। 16.5 ਫ਼ੀਸਦ ਕਰਜ਼ਾ ਭਾਵ 2,06,15,725 ਰੁਪਏ ਹੋਰ ਲੋੜਾਂ ਲਈ, 5.2 ਫ਼ੀਸਦ ਭਾਵ 66,08,269 ਮਸ਼ੀਨਰੀ ਵਾਸਤੇ ਤੇ 6.2 ਫ਼ੀਸਦ ਭਾਵ 75,14,000 ਰੁਪਏ ਕਰਜ਼ਾ ਜ਼ਮੀਨ ਠੇਕੇ 'ਤੇ ਲੈਣ ਵਾਸਤੇ ਲਿਆ ਹੋਇਆ ਹੈ।ਮਕਾਨਾਂ ਤੇ ਵਿਆਹਾਂ ਲਈ ਲਏ ਕਰਜ਼ੇ ਬਾਰੇ ਦਲੀਲ ਦਿੱਤੀ ਜਾਂਦੀ ਹੈ ਕਿ ਮਜ਼ਦੂਰਾਂ ਨੂੰ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ, ਪਰ ਅੰਕੜੇ ਦੱਸਦੇ ਹਨ ਕਿ ਚਾਦਰ ਅੰਦਰ ਪੈਰ ਰੱਖਣ ਵਾਲੇ ਮਜ਼ਦੂਰਾਂ ਦਾ ਵੀ ਮਾੜਾ ਹਾਲ ਹੈ। ਮਕਾਨਾਂ ਲਈ ਕਰਜ਼ਾ ਲੈਣ ਵਾਲੇ 1499 ਮਜ਼ਦੂਰ ਪਰਿਵਾਰਾਂ ਵਿੱਚੋਂ 1079 (71.98 ਫ਼ੀਸਦ) ਦੇ ਘਰਾਂ ਵਿੱਚ ਰਸੋਈ ਨਹੀਂ ਹੈ। 83 (5.54 ਫ਼ੀਸਦ) ਪਰਿਵਾਰਾਂ ਨੇ ਰਸੋਈ ਦਾ ਆਰਜ਼ੀ ਬੰਦੋਬਸਤ ਕੀਤਾ ਹੈ ਤੇ ਸਿਰਫ਼ 337 (22.48 ਫ਼ੀਸਦ) ਪਰਿਵਾਰਾਂ ਕੋਲ ਵੱਖਰੀ ਰਸੋਈ ਹੈ। ਸਵੱਛ ਭਾਰਤ ਲਈ ਇਸ਼ਤਿਹਾਰਾਂ 'ਤੇ ਖ਼ਰਚੇ ਜਾਂਦੇ ਕਰੋੜਾਂ ਰੁਪਏ ਅਤੇ ਵਿਕਸਿਤ ਸੂਬਿਆਂ ਵਿੱਚ ਗਿਣੇ ਜਾਂਦੇ ਪੰਜਾਬ ਦੇ 1499 ਪਰਿਵਾਰਾਂ ਦੇ ਸਰਵੇਖਣ ਮੁਤਾਬਕ 419 (27.95 ਫ਼ੀਸਦ) ਘਰਾਂ ਵਿੱਚ ਨਹਾਉਣ ਲਈ ਗੁਸਲਖ਼ਾਨੇ ਨਹੀਂ ਹਨ ਤੇ 494 (32.96 ਫ਼ੀਸਦੀ) ਕੋਲ ਬਾਥਰੂਮ ਦਾ ਆਰਜ਼ੀ ਪ੍ਰਬੰਧ ਹੈ। ਸਰਵੇਖਣ ਤਹਿਤ 459 (30.62 ਫ਼ੀਸਦੀ) ਪਰਿਵਾਰਾਂ ਕੋਲ ਪਖ਼ਾਨੇ ਦੀ ਸਹੂਲਤ ਨਹੀਂ ਹੈ। 388 (25.89 ਫ਼ੀਸਦ) ਘਰਾਂ ਵਿੱਚ ਪਖ਼ਾਨੇ ਦਾ ਆਰਜ਼ੀ ਪ੍ਰਬੰਧ ਹੈ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਸਿਰਫ਼ 42.16 ਫ਼ੀਸਦ ਪਰਿਵਾਰਾਂ ਕੋਲ ਪਖ਼ਾਨੇ ਦੀ ਸਹੂਲਤ ਹੈ। ਇਨ੍ਹਾਂ ਵਿੱਚੋਂ 34 ਫ਼ੀਸਦ ਪਰਿਵਾਰ ਇਕਹਿਰੇ ਕਮਰੇ ਵਾਲੇ ਘਰਾਂ ਵਿੱਚ ਰਹਿੰਦੇ ਹਨ। 79.72 ਫ਼ੀਸਦ ਪਰਿਵਾਰਾਂ ਦੇ ਕਮਰਿਆਂ ਦੇ ਅੱਗੇ ਵਰਾਂਡਾ ਤੱਕ ਨਹੀਂ ਹੈ। ਪੰਜਾਬ ਵਿੱਚ ਆਬੋ-ਹਵਾ ਖ਼ਰਾਬ ਹੋਣ ਕਾਰਨ ਲੋਕਾਂ ਨੂੰ ਬਿਮਾਰੀਆਂ ਨੇ ਘੇਰਿਆ ਹੋਇਆ ਹੈ ਤੇ ਮਜ਼ਦੂਰ ਪਰਿਵਾਰਾਂ ਨੂੰ ਮਹਿੰਗੇ ਇਲਾਜ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਪੰਜਾਬ ਸਰਕਾਰ ਨੇ ਨਦੀਆਂ ਸਾਫ਼ ਕਰਨ ਤੋਂ ਹੱਥ ਖੜ੍ਹੇ ਕਰਦਿਆਂ ਲਗਭਗ ਡੇਢ ਦਹਾਕੇ ਤੋਂ ਸ਼ੁੱਧ ਪਾਣੀ ਦੇ ਨਾਮ 'ਤੇ ਆਰ.ਓ. ਪ੍ਰਣਾਲੀ ਸ਼ੁਰੂ ਕੀਤੀ ਹੈ, ਪਰ ਸਰਵੇ ਮੁਤਾਬਕ 1499 ਪਰਿਵਾਰਾਂ ਵਿੱਚੋਂ ਇੱਕ ਘਰ ਵਿੱਚ ਵੀ ਆਰਓ ਸਿਸਟਮ ਨਹੀਂ ਲੱਗਿਆ ਹੈ।

ਯੂਨੀਅਨ ਆਗੂ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਵਿਆਹਾਂ ਲਈ ਮਾਮੂਲੀ ਲੋੜਾਂ ਵੀ ਕਰਜ਼ੇ ਤੋਂ ਬਿਨਾਂ ਪੂਰੀਆਂ ਨਹੀਂ ਹੁੰਦੀਆਂ। ਕਰਜ਼ੇ ਦਾ ਵਿਆਜ ਏਨਾ ਹੁੰਦਾ ਹੈ ਕਿ ਇੱਕ ਵਾਰ ਫਸੇ ਵਿਅਕਤੀ ਨੂੰ ਇਸ ਵਿੱਚੋਂ ਨਿਕਲਣ ਦਾ ਕੋਈ ਰਾਹ ਨਹੀਂ ਲੱਭਦਾ। ਮਜ਼ਦੂਰ ਪਰਿਵਾਰਾਂ ਕੋਲ ਗਹਿਣੇ ਵਗੈਰਾ ਨਾ ਹੋਣ ਕਰ ਕੇ ਉਨ੍ਹਾਂ ਨੂੰ ਸੰਸਥਾਗਤ ਕਰਜ਼ਾ ਨਾਮਾਤਰ ਮਿਲਦਾ ਹੈ। ਇਹ ਕਰਜ਼ਾ ਦੇਖਣ ਨੂੰ ਬੇਸ਼ੱਕ ਕਿਸਾਨਾਂ ਨਾਲੋਂ ਥੋੜ੍ਹਾ ਲੱਗੇ, ਪਰ ਇਸ ਨੂੰ ਵਾਪਸ ਕਰਨ ਦੀ ਸਮਰੱਥਾ ਬਹੁਤ ਘੱਟ ਹੋਣ ਕਰ ਕੇ ਇਹ ਵਰਗ ਛੋਟੀ ਕਿਸਾਨੀ ਨਾਲੋਂ ਵੀ ਤੰਗ ਹੈ।

**ਮਜ਼ਦੂਰਾਂ ਦੀ ਦਸ਼ਾ ਸੁਧਾਰਨ ਲਈ ਭੂਮੀ ਸੁਧਾਰਾਂ ਦੀ ਲੋੜ 'ਤੇ ਜ਼ੋਰ :** ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਖੇਤ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਅਤੇ ਉਨ੍ਹਾਂ ਦੀ ਸਮਾਜਿਕ ਹਾਲਤ ਬਾਰੇ ਸਰਵੇਖਣ ਰਾਹੀਂ ਪੇਸ਼ ਕੀਤੇ ਅੰਕੜਿਆਂ ਦੇ ਨਾਲ ਨੀਤੀਗਤ ਸੁਝਾਅ ਵੀ ਦਿੱਤੇ ਗਏ ਹਨ। ਇਨ੍ਹਾਂ ਸੁਝਾਵਾਂ ਰਾਹੀਂ ਬੁਨਿਆਦੀ ਰੂਪ ਵਿੱਚ ਜ਼ਮੀਨੀ ਸੁਧਾਰਾਂ ਤੋਂ ਇਲਾਵਾ ਆਰਥਿਕ ਵਿਕਾਸ ਦੇ ਮਾਡਲ 'ਤੇ ਵੀ ਸੁਆਲ ਉਠਾਏ ਗਏ ਹਨ। ਇਸ ਤੋਂ ਇਲਾਵਾ ਮਜ਼ਦੂਰਾਂ ਅਤੇ ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਅਤੇ ਅੱਗੇ ਤੋਂ ਬਿਨਾਂ ਵਿਆਜ ਜਾਂ ਸਸਤੀਆਂ ਦਰਾਂ 'ਤੇ ਕਰਜ਼ਾ ਮੁਹੱਈਆ ਕਰਵਾਉਣ ਦੀ ਮੰਗ ਨੂੰ ਉਭਾਰਿਆ ਗਿਆ ਹੈ।

ਸਰਵੇਖਣ ਮੁਤਾਬਕ ਸੂਦਖੋਰਾਂ ਦੀ ਅੰਨ੍ਹੀ ਲੁੱਟ ਨੂੰ ਬੰਦ ਕਰਵਾਉਣ ਲਈ ਲੋਕ ਪੱਖੀ ਕਰਜ਼ਾ ਨੀਤੀ ਅਪਣਾਉਣ 'ਤੇ ਜ਼ੋਰ ਦਿੰਦਿਆਂ ਕਿਸਾਨੀ ਦੇ ਨਾਮ ਹੇਠ ਜਾਗਰੀਦਾਰਾਂ, ਖੇਤੀ ਸਨਅਤਕਾਰਾਂ ਤੇ ਸੂਦਖੋਰਾਂ ਨੂੰ ਮਿਲਣ ਵਾਲੇ ਸਸਤੇ ਕਰਜ਼ੇ ਦੀ ਨੀਤੀ ਖਤਮ ਕਰ ਕੇ ਇਨ੍ਹਾਂ ਦੀ ਸਮੁੱਚੀ ਆਮਦਨ ਨੂੰ ਟੈਕਸ ਯੋਗ ਬਣਾਉਣ ਦਾ ਸੁਝਾਅ ਪੇਸ਼ ਕੀਤਾ ਗਿਆ ਹੈ। ਮਜ਼ਦੂਰਾਂ ਨੂੰ ਰਹਿਣ ਲਈ ਪਲਾਟ ਦੇਣ ਅਤੇ ਮਕਾਨ ਬਣਾਉਣ ਲਈ ਆਰਥਿਕ ਸਹਾਇਤਾ ਦੇਣ ਦਾ ਸੁਝਾਅ ਦਿੱਤਾ ਗਿਆ ਹੈ। ਸਰਵੇਖਣ ਮੁਤਾਬਕ ਖੇਤ ਮਜ਼ਦੂਰਾਂ ਅਤੇ ਕਿਸਾਨੀ ਸਿਰ ਚੜ੍ਹੇ ਕਰਜ਼ੇ ਦੇ ਹੱਲ ਲਈ 17.5 ਏਕੜ ਦੀ ਜ਼ਮੀਨੀ ਹੱਦਬੰਦੀ ਤੋਂ ਉੱਪਰਲੀ ਜ਼ਮੀਨ ਮਜ਼ਦੂਰਾਂ ਅਤੇ ਗ਼ਰੀਬਾਂ ਵਿੱਚ ਵੰਡਣ ਅਤੇ ਇਨ੍ਹਾਂ ਵਰਗਾਂ ਦੇ ਖੇਤੀ ਕਰਨ ਲਈ ਬਜਟ ਵਿੱਚ ਵਿਆਪਕ ਧਨ ਰਾਸ਼ੀ ਦਾ ਪ੍ਰਬੰਧ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਮੌਕੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਨਿੱਜੀਕਰਨ, ਵਪਾਰੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਰੱਦ ਕਰਦਿਆਂ ਮਜ਼ਦੂਰਾਂ ਅਤੇ ਗ਼ਰੀਬਾਂ ਦੇ ਬੱਚਿਆਂ ਨੂੰ ਮੁਫ਼ਤ ਉਚੇਰੀ ਸਿੱਖਿਆ ਦੇਣ ਦੀ ਨੀਤੀ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਰਿਪੋਰਟ ਦੇ ਸੁਝਾਵਾਂ 'ਤੇ ਚਰਚਾ ਕਰਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਅਰਥ ਸ਼ਾਸਤਰ ਦੀ ਪ੍ਰੋਫੈਸਰ ਅਨੁਪਮਾ ਉੱਪਲ ਨੇ ਕਿਹਾ ਕਿ ਇਸ ਵੇਲੇ ਅਸਲ ਮੁੱਦਾ ਜਾਇਦਾਦ ਦੀ ਵੰਡ ਦਾ ਹੈ। ਰੁਜ਼ਗਾਰ ਜਿੰਨਾ ਲਾਭਦਾਇਕ ਹੋਵੇਗਾ, ਉਨਾ ਹੀ ਹੇਠਲੇ ਵਰਗ ਦਾ ਸੰਪਤੀ ਵਿੱਚ ਹਿੱਸਾ ਵਧੇਗਾ। ਕੌਮੀ ਪੱਧਰ 'ਤੇ ਖੇਤੀ ਦੇ ਨੀਤੀਗਤ ਮਾਮਲਿਆਂ ਨਾਲ ਜੁੜੇ ਦਵਿੰਦਰ ਸ਼ਰਮਾ ਨੇ ਕਿਹਾ ਕਿ ਮਜ਼ਦੂਰਾਂ ਨੂੰ ਫੌਰੀ ਰਾਹਤ ਦੇਣ ਲਈ ਘੱਟੋ-ਘੱਟ ਸੌ ਦਿਨ ਕੰਮ ਦੀ ਗਾਰੰਟੀ ਮਿਲਣੀ ਚਾਹੀਦੀ ਹੈ। ਪੰਜਾਬ ਵਿੱਚ ਮਗਨਰੇਗਾ ਤਹਿਤ 233 ਰੁਪਏ ਦਿਹਾੜੀ ਮਿਲਦੀ ਹੈ। ਜੇਕਰ ਸੌ ਦਿਨ ਦਾ ਕੰਮ ਮਿਲ ਜਾਵੇ ਤਾਂ 23300 ਰੁਪਏ ਤਾਂ ਦਿਹਾੜੀ ਦੇ ਹੀ ਮਿਲ ਸਕਣਗੇ, ਇਸ ਲਈ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਉੱਤੇ ਵੀ ਬੋਝ ਨਹੀਂ ਪੈਂਦਾ। ਪੰਜਾਬ ਖੇਤੀ ਯੂਨੀਵਰਸਿਟੀ ਦੇ ਪ੍ਰੋਫੈਸਰ ਸੁਖਪਾਲ ਸਿੰਘ ਨੇ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਖੇਤੀ ਲਾਹੇਵੰਦਾ ਧੰਦਾ ਨਹੀਂ ਰਹੀ। ਨੀਤੀਗਤ ਤੌਰ 'ਤੇ ਸਰਕਾਰ ਨੂੰ ਖੇਤੀ ਸਹਿਕਾਰਤਾ ਵਾਲੇ ਪਾਸੇ ਮੋੜਨ ਦਾ ਉਪਰਾਲਾ ਕਰਨ ਦੀ ਲੋੜ ਹੈ। ਅਜਿਹਾ ਕਰ ਕੇ ਹੀ ਉਤਪਾਦਨ ਲਾਗਤ ਘਟ ਸਕਦੀ ਹੈ ਅਤੇ ਮੁਨਾਫ਼ਾ ਵਧਣ ਦੀ ਉਮੀਦ ਹੈ। ਸਰਕਾਰ ਦੀਆਂ ਸਭ ਤਰ੍ਹਾਂ ਦੀਆਂ ਸਕੀਮਾਂ ਦਾ ਲਾਭ ਸਭ ਤੋਂ ਪਹਿਲਾਂ ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਅਤੇ ਸੀਮਾਂਤ ਅਤੇ ਛੋਟੇ ਕਿਸਾਨਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ, ਕਿਉਂਕਿ ਇਹ ਤਬਕੇ ਸਭ ਤੋਂ ਵੱਧ ਪੀੜਤ ਹਨ।

ਖੇਤ ਮਜ਼ਦੂਰਾਂ ਦੇ ਕਰਜ਼ੇ ਦਾ ਅਨੁਮਾਨ ਲਾਉਣ ਅਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਸਿਰ ਚੜ੍ਹੇ ਕਰਜ਼ੇ ਦੀ ਮੁਆਫ਼ੀ ਲਈ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿੱਚ ਬਣੀ ਵਿਧਾਨ ਸਭਾ ਦੀ ਕਮੇਟੀ ਤੱਥ ਜਾਣਨ ਲਈ ਕਿਸਾਨਾਂ-ਮਜ਼ਦੂਰਾਂ ਨਾਲ ਮੀਟਿੰਗਾਂ ਕਰ ਰਹੀ ਹੈ। ਕਮੇਟੀ ਦੇ ਇੱਕ ਮੈਂਬਰ ਵਿਧਾਇਕ ਨੇ ਕਿਹਾ ਕਿ ਕਮੇਟੀ ਖੇਤੀ ਖੇਤਰ ਨੂੰ ਪੈਰਾਂ ਸਿਰ ਕਰਨ ਲਈ ਰਿਪੋਰਟ ਸਮੁੱਚਤਾ ਵਿੱਚ ਦੇਣਾ ਚਾਹੁੰਦੀ ਹੈ। ਕਮੇਟੀ ਮਜ਼ਦੂਰ ਆਗੂਆਂ ਨੂੰ ਮਿਲ ਕੇ ਉਨ੍ਹਾਂ ਦੀ ਰਾਇ ਵੀ ਜਾਣੇਗੀ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਕਮੇਟੀ ਚਾਹੇ ਤਾਂ ਖੇਤ ਮਜ਼ਦੂਰ ਯੂਨੀਅਨ ਦੇ ਸੁਝਾਵਾਂ ਨੂੰ ਦੇਖ ਸਕਦੀ ਹੈ ਅਤੇ ਰਿਪੋਰਟ ਕਮੇਟੀ ਨੂੰ ਭੇਜੀ ਵੀ ਜਾ ਸਕਦੀ ਹੈ।

# ਖ਼ੁਦਕੁਸ਼ੀਆਂ ਦੀ ਫ਼ਸਲ: ਇਸ ਹਫ਼ਤੇ 9 ਕਿਸਾਨਾਂ ਤੇ 3 ਮਜ਼ਦੂਰਾਂ ਨੇ ਦਿੱਤੀ ਜਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**

ਕਿਸਾਨ ਅੰਦੋਲਨ ਦਾ ਪਿੜ ਭਾਵੇਂ ਮਘਿਆ ਹੋਇਆ ਹੈ ਪਰ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨੂੰ ਬਿਲਕੁਲ ਠਲ ਨਹੀਂ ਪੈ ਰਹੀ। ਇਸ ਹਫ਼ਤੇ ਵੀ ਖ਼ੁਦਕੁਸ਼ੀਆਂ ਦਾ ਜ਼ੋਰ ਜਾਰੀ ਰਿਹਾ।

**ਪਿੰਡ ਘੁਮਿਆਰਾ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**

ਲੰਬੀ : ਹੁਣ ਪਿੰਡ ਘੁਮਿਆਰਾ ਵਿੱਚ ਸਵਾ ਤਿੰਨ ਏਕੜ ਰਕਬੇ ਦੇ ਮਾਲਕ ਕਿਸਾਨ ਜਸਵੰਤ ਸਿੰਘ (45) ਨੇ ਸਪਰੇਅ ਪੀ ਕੇ ਜ਼ਿੰਦਗੀ ਮੁਕਾ ਲਈ। ਉਸ ਦੇ ਸਿਰ ਬੈਂਕ, ਆੜ੍ਹਤੀਏ ਅਤੇ ਸੁਸਾਇਟੀ ਦਾ ਕਰੀਬ 6.5 ਲੱਖ ਰੁਪਏ ਦਾ ਕਰਜ਼ਾ ਸੀ। ਕਰੀਬ ਤਿੰਨ ਦਿਨ ਪਹਿਲਾਂ ਜਸਵੰਤ ਸਿੰਘ ਨੇ ਆਪਣੇ ਖੇਤਾਂ ਵਿਚ ਕੀਟਨਾਸ਼ਕ ਦਵਾਈ ਪੀ ਲਈ। ਉਸ ਨੂੰ ਬੀਕਾਨੇਰ (ਰਾਜਸਥਾਨ) ਦੇ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ, ਜਿੱਥੇ ਉਸ ਨੇ ਬੀਤੀ ਰਾਤ ਦਮ ਤੋੜ ਦਿੱਤਾ।

**ਧੀ ਦੇ ਡੋਲੇ ਲਈ ਪੈਸੇ ਨਾ ਜੁੜਨ ਕਰਕੇ ਮਜ਼ਦੂਰ ਵੱਲੋਂ ਖ਼ੁਦਕੁਸ਼ੀ**

ਰਾਮਾਂ ਮੰਡੀ : ਪਿੰਡ ਮੱਲਵਾਲਾ ਦੇ ਮਜ਼ਦੂਰ ਜੱਗਾ ਸਿੰਘ (40) ਨੇ ਧੀ ਦੇ ਵਿਆਹ ਲਈ ਰਕਮ ਦਾ ਪ੍ਰਬੰਧ ਨਾ ਹੋਣ ਕਾਰਨ ਜੱਸੀ ਪਿੰਡ ਦੀ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਜੱਗਾ ਸਿੰਘ ਦੇ 2 ਲੜਕੇ ਅਤੇ ਇਕ ਲੜਕੀ ਹਨ। ਉਹ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ। ਉਸ ਨੇ ਲੜਕੀ ਦੀ ਮੰਗਣੀ ਕੀਤੀ ਹੋਈ ਸੀ ਪਰ ਵਿਆਹ ਲਈ ਕਿਸੇ ਪਾਸਿਉਂ ਪੈਸਿਆਂ ਦਾ ਪ੍ਰਬੰਧ ਨਾ ਹੋਣ ਕਾਰਨ ਉਹ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਸ਼ਨਿੱਚਰਵਾਰ ਨੂੰ ਉਹ ਕਿਸੇ ਕਿਸਾਨ ਕੋਲ ਮਜ਼ਦੂਰੀ ਲਈ ਗਿਆ ਹੋਇਆ ਸੀ ਕਿ ਪ੍ਰੇਸ਼ਾਨ ਜੱਸੀ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ। ਅੱਜ ਸਵੇਰੇ ਉਸ ਦੀ ਲਾਸ਼ ਬਰਾਮਦ ਹੋਈ। ਜੱਗਾ ਸਿੰਘ ਦੀ ਪਤਨੀ ਗੁਰਦੀਪ ਕੌਰ ਦੇ ਬਿਆਨ 'ਤੇ ਪੁਲੀਸ ਨੇ 174 ਦੀ ਕਾਰਵਾਈ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ। ਪਿੰਡ ਦੀ ਪੰਚਾਇਤ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੱਗਾ ਸਿੰਘ ਦੇ ਪਰਿਵਾਰ ਲਈ ਸਹਾਇਤਾ ਰਾਸ਼ੀ ਦਿੱਤੀ ਜਾਵੇ।

**ਪਿੰਡ ਭਤੇੜੀ ਦੇ ਕਿਸਾਨ ਤੇ ਮਜ਼ਦੂਰ ਵਲੋਂ ਆਤਮਹੱਤਿਆ :**

ਫਤਹਿਗੜ੍ਹ ਸਾਹਿਬ : ਬਲਾਕ ਬਸੀ ਪਠਾਣਾ ਦੇ ਪਿੰਡ ਭਟੇੜੀ ਵਿਖੇ ਆਰਥਿਕ ਤੰਗੀ ਕਾਰਨ ਕਿਸਾਨ ਜਗਵਿੰਦਰ ਸਿੰਘ (28) ਅਤੇ ਮਜ਼ਦੂਰ ਦਾਰਾ ਸਿੰਘ (47) ਨੇ ਆਤਮ ਹੱਤਿਆ ਕਰ ਲਈ। ਜ਼ਹਿਰੀਲੀ ਦਵਾਈ ਪੀਣ ਤੋਂ ਬਾਅਦ ਕਿਸਾਨ ਜਗਵਿੰਦਰ ਸਿੰਘ ਨੂੰ ਮੋਰਿੰਡਾ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਉਥੋਂ ਉਸ ਨੂੰ ਪੀਜੀਆਈ ਰੈਫ਼ਰ ਕਰ ਦਿੱਤਾ ਗਿਆ ਜਿਥੇ ਉਸ ਦੀ ਮੌਤ ਹੋ ਗਈ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਪ੍ਰਧਾਨ ਹਰਮੇਲ ਸਿੰਘ ਭਤੇੜੀ ਨੇ ਦੱਸਿਆ ਕਿ ਜਗਵਿੰਦਰ ਸਿੰਘ 'ਤੇ 5 ਲੱਖ ਰੁਪਏ ਦਾ ਕਰਜ਼ਾ ਸੀ। ਉਨ੍ਹਾਂ ਦੱਸਿਆ ਕਿ ਪਿੰਡ ਦੇ ਹੀ ਮਜ਼ਦੂਰ ਦਾਰਾ ਸਿੰਘ ਨੇ ਆਰਥਿਕ ਮੰਦਹਾਲੀ, ਕੰਮ ਨਾ ਮਿਲਣ ਅਤੇ ਘਰ ਦੇ ਨਾਜ਼ੁਕ ਹਾਲਾਤ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ। ਮਜ਼ਦੂਰ ਦੇ ਜਵਾਈ ਮਨਜੀਤ ਤੇ ਬੇਟੀ ਪਿੰਕੀ ਨੇ ਦੱਸਿਆ ਕਿ ਸਰੀਰਕ ਪੱਖੋਂ ਅਪਾਹਜ ਦਾਰਾ ਸਿੰਘ ਘਰ ਦੀ ਆਰਥਿਕ ਤੰਗੀ ਤੋਂ ਬਹੁਤ ਪ੍ਰੇਸ਼ਾਨ ਸੀ ਅਤੇ ਉਸ ਸਿਰ ਕੁਝ ਕਰਜ਼ਾ ਵੀ ਸੀ। ਇਸ ਕਾਰਨ ਉਸ ਨੇ ਸਲਫਾਸ ਖਾ ਕੇ ਆਪਣੀ ਜਾਨ ਦੇ ਦਿੱਤੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ, ਮਜ਼ਦੂਰਾਂ ਤੇ ਗ਼ਰੀਬਾਂ ਨਾਲ ਜਿਹੜੇ ਵਾਅਦੇ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾਵਾਂ ਨਾ ਵਾਪਰਣ।

**ਪਿੰਡ ਕਿਸ਼ਨਗੜ੍ਹ ਦੇ ਕਿਸਾਨ ਵਲੋਂ ਸਪਰੇਅ ਪੀ ਕੇ ਖ਼ੁਦਕੁਸ਼ੀ**

ਮਾਨਸਾ: ਨੇੜਲੇ ਪਿੰਡ ਕਿਸ਼ਨਗੜ੍ਹ ਫਰਵਾਹੀ ਵਿਖੇ ਇਕ ਨੌਜਵਾਨ ਕਿਸਾਨ ਵੱਲੋਂ ਸਪਰੇਅ ਪੀ ਕੇ ਖ਼ੁਦਕੁਸ਼ੀ ਕਰਨ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਜਗਸੀਰ ਸਿੰਘ (28) ਪੁੱਤਰ ਦਰਸ਼ਨ ਸਿੰਘ ਜਿਸ ਕੋਲ ਢਾਈ ਏਕੜ ਜ਼ਮੀਨ ਸੀ ਅਤੇ ਉਹ ਵੀ ਵਿਕ ਚੁੱਕੀ ਸੀ ਅਤੇ ਉਸ ਉੱਪਰ ਸਾਢੇ 3 ਲੱਖ ਦਾ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਇਸੇ ਕਾਰਨ ਉਸ ਨੇ ਕੀਟਨਾਸ਼ਕ ਦਵਾਈ ਪੀ ਕੇ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮ੍ਰਿਤਕ ਕਿਸਾਨ ਆਪਣੇ ਪਿੱਛੇ ਵਿਧਵਾ ਤੋਂ ਇਲਾਵਾ 1 ਪੁੱਤਰ ਤੇ 2 ਧੀਆਂ ਛੱਡ ਗਿਆ ਹੈ।

**ਪਿੰਡ ਸੇਮ ਕਲਾਂ ਦੇ ਕਿਸਾਨ ਵਲੋਂ ਖ਼ੁਦਕੁਸ਼ੀ**

ਨਥਾਣਾ : ਪਿੰਡ ਸੇਮਾ ਕਲਾਂ ਦੇ ਇਕ ਵਿਅਕਤੀ ਸ਼ਰੀਫ਼ ਸਿੰਘ (38) ਨੇ ਆਰਥਿਕ ਤੰਗੀ ਅਤੇ ਲੰਬੀ ਬਿਮਾਰੀ ਤੋਂ ਪੀੜਤ ਹੋ ਕੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਉਕਤ ਵਿਅਕਤੀ ਨੇ ਨਥਾਣਾ ਬੱਸ ਅੱਡੇ 'ਤੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ, ਜਿਸ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਲਿਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਐਲਾਨਿਆ ਗਿਆ। ਮਿਸਤਰੀ ਸਿੱਖ ਪਰਿਵਾਰ ਨਾਲ ਸਬੰਧਤ ਸ਼ਰੀਫ਼ ਸਿੰਘ ਪਿਛਲੇ ਲੰਬੇ ਸਮੇਂ ਤੋਂ ਪੇਟ ਦੀ ਬਿਮਾਰੀ ਨਾਲ ਪੀੜਤ ਸੀ ਅਤੇ ਇਲਾਜ ਕਰਵਾਉਣ ਦੇ ਅਰਸੇ ਦੌਰਾਨ ਉਸ ਦੀ 5 ਏਕੜ ਜ਼ਮੀਨ ਅਤੇ ਪਿੰਡ ਵਿਚਲਾ ਇਕ ਨੌਹਰਾ ਵੀ ਵਿਕ ਗਿਆ ਸੀ। ਇਸ ਤੋਂ ਇਲਾਵਾ ਉਸ ਦੇ ਛੋਟੇ ਨੌਜਵਾਨ ਭਰਾ ਸੁਰਜੀਤ ਸਿੰਘ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ। ਇਹ ਦੋਵੇਂ ਭਰਾ ਵਿਆਹੇ ਨਹੀਂ ਸਨ। ਹੁਣ ਘਰ ਵਿਚ ਇਨ੍ਹਾਂ ਦੇ ਬਿਰਧ ਪਿਤਾ ਝੰਡਾ ਸਿੰਘ ਅਤੇ ਮਾਤਾ ਜਸਵੰਤ ਕੌਰ ਹੀ ਰਹਿ ਗਏ ਹਨ, ਕਿਉਂਕਿ ਦੋ ਧੀਆਂ ਵਿਆਹੀਆਂ ਜਾ ਚੁੱਕੀਆਂ ਹਨ।

**ਪਿੰਡ ਝੰਬਾਲਾ ਦੇ ਕਿਸਾਨ ਤੇ ਮਜ਼ਦੂਰਾਂ ਨੇ ਖਾਧੀ ਸਲਫ਼ਾਸ:**

ਅਮਲੋਹ/ ਕਾਹਨੂੰਵਾਨ :ਅਮਲੋਹ ਨੇੜਲੇ ਪਿੰਡ ਝੰਬਾਲਾ ਦੇ ਇੱਕ ਕਿਸਾਨ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਅਤੇ ਕਾਹਨੂੰਵਾਨ ਨੇੜਲੇ ਪਿੰਡ ਭੱਟੀਆਂ ਦੇ ਇੱਕ ਮਜ਼ਦੂਰ ਨੇ ਫ਼ਾਹਾ ਲੈ ਕੇ ਕਰਜ਼ੇ ਅਤੇ ਮਾੜੀ ਆਰਥਿਕ ਹਾਲਾਤ ਕਾਰਨ ਖ਼ੁਦਕੁਸ਼ੀਆਂ ਕਰ ਲਈਆਂ। ਪਿੰਡ ਝੰਬਾਲਾ ਦਾ ਕਿਸਾਨ ਭਗਵੰਤ ਸਿੰਘ (49) ਪੁੱਤਰ ਦਲੀਪ ਸਿੰਘ ਸਿਰ ਵੱਖ-ਵੱਖ ਬੈਂਕਾਂ ਦਾ 15 ਲੱਖ ਰੁਪਏ ਦੇ ਕਰੀਬ ਕਰਜ਼ਾ ਸੀ ਤੇ ਅੱਠ ਏਕੜ ਜ਼ਮੀਨ ਸੀ। ਪਰਿਵਾਰ ਨੇ ਦੱਸਿਆ ਕਿ ਉਹ ਤੜਕੇ ਤਿੰਨ ਵਜੇ ਦੇ ਕਰੀਬ ਇਹ ਕਹਿ ਕੇ ਗਿਆ ਸੀ ਕਿ ਖੇਤਾਂ ਵੱਲ ਜਾ ਰਿਹਾ ਪਰ ਜਦੋਂ 7 ਵਜੇ ਤੱਕ ਨਾ ਪਰਤਿਆ ਤਾਂ ਪਰਿਵਾਰਕ ਮੈਂਬਰ ਖੇਤਾਂ ਵਿੱਚ ਗਏ ਤੇ ਉੱਥੇ ਉਸ ਦੀ ਲਾਸ਼ ਪਈ ਸੀ। ਪੁਲੀਸ ਨੇ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

ਉੱਧਰ ਪਿੰਡ ਭੱਟੀਆਂ ਦੇ ਖੇਤ ਮਜ਼ਦੂਰ ਗੁਰਮੁੱਖ ਸਿੰਘ (34) ਪੁੱਤਰ ਮਰਹੂਮ ਰਤਨ ਸਿੰਘ ਨੇ ਘਰ ਵਿੱਚ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸ ਦੇ ਸਿਰ 'ਤੇ ਸਹਿਕਾਰੀ ਬੈਂਕ ਦਾ 50 ਹਜ਼ਾਰ ਰੁਪਏ ਦੇ ਕਰੀਬ ਕਰਜ਼ਾ ਸੀ। ਇਸ ਤੋਂ ਇਲਾਵਾ ਉਸ ਨੇ ਆਪਣੇ ਜਾਣਕਾਰਾਂ ਤੋਂ ਵੀ ਪੈਸੇ ਲਏ ਹੋਏ ਸਨ। ਆਰਥਿਕ ਹਾਲਤ ਮਾੜੀ ਹੋਣ ਕਾਰਨ ਉਹ ਬਿਜਲੀ ਦਾ ਬਿੱਲ ਤਾਰਨ ਤੋਂ ਵੀ ਅਸਮਰੱਥ ਹੋ ਗਿਆ ਸੀ। ਇਸ ਕਰ ਕੇ ਉਹ ਪ੍ਰੇਸ਼ਾਨ ਰਹਿੰਦਾ ਸੀ ਤੇ ਉਸ ਨੇ ਖ਼ੁਦਕੁਸ਼ੀ ਕਰ ਲਈ। ਪਿੱਛੇ ਉਸ ਦੇ ਪਰਿਵਾਰ ਵਿੱਚ ਮਾਂ, ਪਤਨੀ ਅਤੇ ਦੋ ਪੁੱਤਰ ਹਨ।

**ਪਿੰਡ ਖਾਨਪੁਰ ਦੇ ਕਿਸਾਨ ਨੇ ਦਿੱਤੀ ਜਾਨ ਬੰਗਾ:**

ਪਿੰਡ ਖਾਨਪੁਰ ਦੇ ਕਿਸਾਨ ਗੁਰਮੀਤ ਰਾਮ ਨੇ ਕਰਜ਼ੇ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ। ਪਿੰਡ ਦੇ ਪੰਚਾਇਤ ਮੈਂਬਰ ਹਰਨਾਮ ਦਾਸ ਅਤੇ ਮਾਸਟਰ ਲਛਮਣ ਦਾਸ ਅਨੁਸਾਰ ਗੁਰਮੀਤ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ ਜਿਸ ਨਾਲ ਉਸ ਨੂੰ ਘਾਟਾ ਪੈ ਗਿਆ। ਉਸਦੇ ਸਿਰ ਸਵਾ ਲੱਖ ਦਾ ਕਰਜ਼ਾ ਸੀ। ਉਸ ਨੇ ਕਮਾਦ ਦੇ ਖੇਤ 'ਚ ਜਾ ਕੇ ਖੁਦਕਸ਼ੀ ਕਰ ਲਈ। ਪਰਿਵਾਰਕ ਮੈਂਬਰਾਂ ਅਨੁਸਾਰ ਉਸ ਦੇ ਸਮਾਨ ਵਿੱਚ ਦੋ ਬੈਂਕਾਂ ਦੇ ਕਰਜ਼ੇ ਦੀਆਂ ਕਾਪੀਆਂ ਤੇ ਰਸੀਦਾਂ ਮਿਲੀਆਂ।

**ਪਿੰਡ ਅਹਿਮਦਪੁਰ 'ਚ 2 ਕਿਸਾਨਾਂ ਨੇ ਦਿੱਤੀ ਜਾਨ :**

ਬੁਢਲਾਡਾ ਨੇੜਲੇ ਪਿੰਡ ਅਹਿਮਦਪੁਰ ਦੇ ਇਕ ਕਿਸਾਨ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਸਥਾਨਕ ਸਿਵਲ ਹਸਪਤਾਲ ਵਿਖੇ ਮ੍ਰਿਤਕ ਕਿਸਾਨ ਦੀ ਲਾਸ਼ ਦੇ ਪੋਸਟਮਾਰਟਮ ਲਈ ਪੁੱਜੇ ਥਾਣਾ ਸ਼ਹਿਰੀ ਬੁਢਲਾਡਾ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਕਾਲੀਆ ਨੇ ਦੱਸਿਆ ਕਿ ਮ੍ਰਿਤਕ ਮਿਸ਼ਰਾ ਸਿੰਘ ਪੁੱਤਰ ਹਰੀ ਸਿੰਘ ਦੇ ਬੇਟੇ ਬਲਜਿੰਦਰ ਸਿੰਘ ਨੇ ਪੁਲਿਸ ਕੋਲ ਦਰਜ ਕਰਵਾਏ ਬਿਆਨ ਵਿਚ ਦੱਸਿਆ ਹੈ ਕਿ ਉਸ ਦਾ ਪਿਤਾ 2 ਏਕੜ ਜ਼ਮੀਨ ਤੇ ਖੇਤੀ ਕਰ ਕੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਸੀ, ਜਿਸ ਸਿਰ 2 ਲੱਖ ਦੇ ਕਰੀਬ ਆੜ੍ਹਤੀ ਦਾ, ਡੇਢ ਕੁ ਲੱਖ ਸੁਸਾਇਟੀ ਦਾ ਅਤੇ 5 ਲੱਖ ਤੋਂ ਵੱਧ ਬੈਂਕ ਦਾ ਕਰਜ਼ਾ ਸੀ ਅਤੇ ਕੁਝ ਦਿਨ ਪਹਿਲਾਂ ਬੈਂਕ ਵੱਲੋਂ ਉਸ ਨੂੰ ਕਰਜ਼ ਭਰਨ ਲਈ ਭੇਜੇ ਅਦਾਲਤੀ ਨੋਟਿਸ ਤੋਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਕਿਉਂਕਿ ਇਸ ਸਬੰਧੀ ਕੁਝ ਦਿਨ ਬਾਅਦ ਹੀ ਅਦਾਲਤ ਵਿਚ ਪੇਸ਼ੀ ਨਿਰਧਾਰਤ ਸੀ, ਜਿਸ ਦੇ ਚੱਲਦਿਆਂ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਉਸ ਨੇ ਖੁਦਕੁਸ਼ੀ ਕਰ ਲਈ।

**ਪਿੰਡ ਨੰਗਲਾ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ :**

ਸੀਂਗੋ ਮੰਡੀ : ਲਾਗਲੇ ਪਿੰਡ ਨੰਗਲਾ ਦੇ ਕਿਸਾਨ ਨਿਰਮਲ ਸਿੰਘ (37) ਪੁੱਤਰ ਨਾਜ਼ਮ ਸਿੰਘ ਲਗਭਗ ਤਿੰਨ ਏਕੜ ਜ਼ਮੀਨ ਦਾ ਮਾਲਕ ਨੇ ਕਰਜ਼ੇ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਹੈ। ਇਸ ਸਬੰਧੀ ਪਿੰਡ ਨੰਗਲਾ ਦੇ ਕਿਸਾਨ ਆਗੂ ਯੋਧਾ ਸਿੰਘ ਨੰਗਲਾ ਤੇ ਨੰਬਰਦਾਰ ਮਨਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਸਿਰ ਤੇ ਵੱਖ-ਵੱਖ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਦਾ ਲੱਖਾਂ ਦਾ ਕਰਜ਼ਾ ਸੀ ਜਿਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਆਪਣੇ ਖੇਤ ਜਾ ਕੇ ਕੋਈ ਕੀਟਨਾਸ਼ਕ ਦਵਾਈ ਪੀ ਕੇ ਆਤਮਹੱਤਿਆ ਕਰ ਲਈ ਹੈ। ਮ੍ਰਿਤਕ ਆਪਣੇ ਪਿਛੇ ਪਤਨੀ ਸਮੇਤ ਤਿੰਨ ਲੜਕੀਆਂ ਤੇ ਇਕ ਲੜਕਾ ਛੱਡ ਗਿਆ ਹੈ। ਸੀਂਗੋ ਮੰਡੀ ਚੌਕੀ ਦੇ ਇੰਚਾਰਜ ਭੁਪਿੰਦਰਜੀਤ ਸਿੰਘ ਨੇ ਆਤਮ ਹੱਤਿਆ ਦੀ ਪੁਸ਼ਟੀ ਕਰਦਿਆਂ ਲਾਸ ਦਾ ਪੋਸਟ ਮਾਰਟਮ ਕਰਨ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
27 ਸਤੰਬਰ 2017 ਤੋਂ 03 ਅਕਤੂਬਰ 2017

*ਪਿੰਡ ਅੱਜ ਉਦਾਸ ਹਨ...*

## ਹਫ਼ੇ ਹੋਏ ਬੰਦੇ ਨੂੰ ਸੰਗਰਾਮੀ ਬੋਲਾਂ ਦੀ ਲੋੜ

ਪੰਜਾਬ ਦਾ ਕਿਸਾਨ ਅੱਜ ਬੇਹੱਦ ਤ੍ਰਾਸਦਿਕ ਹਾਲਾਤ ਵਿਚ ਆਪਣੀ ਗੁਜਰ ਬਸਰ ਕਰ ਰਿਹਾ ਹੈ। ਆਪਣੀ ਹੋਂਦ ਬਚਾਉਣ ਲਈ ਉਹ ਖੇਤਾਂ 'ਚੋਂ ਬਾਹਰ ਆ ਕੇ ਸਰਕਾਰ ਨਾਲ ਆਢਾ ਲੈਣ ਲਈ ਮਜਬੂਰ ਹੈ।

ਸੱਤ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਪਟਿਆਲਾ ਸ਼ਹਿਰ ਦੇ ਨਾਲ ਲੱਗਦੇ ਪਿੰਡ ਮਹਿਮਦਪੁਰ ਵਿਚਲੀ ਅਨਾਜ ਮੰਡੀ 'ਚ ਲਾਇਆ ਗਿਆ ਪੰਜ ਰੋਜ਼ਾ ਧਰਨਾ ਭਾਵੇਂ ਸਮਾਪਤ ਹੋ ਗਿਆ ਹੈ ਪਰ ਆਉਂਦੀ 27 ਅਕਤੂਬਰ ਨੂੰ ਕਿਸਾਨ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕੀਤਾ ਜਾਣਾ ਹੈ।

ਸਵਾਲ ਹੈ ਕਿ ਪੰਜ ਦਿਨ ਤੱਕ ਧਰਨਾ ਲਾਈ ਬੈਠੇ ਹਜ਼ਾਰਾਂ ਕਿਸਾਨਾਂ ਦੀ ਤਕਲੀਫ਼ ਕੀ ਹੈ? ਦਰਅਸਲ; ਕਿਸਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸੀ ਸਰਕਾਰ ਵਲੋਂ ਕਰਜ਼ਾ ਮੁਕਤੀ ਬਾਰੇ ਕੀਤੀ ਗਈ ਵਾਅਦਾ ਖ਼ਿਲਾਫ਼ੀ ਵਿਰੁੱਧ ਤਾਂ ਲੜ ਹੀ ਰਹੇ ਹਨ, ਕੁੱਝ ਹੋਰ ਅਜਿਹੇ ਮੁੱਦੇ ਵੀ ਹਨ, ਜਿਨ੍ਹਾਂ ਲਈ ਕਿਸਾਨ ਆਪਣੇ ਘਰਾਂ ਤੋਂ ਬਾਹਰ ਆ ਕੇ ਸੰਘਰਸ਼ ਕਰਨ ਲਈ ਮਜਬੂਰ ਹਨ। ਬੈਂਕਾਂ ਤੇ ਸ਼ਾਹੂਕਾਰਾਂ ਵੱਲੋਂ ਕੀਤੀ ਜਾਂਦੀ ਜਬਰੀ ਉਗਰਾਹੀ, ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਕੁਰਕੀਆ ਬੰਦ ਕੀਤੇ ਜਾਣ ਦੀਆਂ ਮੰਗਾਂ ਦੇ ਨਾਲ ਹੀ ਕਿਸਾਨ ਮੰਗ ਕਰ ਰਹੇ ਹਨ ਕਿ ਆਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਲਾਵਾਰਿਸ ਪਸ਼ੂਆਂ ਤੇ ਕੁੱਤਿਆਂ ਦਾ ਪੱਕਾ ਹੱਲ ਕੱਢਿਆ ਜਾਵੇ ਅਤੇ ਕਣਕ ਦੇ ਨਾੜ ਤੇ ਝੋਨੇ ਦੀ ਪਰਾਲੀ ਤੋਂ ਛੁਟਕਾਰਾ ਪਾਉਣ ਲਈ ਮੱਕੀ, ਬਾਸਮਤੀ, ਆਲੂ, ਮਟਰ, ਸੂਰਜਮੁਖੀ ਸਮੇਤ ਸਭ ਫਸਲਾਂ ਦਾ ਭਾਅ ਲਾਗਤ ਤੋਂ ਡੇਢ ਗੁਣਾ ਵੱਧ ਨਿਸ਼ਚਿਤ ਕਰਕੇ ਸਰਕਾਰੀ ਖਰੀਦ ਦੀ ਗਾਰੰਟੀ ਦਿੱਤੀ ਜਾਵੇਗ ਇਹ ਸਾਰੀਆਂ ਮੰਗਾਂ ਜਾਇਜ਼ ਹੀ ਨਹੀਂ ਸਗੋਂ ਕਿਸਾਨੀ ਦੀਆਂ ਅਹਿਮ ਲੋੜਾਂ ਹਨ ਪਰ ਸਰਕਾਰ ਦੀ ਬੇਰੁਖੀ ਬੇਹੱਦ ਨਿਰਾਸ਼ਾਜਨਕ ਹੈ।

ਉਂਝ ਇਹ ਹਾਲਤ ਕੇਵਲ ਪੰਜਾਬ ਦੀ ਹੀ ਨਹੀਂ ਹੈ। ਪੰਜਾਬ ਤੋਂ ਲੈ ਕੇ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੱਕ ਕਿਸਾਨੀ ਦੇ ਵਿਹੜਿਆਂ ਵਿਚ ਮਾਤਮ ਦੀਆਂ ਦਰੀਆਂ ਵਿਛਦੀਆਂ ਜਾ ਰਹੀਆਂ ਹਨ। ਪੰਜਾਬ ਵਿਚ ਅੱਜ ਔਸਤਨ 3 ਕਿਸਾਨ ਰੋਜ਼ ਖੁਦਕੁਸ਼ੀ ਕਰ ਰਹੇ ਹਨ। ਕੇਵਲ ਕਿਸਾਨ ਹੀ ਨਹੀਂ ਖੇਤ ਮਜ਼ਦੂਰਾਂ ਵਿਚ ਵੀ ਖੁਦਕੁਸ਼ੀਆਂ ਦਾ ਰੁਝਾਨ ਵੱਧ ਰਿਹਾ ਹੈ। ਪਿੰਡ ਉਦਾਸ ਹਨ, ਕਿਉਂਕਿ ਪਿੰਡਾਂ ਨੇ ਹੁਣ ਪਿੰਡ ਨਹੀਂ ਰਹਿਣਾ। ਪਿੰਡ ਤਾਂ ਹੁਣ ਉਜੜਨ ਦੀ ਜੂਨ ਭੋਗਣ ਦੇ ਦਰਦਨਾਕ ਸਫ਼ਰ 'ਤੇ ਹਨ।

ਇਸ ਚੌਤਰਫ਼ਾ ਸੰਕਟ ਦੀ ਵਜ੍ਹਾ ਕੀ ਹੈ?

ਦਰਅਸਲ, ਭਾਰਤ ਦੀ ਕੋਈ ਰੁਜ਼ਗਾਰ ਨੀਤੀ ਤਾਂ ਹੈ ਨਹੀਂ ਤੇ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਮੁਲਕ ਵਿਚ ਲਾਗੂ ਕੀਤੀਆਂ ਜਾ ਰਹੀਆਂ ਆਰਥਿਕ ਨੀਤੀਆਂ ਆਮ ਬੰਦੇ ਨੂੰ ਰੁਜ਼ਗਾਰ ਦੇਣ ਦੀ ਥਾਂ ਰੁਜ਼ਗਾਰ ਖੋਹਣ ਵਾਲੀਆਂ ਹਨ। ਅਜਿਹੀਆਂ ਹਾਲਤਾਂ ਵਿਚ ਪਿੰਡ ਦਾ ਆਮ ਕਿਸਾਨ ਵੀ ਪੂਰੀ ਤਰ੍ਹਾਂ ਮਜ਼ਦੂਰ ਬਣ ਚੁੱਕਾ ਹੈ ਤੇ ਸ਼ਹਿਰਾਂ ਦੇ ਲੇਬਰ ਚੌਕਾਂ ਵਿਚ ਖੜ੍ਹ ਕੇ ਰੁਜ਼ਗਾਰ ਮੰਗਣ ਦੀ ਹਾਲੇ ਨਾ ਉਹਨੂੰ ਜਾਚ ਹੈ ਤੇ ਨਾ ਹੀ ਉਹਦੀ ਹਉਮੈ ਉਹਨੂੰ ਇਹ ਕੁਝ ਕਰਨ ਦਿੰਦੀ ਹੈ। ਅਜਿਹੀ ਹਾਲਤ ਵਿਚ ਉਹ ਤੇ ਉਹਦਾ ਪਰਿਵਾਰ ਭੁਖਮਰੀ ਦੀ ਕਗਾਰ 'ਤੇ ਖਲੋਤਾ ਖੁਦਕੁਸ਼ੀ ਨੂੰ ਆਪਣੀ ਮੁਕਤੀ ਦਾ ਸਭ ਤੋਂ ਸੌਖਾ ਰਾਹ ਸਮਝਣ ਦੇ ਕੁਰਾਹੇ ਪੈ ਗਿਆ ਹੈ। ਇਹ ਬੜੀ ਭਿਅੰਕਰ ਸਥਿਤੀ ਹੈ। ਸੰਸਾਰੀਕਰਨ ਦੇ ਇਸ ਦੌਰ ਵਿਚ ਸਿਰਫ਼ ਖੇਤ ਹੀ ਨਹੀਂ ਹਰ ਚੀਜ਼ ਹੀ ਦਾਅ 'ਤੇ ਲੱਗੀ ਹੋਈ ਹੈ। ਭਾਰਤੀ ਸਮਾਜ ਦੇ ਹਰ ਵਰਗ ਵਿਚ ਸੰਸਾਰੀਕਰਨ ਦੀਆਂ ਨੀਤੀਆਂ ਕਾਰਨ ਆਪਾ ਧਾਪੀ ਹੈ ਜਿਹਨੇ ਹੌਲੀ ਹੌਲੀ ਹਿੰਸਕ ਟਕਰਾਵਾਂ ਵਿਚ ਤਬਦੀਲ ਹੁੰਦੇ ਜਾਣਾ ਹੈ। ਪੰਜਾਬ ਇਸ ਗੰਭੀਰ ਸੰਕਟ ਵੱਲ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਪੰਜਾਬ ਦੀ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਿਸੇ ਪਾਸਿਓਂ ਵੀ ਪਿਛਲੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਤੋਂ ਵੱਖਰੀ ਨਹੀਂ ਹੈ। ਨੀਤੀਆਂ ਦੇ ਪੱਧਰ 'ਤੇ ਅਕਾਲੀ-ਭਾਜਪਾ ਤੇ ਕਾਂਗਰਸ ਵਿਚ ਕੋਈ ਵਖਰੇਵਾਂ ਨਹੀਂ ਹੈ। ਸੱਤਾ ਨੇ ਰੰਗ ਵਟਾਏ ਹਨ, ਰੂਪ ਨਹੀਂ।

ਪੰਜਾਬ ਵਿਚ ਨਵੀਂ ਬਣੀ ਕੈਪਟਨ ਸਰਕਾਰ ਨੇ ਜਿਹੜੇ ਵਾਅਦੇ ਪੰਜਾਬੀਆਂ ਨਾਲ ਕੀਤੇ ਸਨ, ਉਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਵਾਉਣ ਦੀ ਕਾਰਗਰ ਵਿਧੀ ਵਿਸ਼ਾਲ ਜਨਤਕ ਦਬਾਅ ਹੀ ਹੈ। ਪੰਜ ਰੋਜ਼ਾ ਕਿਸਾਨ ਧਰਨਾ ਇਹਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ ਪਰ ਇਹ ਗੱਲ ਵੀ ਸਮਝ ਲੈਣੀ ਜ਼ਰੂਰੀ ਹੈ ਕਿ ਸਰਕਾਰ ਤੋਂ ਵਾਅਦੇ ਪੂਰੇ ਤਾਂ ਹੀ ਕਰਵਾਏ ਜਾ ਸਕਦੇ ਹਨ ਜੇਕਰ ਲੋਕ ਸ਼ਕਤੀ ਦੇ ਨਿਸ਼ਾਨੇ 'ਤੇ ਪੰਜਾਬ ਹੀ ਨਹੀਂ ਸਗੋਂ ਮੁਲਕ ਨੂੰ ਗਹਿਣੇ ਧਰਨ ਵਾਲੀਆਂ ਨਵੀਆਂ ਆਰਥਿਕ ਨੀਤੀਆਂ ਹੋਣਗੀਆਂ। ਨਾਲ ਹੀ ਕੇਵਲ ਕਿਸਾਨਾਂ ਦੇ ਧਰਨੇ/ਮੁਜ਼ਾਹਰੇ ਹੀ ਕਾਫ਼ੀ ਨਹੀਂ; ਲੋੜਾਂ ਦੀ ਲੋੜ ਸਮਾਜ ਦੇ ਬਾਕੀ ਖੇਤਰਾਂ ਵਿਚ ਨਪੀੜੇ ਜਾ ਰਹੇ ਹਰ ਆਮ ਬੰਦੇ ਨੂੰ ਇਸ ਤਰ੍ਹਾਂ ਦੇ ਲੋਕ ਸੰਘਰਸ਼ਾਂ ਦਾ ਅੰਗ ਬਣਾਇਆਂ ਹੀ ਸਰਕਾਰ ਨੂੰ ਲੋਕਾਈ ਦੀਆਂ ਮੰਗਾਂ ਮਨਵਾਏ ਜਾਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਲੱਗ ਰਿਹਾ ਹੈ ਕਿ ਪੰਜਾਬੀ ਬੰਦਾ ਹਾਲਾਤ ਦਾ ਨਪੀੜਿਆ ਹਫ਼ ਗਿਆ ਹੈ। ਇਹ ਲੜਾਈ ਕੱਲੇ-ਕਾਰੇ ਬਦੇ ਦੀ ਨਹੀਂ, ਸਮੂਹ ਦੀ ਲੜਾਈ ਹੈ। ਸੱਮਸਿਆ ਸਿਰਫ਼ ਤੇ ਸਿਰਫ਼ ਕਿਸਾਨਾਂ ਤਕ ਸੀਮਤ ਨਹੀਂ, ਸਗੋਂ ਅਧਿਆਪਕਾਂ, ਵਿਦਿਆਰਥੀਆਂ, ਮੁਲਾਜ਼ਮਾਂ, ਛੋਟੇ ਤੇ ਦਰਮਿਆਨੇ ਕਾਰੋਬਾਰੀਆਂ ਦੀ ਵੀ ਬਰਾਬਰ ਬਣੀ ਹੋਈ ਹੈ। ਹੁਣ ਤਕ ਆਪਣੇ ਆਪਣੇ ਪੱਧਰ 'ਤੇ ਸਰਕਾਰਾਂ ਨਾਲ ਆਢਾ ਲੈਂਦੀਆਂ ਨਜ਼ਰ ਆ ਰਹੀਆਂ ਹਨ। ਜਦੋਂ ਤਕ ਸਮੁੱਚੀਆਂ ਧਿਰਾਂ ਇਕ ਸੁਰ ਨਹੀਂ ਹੋ ਜਾਂਦੀਆਂ, ਉਦੋਂ ਤਕ ਮੂੰਹਖੁਰ ਸਿਆਸਤ ਦੇ ਦੰਦ ਆਮ ਬੰਦੇ ਨੂੰ ਵੱਢਦੇ ਰਹਿਣਗੇ। ਸੋ, ਇਨ੍ਹਾਂ ਹਾਲਤਾਂ ਵਿਚ ਲੋੜ ਹਫ਼ੇ ਹੋਏ ਬੰਦੇ ਨੂੰ ਸੰਗਰਾਮੀ ਬੋਲਾਂ ਦੀ ਹੈ।

# ਪਾਕਿਸਤਾਨੀ ਔਰਤਾਂ ਦੀ ਸਿਆਸਤ 'ਚ ਭੂਮਿਕਾ ਹਾਲੇ ਵੀ ਘੱਟ

**ਪੀਐੱਮਐੱਲਐੱਲ-ਐੱਨ ਦੀ ਮਹਿਲਾਵਾਂ ਪੱਖੀ ਕਾਨੂੰਨ ਬਣਾਉਣ ਵਿੱਚ ਅਚਾਨਕ ਦਿਲਚਸਪੀ ਬਣੀ ਹੈ ਅਤੇ ਇਸ ਨੇ ਪਿਛਲੇ ਸਾਲ 'ਅਣਖ ਖਾਤਰ ਹੱਤਿਆ ਵਿਰੋਧੀ' ਅਤੇ ਬਲਾਤਕਾਰ ਵਿਰੋਧੀ ਬਿਲ ਪਾਸ ਕਰਵਾਏ ਹਨ ਜਿਸ ਨੂੰ ਪਾਰਟੀ ਵਿੱਚ ਮਰੀਅਮ ਸ਼ਰੀਫ ਦੇ ਰੋਲ ਵਧਣ ਅਤੇ ਉਸ ਵੱਲੋਂ ਮਹਿਲਾ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਜੋਂ ਲਿਆ ਜਾ ਰਿਹਾ ਹੈ। ਇਹ ਇਸਤਰੀਵਾਦੀ ਨੀਤੀਆਂ ਓਨੀਆਂ ਹੀ ਆਕਰਸ਼ਿਕ ਹਨ ਜਿੰਨਾ ਇੱਕ ਪਾਰਟੀ ਦਾ ਵਿਕਾਸਮੁਖੀ ਏਜੰਡਾ ਪ੍ਰਭਾਵ ਵਿਖਾਉਂਦਾ ਹੈ। ਇਹ ਸ਼ਹਿਰ ਦੇ ਪੜ੍ਹੇ-ਲਿਖੇ ਕੁਲੀਨ ਵਰਗ ਦੀ ਮਦਦ ਲੈਣ ਵਿੱਚ ਸਹਾਈ ਹੁੰਦੇ ਹਨ ਅਤੇ ਨਾਲ ਹੀ ਕੌਮਾਂਤਰੀ ਭਾਈਚਾਰੇ ਲਈ ਚੰਗੇ ਉਦਾਰ ਚਿਹਰੇ ਵਜੋਂ ਉੱਭਰਦੇ ਹਨ, ਪਰ ਜ਼ਰੂਰੀ ਨਹੀਂ ਕਿ ਇਹ ਮਹਿਲਾ ਵੋਟ ਬੈਂਕ ਤਿਆਰ ਕਰਨ।**

ਹੁਮਾ ਯੂਸੁਫ਼

ਲਾਹੌਰ ਤੋਂ ਕੌਮੀ ਅਸੈਂਬਲੀ ਦੀ ਸੀਟ (120) ਲਈ ਹੋਈ ਜ਼ਿਮਨੀ ਚੋਣ ਨੂੰ ਜੇ ਪਾਕਿਸਤਾਨ ਵਿੱਚ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦਾ ਪੈਮਾਨਾ ਮੰਨ ਲਿਆ ਜਾਏ ਤਾਂ ਸਾਨੂੰ ਦੇਸ਼ ਅੰਦਰ ਔਰਤਾਂ ਦੇ ਮੱਤ ਅਧਿਕਾਰ ਬਾਰੇ ਫ਼ਿਕਰਮੰਦ ਹੋਣਾ ਚਾਹੀਦਾ ਹੈ। ਇਹ ਦਾਅਵਾ ਕਰਨਾ ਕਿ ਮੁਕਾਬਲਾ ਦੋ ਮਹਿਲਾਵਾਂ ਪੀਐੱਮਐੱਲ (ਐੱਨ) ਦੀ ਕੁਲਸੂਮ ਨਵਾਜ਼ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੀ ਡਾ. ਯਾਸਮੀਨ ਰਾਸ਼ਿਦ ਦਰਮਿਆਨ ਸੀ ਅਤੇ ਮੀਡੀਆ ਵੱਲੋਂ ਮਹਿਲਾਵਾਂ ਦਾ ਇਹ ਗੁਣਗਾਨ ਕਰਨਾ ਕਿ ਉਹ ਸਾਰੀਆਂ ਪਾਰਟੀਆਂ, ਸਮੇਤ ਮਿੱਲੀ ਮੁਸਲਿਮ ਲੀਗ (ਜਮਾਤ-ਉਦ-ਦਾਵਾ ਨਾਲ ਸਬੰਧਤ) ਦੀ ਤਰਫ਼ੋਂ ਚੋਣ ਪ੍ਰਚਾਰ ਵਿੱਚ ਅਹਿਮ ਰੋਲ ਅਦਾ ਕਰ ਰਹੀਆਂ ਹਨ, ਨੂੰ ਸਹਿਜ ਨਾਲ ਨਹੀਂ ਲਿਆ ਜਾ ਸਕਦਾ। ਹਾਂ, ਇਸ ਜ਼ਿਮਨੀ ਚੋਣ ਨੂੰ ਬਗ਼ੈਰ ਸ਼ੱਕ, ਮਰੀਅਮ ਸ਼ਰੀਫ ਦੀ ਚੋਣ ਵਜੋਂ ਯਾਦ ਰੱਖਿਆ ਜਾਵੇਗਾ ਜੋ ਪੀਐੱਮਐੱਲ-ਐੱਨ ਵਿੱਚ ਆਪਣੇ ਪਿਤਾ ਨਵਾਜ਼ ਸ਼ਰੀਫ਼ ਦੇ ਪ੍ਰਭਾਵੀ ਬਦਲ ਵਜੋਂ ਉੱਭਰ ਕੇ ਸਾਹਮਣੇ ਆਈ ਹੈ।

ਜ਼ਿਕਰਯੋਗ ਹੈ ਕਿ ਕਰੀਬ ਇੱਕ ਹਫ਼ਤਾ ਪਹਿਲਾਂ ਹੋਈ ਉਪਰੋਕਤ ਜ਼ਿਮਨੀ ਚੋਣ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਬਿਮਾਰ ਪਤਨੀ ਬੇਗਮ ਕੁਲਸੂਮ ਨੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਮਰਾਨ ਖ਼ਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੀ ਉਮੀਦਵਾਰ ਯਾਸਮੀਨ ਰਾਸ਼ਿਦ ਨੂੰ ਤੇਰ੍ਹਾਂ ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾ ਕੇ ਜਿੱਤੀ ਸੀ। ਆਪਣੀ ਮਾਂ ਲਈ ਚੋਣ ਪ੍ਰਚਾਰ ਦੀ ਕਮਾਨ ਉਨ੍ਹਾਂ ਦੀ ਬੇਟੀ ਮਰੀਅਮ ਨੇ ਸੰਭਾਲੀ ਹੋਈ ਸੀ। ਇਸ ਜ਼ਿਮਨੀ ਚੋਣ ਵਿੱਚ ਭਾਵੇਂ ਕੌਮਾਂਤਰੀ ਦਹਿਸ਼ਤਗਰਦ ਐਲਾਨੇ ਹਾਫਿਜ਼ ਸਈਦ ਦੀ ਜਥੇਬੰਦੀ ਜਮਾਤ-ਉਦ-ਦਾਵਾ ਵੱਲੋਂ ਬਣਾਈ ਨਵੀਂ ਸਿਆਸੀ ਪਾਰਟੀ ਮਿੱਲੀ ਮੁਸਲਿਮ ਲੀਗ ਨੂੰ ਸਿਰਫ਼ ਚਾਰ ਹਜ਼ਾਰ ਵੋਟਾਂ ਮਿਲੀਆਂ, ਫਿਰ ਵੀ ਉਸ ਦਾ ਤੀਜਾ ਸਥਾਨ ਆਇਆ ਹੈ। ਇਹ ਸੀਟ 28 ਜੁਲਾਈ ਨੂੰ ਸੁਪਰੀਮ ਕੋਰਟ ਵੱਲੋਂ ਪਨਾਮਾ ਦਸਤਾਵੇਜ਼ ਸਕੈਂਡਲ ਕੇਸ ਵਿੱਚ ਤਤਕਾਲੀਨ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਅਯੋਗ ਐਲਾਨੇ ਜਾਣ ਕਾਰਨ ਖਾਲੀ ਹੋਈ ਸੀ।

ਇਸ ਜ਼ਿਮਨੀ ਚੋਣ ਦੇ ਕੁੱਲ 44 ਉਮੀਦਵਾਰਾਂ ਵਿੱਚ ਕੇਵਲ ਪੰਜ ਮਹਿਲਾ ਉਮੀਦਵਾਰ ਹੀ ਮੈਦਾਨ ਵਿੱਚ ਸਨ। ਇਸ ਜ਼ਿਮਨੀ ਚੋਣ ਲਈ ਮਹਿਲਾਵਾਂ ਦੇ ਵਧ-ਚੜ੍ਹ ਕੇ ਹਿੱਸਾ ਲੈਣ ਦਾ ਪ੍ਰਚਾਰ ਕੀਤੇ ਜਾਣ ਦੇ ਬਾਵਜੂਦ ਫ਼ਿਕਰ ਵਾਲੀ ਗੱਲ ਇਹ ਹੈ ਕਿ ਹਲਕੇ ਦੀਆਂ ਕੁੱਲ ਮਹਿਲਾ ਵੋਟਰਾਂ ਵਿੱਚੋਂ ਕੇਵਲ 32.3 ਫ਼ੀਸਦੀ ਹੀ ਵੋਟ ਪਾਉਣ ਆਈਆਂ ਜਦੋਂਕਿ 2013 ਦੀਆਂ ਆਮ ਚੋਣਾਂ ਦੌਰਾਨ ਪੰਜਾਬ ਦੀਆਂ 36.33 ਫ਼ੀਸਦੀ ਮਹਿਲਾ ਵੋਟਰਾਂ ਨੇ ਵੋਟਾਂ ਪਾਈਆਂ ਸਨ। ਇਸ ਨਾਂਹ-ਪੱਖੀ ਰੁਝਾਨ ਨੂੰ ਵੱਖ ਵੱਖ ਤਰਕਾਂ ਨਾਲ ਨਕਾਰ ਦਿੱਤਾ ਗਿਆ ਜਿਵੇਂ ਜ਼ਿਮਨੀ ਚੋਣ ਵਿੱਚ ਵੋਟਰ ਘੱਟ ਦਿਲਚਸਪੀ ਲੈਂਦੇ ਹਨ; ਸੁਰੱਖਿਆ ਵੀ ਮੁੱਦਾ ਸੀ ਅਤੇ ਖ਼ਾਸ ਕਰਕੇ ਇਸ ਚੋਣ ਦੌਰਾਨ ਤਣਾਅ ਹੋਣ ਕਾਰਨ ਬਹੁਤੇ ਪਰਿਵਾਰ ਵੋਟ ਨਹੀਂ ਪਾਉਣ ਆਏ।

ਇਸ ਵਿੱਚ ਸ਼ੱਕ ਨਹੀਂ ਕਿ ਮਹਿਲਾਵਾਂ ਦੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਨਾਲ ਕੁਝ ਅਹਿਮ ਮੁੱਦੇ ਜੁੜੇ ਹੋਏ ਹਨ ਜਿਵੇਂ ਉਨ੍ਹਾਂ ਨੂੰ ਚੋਣ ਬੂਥਾਂ ਤਕ ਲਿਆਉਣ ਲਈ ਵਾਹਨ, ਸੁਰੱਖਿਆ ਵਗੈਰਾ। ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਪਿਛਲੇ ਕੁਝ ਸਾਲਾਂ ਦੌਰਾਨ ਮਹਿਲਾ ਵੋਟਰਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਕਈ ਹਾਂਦਰੂ ਕਦਮ ਉਠਾਏ ਹਨ। ਜੂਨ 2015 ਵਿੱਚ ਚੀਰ ਹਲਕੇ ਦੀ ਜ਼ਿਮਨੀ ਚੋਣ ਦਾ ਨਤੀਜਾ ਇਸ ਕਰਕੇ ਰੱਦ ਕਰ ਦਿੱਤਾ ਗਿਆ ਸੀ ਕਿ ਮਹਿਲਾਵਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਸੀ।

ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਪੰਜਾਬ ਦੇ ਉਨ੍ਹਾਂ 9 ਜ਼ਿਲ੍ਹਿਆਂ ਵਿੱਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਕਮੇਟੀਆਂ ਦਾ ਗਠਨ ਕੀਤਾ ਸੀ ਜਿਨ੍ਹਾਂ ਵਿੱਚ ਪਿਛਲੀਆਂ ਆਮ ਚੋਣਾਂ ਦੌਰਾਨ ਮਹਿਲਾ ਵੋਟਰਾਂ ਦੀ ਸ਼ਮੂਲੀਅਤ ਘੱਟ ਗਈ ਸੀ। ਇਨ੍ਹਾਂ ਕਮੇਟੀਆਂ ਦੇ ਗਠਨ ਦਾ ਮੰਤਵ ਮਹਿਲਾਵਾਂ ਨੂੰ ਉਨ੍ਹਾਂ ਦੀ ਵੋਟ ਦੇ ਮਹੱਤਵ ਤੋਂ ਜਾਗਰੂਕ ਕਰਨਾ ਸੀ। ਚੋਣ ਸੁਧਾਰਾਂ ਅਨੁਸਾਰ ਸਾਰੀਆਂ ਸਿਆਸੀ ਪਾਰਟੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਪੰਜ ਫ਼ੀਸਦੀ ਮਹਿਲਾ ਉਮੀਦਵਾਰ ਐਲਾਨਣ। ਜੇ ਚੋਣ ਵਿੱਚ ਭੁਗਤੇ ਕੁੱਲ ਵੋਟਰਾਂ ਦਾ ਦਸ ਫ਼ੀਸਦੀ ਔਰਤਾਂ ਨਹੀਂ ਹੋਣਗੀਆਂ ਤਾਂ ਉਹ ਨਤੀਜਾ ਰੱਦ ਕਰ ਦਿੱਤਾ ਜਾਵੇਗਾ। ਇਹ ਚੋਣ ਸੁਧਾਰ ਮਹਿਲਾਵਾਂ ਦੀ ਚੋਣਾਂ ਵਿੱਚ ਭੂਮਿਕਾ ਨੂੰ ਹੋਰ ਮਜ਼ਬੂਤ ਕਰਨਗੇ। ਪ੍ਰੰਤੂ ਕੌਮੀ ਅਸੈਂਬਲੀ ਦੇ ਹਲਕਾ 120 ਦੀ ਜ਼ਿਮਨੀ ਚੋਣ ਨੇ ਇਹ ਸਾਹਮਣੇ ਲੈ ਆਂਦਾ ਹੈ ਕਿ ਸਿਆਸਤ ਵਿੱਚ ਅਜੇ ਵੀ ਔਰਤਾਂ ਦਾ ਰੋਲ ਬਹੁਤ ਘੱਟ ਹੈ। ਇੱਥੋਂ ਤਕ ਕਿ ਜਿੱਤਣ ਦੀਆਂ ਪੂਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਮਹਿਲਾ ਪ੍ਰਤੀਨਿਧ ਆਪਣੇ ਪਿਤਾਵਾਂ, ਭਰਾਵਾਂ ਜਾਂ ਪਾਰਟੀ ਆਗੂਆਂ, ਜਿਹੜੇ ਸਿਆਸੀ ਘਰਾਣਿਆਂ ਜਾਂ ਕਬੀਲਿਆਂ ਦੇ ਆਕਰਸ਼ਕ ਚਿਹਰੇ ਹਨ, ਦੀਆਂ ਪ੍ਰਤੀਨਿਧ ਹੋਣ ਦਾ ਪ੍ਰਚਾਰ ਕਰਦੀਆਂ ਹਨ ਜਿਵੇਂ ਉਨ੍ਹਾਂ ਦੀ ਆਪਣੀ ਕੋਈ ਹੋਂਦ ਨਾ ਹੋਵੇ।

ਇਸ ਲਈ ਮਹਿਲਾ ਉਮੀਦਵਾਰਾਂ ਦੀ ਗਿਣਤੀ ਵਧਣ ਨਾਲ ਮਹਿਲਾ ਵੋਟ ਅਧਿਕਾਰ ਨੂੰ ਹੁਲਾਰਾ ਮਿਲਣ ਦੀ ਆਸ ਨਹੀਂ। ਇਹ ਕਹਿਣਾ ਆਸਾਨ ਹੈ ਕਿ ਮਹਿਲਾਵਾਂ ਇਸ ਕਰਕੇ ਵੋਟ ਪਾਉਣ ਆਉਣਗੀਆਂ ਕਿਉਂਕਿ ਉਹ ਦੂਜੀ ਮਹਿਲਾ ਨੂੰ ਵੋਟ ਪਾ ਸਕਦੀਆਂ ਹਨ। ਅਜਿਹੀ ਆਸ ਨਹੀਂ ਹੁੰਦੀ। ਸਿਆਸੀ ਪਾਰਟੀਆਂ ਮੁੱਢਲੇ ਤੌਰ 'ਤੇ ਇਹ ਸੋਚਦੀਆਂ ਹਨ ਕਿ ਮਹਿਲਾ ਵੋਟਰ ਪਰਿਵਾਰਾਂ, ਕਬੀਲਿਆਂ, ਨਸਲੀ ਜਾਂ ਭਾਸ਼ਾਈ ਪੱਧਰ 'ਤੇ ਜਿਵੇਂ ਉਨ੍ਹਾਂ ਨੂੰ, ਉਨ੍ਹਾਂ ਦੇ ਘਰਾਂ ਦੇ ਮਰਦ ਕਹਿਣਗੇ, ਉਸ ਅਨੁਸਾਰ ਵੋਟ ਪਾਉਣਗੀਆਂ। ਜਦੋਂ ਸਿਆਸੀ ਪਾਰਟੀਆਂ ਮਹਿਲਾ ਵੋਟਰਾਂ ਨੂੰ ਆਜ਼ਾਦ ਵੋਟਰ ਵਜੋਂ ਵੇਖਦੀਆਂ ਹਨ ਤਾਂ ਵੀ ਉਹ ਉਨ੍ਹਾਂ ਨੂੰ ਮਰਦ-ਔਰਤ ਭੇਦ ਦੇ ਨਜ਼ਰੀਏ ਨਾਲ ਵੇਖਣ ਦੀ ਗ਼ਲਤੀ ਕਰ ਰਹੀਆਂ ਹੁੰਦੀਆਂ ਹਨ। ਇਸ ਦਾ ਨਾ ਕੇਵਲ ਸਿਆਸੀ ਪਾਰਟੀ ਦੇ ਭਵਿੱਖ ਨੂੰ ਨੁਕਸਾਨ ਪਹੁੰਚਦਾ ਸਗੋਂ ਸਮਾਜ ਨੂੰ ਵੱਡਾ ਧੱਕਾ ਲੱਗਦਾ ਹੈ। ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਨੇ ਮਹਿਲਾਵਾਂ ਨੂੰ ਸੰਵਿਧਾਨ ਰਾਹੀਂ ਹੱਕ ਦਿਵਾਏ ਹਨ ਤੇ ਉਹ ਵੋਟਰਾਂ ਨੂੰ ਇਹ ਯਾਦ ਕਰਾਉਂਦੀ ਰਹਿੰਦੀ ਹੈ ਕਿ ਇਹ ਬੇਨਜ਼ੀਰ ਭੁੱਟੋ ਦੀ ਪਾਰਟੀ ਹੈ। ਪਰ ਉਸ ਦਾ ਇਹ ਪੈਂਤੜਾ ਸਹੀ ਨਹੀਂ ਮੰਨਿਆ ਜਾ ਸਕਦਾ। ਪੀਐੱਮਐੱਲਐੱਲ-ਐੱਨ ਦੀ ਮਹਿਲਾਵਾਂ ਪੱਖੀ ਕਾਨੂੰਨ ਬਣਾਉਣ ਵਿੱਚ ਅਚਾਨਕ ਦਿਲਚਸਪੀ ਬਣੀ ਹੈ ਅਤੇ ਇਸ ਨੇ ਪਿਛਲੇ ਸਾਲ 'ਅਣਖ ਖਾਤਰ ਹੱਤਿਆ ਵਿਰੋਧੀ' ਅਤੇ ਬਲਾਤਕਾਰ ਵਿਰੋਧੀ ਬਿਲ ਪਾਸ ਕਰਵਾਏ ਹਨ ਜਿਸ ਨੂੰ ਪਾਰਟੀ ਵਿੱਚ ਮਰੀਅਮ ਸ਼ਰੀਫ ਦੇ ਰੋਲ ਵਧਣ ਅਤੇ ਉਸ ਵੱਲੋਂ ਮਹਿਲਾ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਜੋਂ ਲਿਆ ਜਾ ਰਿਹਾ ਹੈ। ਇਹ ਇਸਤਰੀਵਾਦੀ ਨੀਤੀਆਂ ਓਨੀਆਂ ਹੀ ਆਕਰਸ਼ਿਕ ਹਨ ਜਿੰਨਾ ਇੱਕ ਪਾਰਟੀ ਦਾ ਵਿਕਾਸਮੁਖੀ ਏਜੰਡਾ ਪ੍ਰਭਾਵ ਵਿਖਾਉਂਦਾ ਹੈ। ਇਹ ਸ਼ਹਿਰ ਦੇ ਪੜ੍ਹੇ-ਲਿਖੇ ਕੁਲੀਨ ਵਰਗ ਦੀ ਮਦਦ ਲੈਣ ਵਿੱਚ ਸਹਾਈ ਹੁੰਦੇ ਹਨ ਅਤੇ ਨਾਲ ਹੀ ਕੌਮਾਂਤਰੀ ਭਾਈਚਾਰੇ ਲਈ ਚੰਗੇ ਉਦਾਰ ਚਿਹਰੇ ਵਜੋਂ ਉੱਭਰਦੇ ਹਨ, ਪਰ ਜ਼ਰੂਰੀ ਨਹੀਂ ਕਿ ਇਹ ਮਹਿਲਾ ਵੋਟ ਬੈਂਕ ਤਿਆਰ ਕਰਨ।

ਸੱਚਾਈ ਇਹ ਹੈ ਕਿ ਫਿਲਹਾਲ ਪਾਕਿਸਤਾਨੀ ਮਹਿਲਾ ਵੋਟਰਾਂ ਦੇ ਨਿੱਗਰ ਵੋਟ ਬੈਂਕ ਵਜੋਂ ਵਜੂਦ ਨਹੀਂ ਕਿਉਂਕਿ ਇਹ ਅਜੇ ਸਿਆਸੀ ਪਾਰਟੀਆਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸਿਆਸੀ ਪਾਰਟੀਆਂ ਨੇ ਅਜੇ ਉਹ ਚੋਣ ਮੰਚ ਕਾਇਮ ਕਰਨੇ ਹਨ ਜਿਹੜੇ ਮਹਿਲਾਵਾਂ ਨੂੰ ਵੋਟ ਪਾਉਣ ਲਈ ਪ੍ਰੇਰਨਗੇ। ਜਦੋਂ ਇਹ ਮੰਚ ਕਾਇਮ ਹੋ ਗਏ, ਇਹ ਚੋਣ ਮੁਹਿੰਮਾਂ ਮਹਿਲਾਵਾਂ ਦੇ ਅਧਿਕਾਰਾਂ ਲਈ ਸਿਰਫ਼ ਭਾਸ਼ਣਾਂ ਤਕ ਸੀਮਤ ਨਹੀਂ ਰਹਿਣਗੀਆਂ। ਵਿਕਾਸਸ਼ੀਲ ਦੇਸ਼ਾਂ ਵਿੱਚ ਹੋਈ ਖੋਜ ਨੇ ਇਹ ਤੱਥ ਸਾਹਮਣੇ ਲਿਆਂਦੇ ਹਨ ਕਿ ਜਦੋਂ ਮਹਿਲਾਵਾਂ ਘਰੇਲੂ ਖ਼ਰਚਿਆਂ ਨੂੰ ਚਲਾਉਂਦੀਆਂ ਹਨ, ਉਦੋਂ ਉਨ੍ਹਾਂ ਦੀਆਂ ਤਰਜੀਹਾਂ ਸਿੱਖਿਆ, ਪੌਸ਼ਟਿਕ ਭੋਜਨ ਤੇ ਬੁਨਿਆਦੀ ਜ਼ਰੂਰਤਾਂ ਹੁੰਦੀਆਂ ਹਨ ਜੋ ਸਮੁੱਚੇ ਭਾਈਚਾਰੇ ਤੇ ਸਮਾਜ ਲਈ ਫਾਇਦੇਮੰਦ ਸਾਬਤ ਹੁੰਦੀਆਂ ਹਨ। ਇਸ ਤੋਂ ਕੋਈ ਵੀ ਅੰਦਾਜ਼ਾ ਲਾ ਸਕਦਾ ਹੈ ਕਿ ਮਹਿਲਾਵਾਂ ਉਦੋਂ ਵੋਟਾਂ ਪਾਉਣ ਲਈ ਅੱਗੇ ਆਉਣਗੀਆਂ ਜਦੋਂ ਚੋਣ ਮੁਹਿੰਮਾਂ ਵਿੱਚ ਸਿੱਖਿਆ, ਸੁਰੱਖਿਆ, ਸਿਹਤ ਮੁੱਖ ਮੁੱਦੇ ਹੋਣਗੇ।

ਤੇਜ਼ੀ ਨਾਲ ਸ਼ਹਿਰੀਕਰਨ ਵੱਲ ਵਧ ਰਹੇ ਪਾਕਿਸਤਾਨ ਵਿੱਚ ਵਧੇਰੇ ਔਰਤਾਂ ਘਰਾਂ ਵਿਚੋਂ ਬਾਹਰ ਨਿਕਲ ਕੇ ਨੌਕਰੀਆਂ ਤੇ ਕਾਰੋਬਾਰ ਕਰਨ ਲੱਗ ਪਈਆਂ ਹਨ। ਉਹ ਮੁੱਦੇ ਜਿਹੜੇ ਪੱਛਮੀ ਦੇਸ਼ਾਂ ਵਿੱਚ ਮਹਿਲਾ ਵੋਟਰਾਂ ਨੂੰ ਆਕਰਸ਼ਿਤ ਕਰਦੇ ਹਨ ਜਿਵੇਂ ਸੁਰੱਖਿਅਤ ਟਰਾਂਸਪੋਰਟ, ਬੱਚਿਆਂ ਦੀ ਦੇਖਭਾਲ; ਮਹਿਲਾਵਾਂ ਦੀ ਸਿਆਸਤ ਵਿੱਚ ਸ਼ਮੂਲੀਅਤ ਨੂੰ ਵਧਾਉਣਗੇ। ਮੱਧ ਵਰਗੀ ਉਪਭੋਗਤਾਵਾਂ ਦੀ ਬਹੁਗਿਣਤੀ ਹੋਣ ਕਰਕੇ ਮਹਿਲਾਵਾਂ ਲਈ ਮਹਿੰਗਾਈ ਅਤੇ ਉਪਭੋਗਤਾ ਸੁਰੱਖਿਆ ਵਰਗੇ ਮੁੱਦੇ ਉੱਭਰਨਗੇ।

ਸਾਡੀਆਂ ਸਿਆਸੀ ਪਾਰਟੀਆਂ ਵਿੱਚ ਸ਼ਖ਼ਸੀਅਤ, ਸ਼ਨਾਖ਼ਤੀ ਸਿਆਸਤ ਅਤੇ ਵੱਡੇ ਥੀਮਾਂ ਜਿਵੇਂ ਭ੍ਰਿਸ਼ਟਾਚਾਰ, ਪ੍ਰਭੂਤਾ ਦੇ ਆਧਾਰ 'ਤੇ ਚੋਣਾਂ ਲੜਨ ਦਾ ਜਨੂੰਨ ਅਜੇ ਵੀ ਸਵਾਰ ਹੈ। ਕੌਮੀ ਅਸੈਂਬਲੀ ਦੀ ਲਾਹੌਰ ਸੀਟ (120) ਉੱਪਰ ਹੋਈ ਜ਼ਿਮਨੀ ਚੋਣ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਿਆਸੀ ਮੁਹਿੰਮਾਂ, ਖ਼ਾਸ ਕਰਕੇ ਸ਼ਹਿਰੀ ਸੰਦਰਭ ਵਿੱਚ, ਵਧੇਰੇ ਮੁਕਾਬਲੇ ਵਾਲੀਆਂ ਹੋਣਗੀਆਂ ਅਤੇ ਸਿਆਸੀ ਪਾਰਟੀਆਂ ਮਹਿਲਾਵਾਂ ਨੂੰ ਆਪਣੇ ਜੋਖ਼ਿਮ ਉੱਪਰ ਹੀ ਨਜ਼ਰਅੰਦਾਜ਼ ਕਰਨਗੀਆਂ। ਪਰ ਮਹਿਲਾ ਵੋਟਰਾਂ ਨੂੰ ਆਪਣੇ ਵੱਲ ਪ੍ਰੇਰਿਤ ਕਰਨ ਲਈ ਚੋਣ ਵਾਅਦੇ ਪ੍ਰਸ਼ਾਸਕੀ ਸੇਵਾਵਾਂ ਬਿਹਤਰ ਦੇਣ ਨਾਲ ਜੁੜੇ ਹੋਣੇ ਚਾਹੀਦੇ ਹਨ ਅਤੇ ਕੇਵਲ ਅਜਿਹਾ ਹੀ ਪਾਕਿਸਤਾਨ ਦੇ ਫਾਇਦੇ ਵਿੱਚ ਹੋ ਸਕਦਾ ਹੈ।

('ਡਾਅਨ' ਵਿਚੋਂ ਧੰਨਵਾਦ ਸਹਿਤ)

# ਗੁਰੂਆਂ ਦੇ ਨਾਮ 'ਤੇ ਵਸਦੇ ਪੰਜਾਬ ਦਾ ਸੁੱਚਾ ਮੋਤੀ ਸੀ ਅਫ਼ਜ਼ਲ ਅਹਿਸਨ ਰੰਧਾਵਾ



ਖੱਬਿਉਂ ਸੱਜੇ: ਪ੍ਰੋਫੈਸਰ ਜੋਧ ਸਿੰਘ, ਪ੍ਰੋ. ਹਰਪਾਲ ਸਿੰਘ ਪੰਨੂ, ਜਨਾਬ ਅਫਜ਼ਲ ਅਹਿਸਨ ਰੰਧਾਵਾ, ਭਾਈ ਮਨਧੀਰ ਸਿੰਘ, ਭਾਈ ਸੁਰਿੰਦਰਪਾਲ ਸਿੰਘ ਠਰੂਆ, ਪ੍ਰੋ. ਹਰਜਿੰਦਰ ਸਿੰਘ ਮਾਂਗਟ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ।



ਖੱਬਿਉਂ ਸੱਜੇ: ਭਾਈ ਮਨਧੀਰ ਸਿੰਘ, ਪ੍ਰੋਫੈਸਰ ਹਰਪਾਲ ਸਿੰਘ ਪੰਨੂ, ਅਫਜ਼ਲ ਅਹਿਸਨ ਰੰਧਾਵਾ, ਪ੍ਰੋ. ਹਰਿੰਦਰ ਸਿੰਘ ਮਹਿਬੂਬ।

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**

ਦਸੰਬਰ 2004 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਪੜ੍ਹਦਿਆਂ ਹੋਈ ਪੰਜਾਬੀ ਕਾਨਫਰੰਸ ਵਿਚ ਇਕ ਲੰਮ-ਸਲੰਮਾ, ਤਕੜੇ ਜੁੱਸੇ ਵਾਲਾ ਮਨੁੱਖ ਫਿਰਦਾ ਨਜ਼ਰੀਂ ਪਿਆ ਤਾਂ ਉਸ ਪ੍ਰਤੀ ਖਿੱਚ ਪਈ, ਜਦੋਂ ਪਤਾ ਕੀਤਾ ਤਾਂ ਪਤਾ ਲੱਗਿਆ ਕਿ ਉਸਦਾ ਨਾਮ ਅਫ਼ਜ਼ਲ ਅਹਿਸਨ ਰੰਧਾਵਾ ਹੈ ਅਤੇ ਵਿਛੋੜੇ ਗਏ ਪੰਜਾਬ ਦਾ ਕਵੀ ਹੈ ਤਾਂ ਮਨ ਵਿਚ ਇਕ ਹੂਕ ਆਈ ਕਿ ਇਹ ਤਾਂ ਉਹੀ ਹੈ ਜਿਸ ਵਲੋਂ ਸਾਡੇ ਦਰਦਾਂ ਦੀ ਸਹੀ ਤਰਜ਼ਮਾਨੀ ਕਰਦਿਆਂ ਇਕ ਕਵਿਤਾ ਲਿਖੀ ਗਈ ਹੈ ਅਤੇ ਕਵਿਤਾ ਦੇ ਕੁਝ ਯਾਦ ਬੋਲ ਆਪਣੇ ਆਪ ਬੁੱਲਾਂ ਉਪਰ ਆ ਗਏ ਕਿ

ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ
ਉਸ ਮੌਤ ਵਿਆਹੀ ਹੱਸ ਕੇ
ਓਹਦੇ ਦਿਲ 'ਤੇ ਰਤਾ ਨਾ ਮੈਲ
ੲ ਅੱਜ ਵੈਰੀਆਂ ਕੱਢ ਵਿਖਾਲਿਆ
ਹੈ ਪੰਜ ਸਦੀਆਂ ਦਾ ਵੈਰ।

ਉਸਨੂੰ ਮਿਲਣ ਦੀ ਸਿੱਕ ਹੋਰ ਵੱਧ ਗਈ ਅਤੇ ਨਾਲ ਹੀ ਅਜਿਹੀ ਅਜ਼ੀਮ ਸ਼ਖਸੀਅਤ ਦਾ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸਤਿਕਾਰ ਕਰਨ ਦਾ ਪ੍ਰੋਗਰਾਮ ਬਣਾ ਲਿਆ। ਉਹਨਾਂ ਨਾਲ ਗੱਲਬਾਤ ਤੋਂ ਪਤਾ ਲੱਗਿਆ ਕਿ ਉਹ ਵਕੀਲ ਹਨ ਅਤੇ ਫੈਸਲਾਬਾਦ (ਪੁਰਾਣਾ ਨਾਂ ਲਾਇਲਪੁਰ) ਵਿਚ ਵਕਾਲਤ ਕਰਦੇ ਹਨ, ਉਹਨਾਂ ਦੱਸਿਆ ਕਿ ਓਸ ਕਵਿਤਾ ਦਾ ਨਾਮ "ਨਵਾਂ ਘੱਲੂਘਾਰਾ" ਹੈ ਅਤੇ ਇਹ ਉਹਨਾਂ ਨੇ 9 ਜੂਨ 1984 ਨੂੰ ਲਿਖੀ ਸੀ। ਅਸੀਂ ਉਸ ਕਵਿਤਾ ਨੂੰ ਪਹਿਲਾਂ "ਪੰਜ ਸਦੀਆਂ ਦਾ ਵੈਰ" ਨਾਮ ਨਾਲ ਜਾਣਦੇ ਸਾਂ।

ਕਿੰਨੀਆਂ ਸਾਰੀਆਂ ਗੱਲਾਂ ਕਰਨ ਤੋਂ ਬਾਅਦ ਉਹਨਾਂ ਦਾ ਸਤਿਕਾਰ ਕਰਨ ਦੀ ਇਜਾਜ਼ਤ ਲਈ ਅਤੇ ਅਗਲੇ ਦਿਨ ਦੁਪਹਿਰ ਬਾਅਦ ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪਹਿਚਾਣ ਗੁਰੂ ਗੋਬਿੰਦ ਸਿੰਘ ਭਵਨ ਵਿਚ ਉਹਨਾਂ ਨਾਲ ਵਿਚਾਰ ਤੇ ਉਹਨਾਂ ਦਾ ਸਤਿਕਾਰ ਕਰਨ ਦਾ ਪ੍ਰੋਗਰਾਮ ਬਣਾਇਆ। ਅਗਲੇ ਦਿਨ ਵਾਰਸ ਭਵਨ ਵਿਚ ਦੁਪਹਿਰ ਦਾ ਪਰਸ਼ਾਦਾ ਛਕਦਿਆਂ ਨੂੰ ਅਸੀਂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਭਵਨ ਵਿਚ ਲਿਆਉਣ ਲਈ ਗਏ। ਉਹਨਾਂ ਨਾਲ ਚਲਦਿਆਂ ਉਹ ਮੈਨੂੰ ਕਦੇ ਆਪਣਾ ਤਾਇਆ ਜਾਂ ਮੇਰਾ ਦਾਦਾ ਲੱਗੇ ਅਤੇ ਲੰਮੇ-ਲੰਮੇ ਕਦਮੀਂ ਅਸੀਂ ਗੁਰੂ ਗੋਬਿੰਦ ਸਿੰਘ ਭਵਨ ਪੁੱਜ ਗਏ।



ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਮਨਧੀਰ ਸਿੰਘ ਜਨਾਬ ਅਫਜ਼ਲ ਅਹਿਸਨ ਰੰਧਾਵਾ ਨੂੰ ਸਨਮਾਨਤ ਕਰਦੇ ਹੋਏ ਨਾਲ ਖੜ੍ਹੇ ਹਨ ਪ੍ਰੋ. ਹਰਪਾਲ ਸਿੰਘ ਪੰਨੂ।

ਸਭ ਉਹਨਾਂ ਦੇ ਸਤਿਕਾਰ ਵਿਚ ਉੱਠ ਖਲੋਤੇ। ਇਸ ਸਭ ਵਿਚ ਪੰਜਾਬ ਦੇ ਦਰਵੇਸ਼ ਕਵੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਵੀ ਸਨ ਅਤੇ ਦੋਹਨਾਂ ਦੀ ਗਲਵੱਕੜੀ ਇੰਝ ਲੱਗੀ ਕਿ ਵਿਛੜੇ ਪੰਜਾਬਾਂ ਦਾ ਮੇਲ ਹੋ ਗਿਆ, ਸਾਰਾ ਮਹੌਲ ਗੰਭੀਰ ਤੇ ਅਨੰਦ ਦੀ ਅਵਸਥਾ ਵਿਚ ਚਲਾ ਗਿਆ ਸੀ। ਸਾਂਝੇ ਪੰਜਾਬ ਦੀਆਂ ਰਿਸ਼ਮਾਂ ਗੁਰੂ ਗੋਬਿੰਦ ਸਿੰਘ ਭਵਨ ਵਿਚੋਂ ਬਾਹਰ ਜਾ ਰਹੀਆਂ ਸਨ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਪ੍ਰੋ. ਪੂਰਨ ਸਿੰਘ ਦੇ ਬੋਲ ਕਿ "ਪੰਜਾਬ ਸਾਰਾ ਜੀਂਦਾ ਗੁਰਾਂ ਨੇ ਨਾਮ 'ਤੇ" ਅੱਜ ਸੱਚ ਹੁੰਦੇ ਦਿਖਾਈ ਦੇ ਰਹੇ ਹਨ।

ਸਭ ਬੋਲੇ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਬੋਲੇ। ਪ੍ਰੋ. ਹਰਪਾਲ ਸਿੰਘ ਪੰਨੂੰ ਬੋਲੇ। ਭਾਈ ਮਨਧੀਰ ਸਿੰਘ ਬੋਲੇ। ਮੈਂ ਬੋਲਿਆ। ਭਾਈ ਸੁਰਿੰਦਰਪਾਲ ਸਿੰਘ ਠਰੂਆ, ਸ. ਹਰਜਿੰਦਰ ਸਿੰਘ ਮਾਂਗਟ, ਰਜਿਸਟਰਾਰ ਸ. ਪਰਮਬਖਸ਼ੀਸ਼ ਸਿੰਘ ਅਤੇ ਹੋਰ ਵੀ ਕਈ ਸ਼ਖਸੀਅਤਾਂ ਹਾਜ਼ਰ ਸਨ। ਸਭ ਦੀਆਂ ਨਜ਼ਰਾਂ ਉਸ ਖਾਸ ਮਹਿਮਾਨ ਵੱਲ ਸਨ ਕਿ ਉਹ ਕੀ ਬੋਲਣਗੇ? ਉਹ ਉੱਠੇ ਤੇ ਦਿਲ ਦੀਆਂ ਗਹਿਰਾਈਆਂ ਤੋਂ ਬੋਲੇ, ਆਪਸੀ ਸਾਂਝ ਦੀਆਂ ਗੱਲਾਂ, ਪੰਜਾਬ ਦੇ ਵਿਛੜਣ ਦਾ ਦਰਦ ਤੇ ਮੁੜ ਮਿਲਣ ਦੀ ਆਸ ਉਹਨਾਂ ਦੇ ਬੋਲਾਂ ਵਿਚ ਸੀ। ਫਿਰ ਉਹਨਾਂ ਆਪ ਹੀ ਕਿਹਾ ਕਿ

ਬਾਕੀ ਸਫ਼ਾ 31 'ਤੇ








SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA
INTERNATIONAL KABADDI CUP 2017
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
Sunday, October 1st, 2017
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
ਇਨਾਮਾਂ ਦਾ ਵੇਰਵਾ ਕਬੱਡੀ ਓਪਨ
» ਪਹਿਲਾ ਇਨਾਮ
Charda Punjab Club, Sacrmento
» ਦੂਜਾ ਇਨਾਮ Central Valley Cultural & Sports Club
» ਤੀਜਾ ਇਨਾਮ Santa Rosa Brothers
Binder Nagra
Kulwinder Supra
Kulvir Dosanjh
Ravi Nagra
Mangal Dhillon
» ਚੌਥਾ ਇਨਾਮ Yuba City Brothers
Sarbjit Hayer
Balraj S Dhillon
Garmej S Gill
Balvir S Sohal
Dalvir S Gill
Kabaddi Clubs California
» Shaheed Baba Deep Singh Sport Club
» Bay Area Sports Club
» Fresno Sport Club
» Fateh Sport Club
Grand Sponsor of Vollyball
Sheru Bhullar Grand Sponsor of Basket Ball
CHICAGO'S PIZZA With A Twist
Raj Brar & Chicago Pizza Grand Sponsor Kabaddi Under 25
Lucky Sahota
Bhinda Sanghera
COMMENTARY
Rajwinder S Raudiala
Makhan Ali
Iqbal Singh Gill
Asha Sharma
Sukhwinder Sanghera
Chief Guests
Neetu Kang (President National Kabaddi Association of Canada Vancouver BC)
Lally Dhesi
Olympian Surinder Singh Sodhi
Boota Chahal
MAIN SPONSORS & WELL WISHERS
Shaheed Baba Deep Singh Sport Academy Sacramento CA
Sultan
Yaad Kotli
FOR ALL KABADDI INFORMATION CALL
LIVE KABADDI CUP FROM GLOBAL PUNJAB
Media Partner
channel punjabi
ਅਜੀਤ
LIVE KABADDI
ਪੰਜਾਬ ਮੇਲ
GLOBAL PUNJAB
Design & Print
QUIK SIGNS
*661-703-8795 *661-900-7357
WWW.QUIKSIGNS.US

# Sikh Gurdwara of Los Angeles

## Celebrating Parkash Purb of Shri Guru Ramdaas Ji



On Sunday
Oct 8, 2017
Kirtan Darbar
9;00 AM to 2;00 PM



(BHAI INDERJIT SINGH JI)

Arambh of Shri Akhand Path Sahib Ji ( 10;00 AM) 6 October 2017
Bhog of Shri Akhand Path Sahib Ji (9;00 AM) 8 October 2017

Katha, Kirtan will be performed by following Ragi Jathas
- Bhai Inderjit Singh Ji Khalsa [ Hazori Ragi Shri Darbar Sahib Ji ]
- Bhai Jatinder Singh Jot Ji [ Hazori Ragi ]

Guru ka langar Seva By Harmander singhGrewal & Karamjit S. Rathor with Familys

At
Sikh Gurdwara Of Los Angeles
7640 Lankershim BLVD,
North Hollywood, CA 91605

| | | | |
|---|---|---|---|
| Gurcharan S. Bains | (661)-877-6461 | Parshotam S. Kamboj | (626)-230-6663 |
| Dr. Gurnam S. Pannu | (661)-265-8004 | Gurcharan S. Bains | (661)-877-6461 |
| Gurdev S. Dhillon | (714)- 797-0963 | Charanjit S Deol | (661)-839-5563 |
| Satgurjit S Pawar | (714)-728-4653 | Gurdwara Sahib | (818)-765-9399 |
| Manjit Singh Pandher | (818)-398-9262 | | |



# Yuba City Nagar Kiratan
## ਯੂਬਾ ਸਿਟੀ ਨਗਰ ਕੀਰਤਨ

# ਸਾਲਾਨਾ ਸੋਵੀਨਰ (Annual Souvenir)

## (5th Nov. 2017)

## "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਮਹਾਨ ਨਗਰ ਕੀਰਤਨ ਅਯੋਜਿਤ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਸਿੱਖ ਸੰਗਤ ਪ੍ਰਨਾਈ ਹੋਈ ਹੈ। ਯੂਬਾ ਸਿਟੀ ਨਗਰ ਕੀਰਤਨ ਪ੍ਰਤੀ ਦੁਨੀਆਂ ਭਰ ਦੇ ਸਿੱਖਾਂ ਵਿਚ ਅਥਾਹ ਸ਼ਰਧਾ ਅਤੇ ਉਤਸ਼ਾਹ ਬਣਿਆ ਹੋਇਆ ਹੈ।

ਸਮੁੱਚੇ ਸਿੱਖ ਪੰਥ ਵਲੋਂ ਯੂਬਾ ਸਿਟੀ, ਕੈਲੀਫੋਰਨੀਆਂ ਵਿੱਚ ਹਰ ਸਾਲ ਕਰਵਾਏ ਜਾਂਦੇ ਸਿੱਖ ਸਮਾਗਮਾਂ ਤੇ ਸਜਾਏ ਜਾਂਦੇ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਐਤਕਾਂ ਵਿਸ਼ੇਸ ਸੋਵੀਨਰ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਨਗਰ ਕੀਰਤਨ ਤੇ ਸਿੱਖ ਇਤਿਹਾਸ, ਸਿੱਖ ਵਿਦਵਾਨਾਂ ਦੇ ਵੱਡਮੁਲੇ ਲੇਖ ਤੇ ਅਮਰੀਕਨ ਸਿੱਖ ਭਾਈਚਾਰੇ ਦੀਆਂ ਆਪਣੀ ਦਿੱਖ ਦਾ ਪ੍ਰਭਾਵ ਦੇਣ ਲਈ ਕੀਤੀਆਂ ਸਰਗਰਮੀਆਂ ਦੇ ਉਲੇਖ ਹੋਣਗੇ।

* ਸਮੁੱਚੇ ਭਾਈਚਾਰੇ ਦੇ ਵਿਦਵਾਨ ਲੇਖਕਾਂ ਨੂੰ ਇਸਦਾ ਹਿੱਸਾ ਬਣਨ ਲਈ ਬੇਨਤੀ ਹੈ।
* ਸਾਰੇ ਬਿਜ਼ਨਸਮੈਨਾਂ ਨੂੰ ਬੇਨਤੀ ਹੈ ਕਿ ਆਪਣੇ ਬਿਜ਼ਨਸ ਨੂੰ ਇਸ ਸੋਵੀਨਾਰ ਦਾ ਹਿੱਸਾ ਬਣਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਇਤਿਹਾਸਕ ਕਾਰਜ ਵਿਚ ਯੋਗਦਾਨ ਪਾਉਣ।
* ਇਹ ਸੋਵੀਨਰ ਨਿਰਪੱਖ ਹੋਵੇਗਾ ਤੇ ਕਿਸੇ ਧੜ੍ਹੇ ਜਾਂ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੋਵੇਗਾ।



ਸੋਵੀਨਰ ਪ੍ਰਤੀ ਹੋਰ ਜਾਣਕਾਰੀ ਲੈਣ ਲਈ, ਲੇਖ ਭੇਜਣ ਤੇ ਆਪਣੇ ਬਿਜਨਸ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

**(916) 308-7997**

6624 Florin Road, Sacramento CA 95828
Email: apnanews@gmail.com



-ਹੁਸਨ ਲੜੋਆ ਬੰਗਾ (ਪੱਤਰਕਾਰ)


TRANS-ALLIANCE
TOGETHER WE SAVE
SAVE 10¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores



# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ

## ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ

ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ

- Paperless Trucking
- Driver Hiring
- Driver Application
- Maintainance Record
- Accident Record
- Drug Test Record etc

**Coming Soon**
E Logbook, Dispatch, Billing, Payroll, Vehicle Tracking, GPS, Automatic IFTA Report, Digital Logbook

**Global Solution for Transportation**
**DBA E Trucking Solution**

12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।


Rajinder Singh Tanda


Lakhvir Singh

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
**1-800-936-4011, 209-636-0880**
**Fax : 209-636-0850**
Email : etrucking@etruckingsolution.com



# ਖੂਬ ਭਰਿਆ ਸੈਨਹੋਜੇ ਦਾ ਸਲਾਨਾ ਪੰਜਾਬੀ ਮੇਲਾ

## ਪੰਜਾਬ ਸਭਿਆਚਾਰ ਦੀਆਂ ਵੰਨਗੀਆਂ ਦੀ ਖੂਬਸੂਰਤ ਪੇਸ਼ਕਾਰੀ ਦਾ ਲੋਕਾਂ ਨੇ ਮਾਣਿਆ ਭਰਪੂਰ ਆਨੰਦ

ਸਬੰਧਤ ਪੂਰੀ ਰਿਪੋਰਟ ਸਫ਼ਾ 5 'ਤੇ ਪੜ੍ਹੋ


























$20 Off For
Trans-Alliance Carriers
TRANS-ALLIANCE
TOGETHER WE SAVE
SPECIAL TIRE PRICING
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਯੂ.ਐੱਸ. ਆਰਮੀ ਦੇ ਜਵਾਨ ਗੁਰੂਘਰ ਨਤਮਸਤਕ ਹੋਏ





**ਸਿਆਟਲ /ਬਿਊਰੋ ਨਿਊਜ਼ :** ਗੁਰਦੁਆਰਾ ਸਿੰਘ ਸਭਾ ਵਿਖੇ ਯੂ. ਐਸ. ਆਰਮੀ ਦੀ 100ਵੀਂ ਟਰੂਪ ਕਮਾਂਡ ਦੇ ਫੌਜੀ ਕਮਾਂਡਰ ਕਰਨਲ ਰੌਬਰਟ ਵੁੱਡਰਿੱਜ ਦੀ ਕਮਾਂਡ ਹੇਠ ਪੂਰੀ ਸ਼ਰਧਾ, ਪਿਆਰ - ਸਤਿਕਾਰ ਸਹਿਤ ਆਏ, ਗੁਰਦੁਆਰਾ ਸਾਹਿਬ ਮੱਥਾ ਟੇਕਿਆ ਅਤੇ ਤਿੰਨ ਸੌ ਡਾਲਰ ਦੀ ਰਸੀਦ ਵੀ ਕਟਾਈ। ਕਮਾਂਡਰ ਨੇ ਸਟੇਜ ਤੋਂ ਸੰਬੋਧਨ ਹੁੰਦਿਆਂ ਗੁਰਦੁਆਰਾ ਸਿੰਘ ਸਭਾ ਰੈਂਟਨ ਵਾਸ਼ਿੰਗਟਨ ਵਲੋਂ ਕੀਤੀਆਂ ਜਾ ਰਹੀਆਂ ਲੰਗਰਾਂ ਦੀਆਂ ਸੇਵਾਵਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਮਾਣ ਪੱਤਰ ਵੀ ਦਿੱਤਾ। ਗੁਰਜੋਤ ਸਿੰਘ ਬਾਝੜ ਅਤੇ ਜਿੰਨੇ ਵੀ ਵਲੰਟੀਅਰ ਮਿਲਟਰੀ ਨੂੰ ਲੰਗਰ ਛਕਾਉਣ ਜਾਂਦੇ ਹਨ ਉਨ੍ਹਾਂ ਨੂੰ ਵੀ ਧੰਨਵਾਦ ਸਰਟੀਫਿਕੇਟ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਭਾਰਤੀ ਫੌਜ ਦੇ ਫੌਜੀ ਜਿਸ ਵਿਚ ਸਿੱਖ ਅਤੇ ਗੈਰ ਸਿੱਖ ਸਾਂਝੇ ਤੌਰ 'ਤੇ ਮਿਲਟਰੀ ਟ੍ਰੇਨਿੰਗ ਕਰ ਰਹੇ ਹਨ ਸਾਡੇ ਫੌਜੀਆਂ ਨੂੰ ਅਮਰੀਕਨ ਖਾਣੇ (ਜਿਸ ਵਿਚ ਗਾਂ ਦਾ ਮੀਟ ਪਰੋਸਿਆ ਜਾਂਦਾ ਹੈ ) ਪਸੰਦ ਨਹੀਂ। ਸੋ ਉਨ੍ਹਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ ਜਿਸ ਦਾ ਅਨੰਦ ਗੋਰੇ ਫੌਜੀ ਵੀ ਮਾਣਦੇ ਹਨ ਅਤੇ ਇਸ ਦਾ ਇਜ਼ਹਾਰ ਕਰਨ ਲਈ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਵਿਖੇ ਆਏ। ਇਨ੍ਹਾਂ ਵਿਚ ਇੱਕ ਅਮਰੀਕਨ ਫੌਜੀ ਸਿੱਖ ਬੀਬੀ ਬਲਗੀਤ ਕੌਰ ਵੀ ਸ਼ਾਮਲ ਸੀ। ਜਿਸ ਨੇ ਯੂ ਐਸ ਏ ਦੀ ਫੌਜ ਵਿਚ ਸੇਵਾ ਕਰਦਿਆਂ ਸਿੱਖ ਕੌਮ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਸਿਖਾਂ ਵਾਸਤੇ ਯੂ ਐਸ ਏ ਦੀ ਮਿਲਟਰੀ ਵਿਚ ਭਰਤੀ ਹੋਣ ਲਈ ਕੋਈ ਦਿੱਕਤ ਨਹੀਂ। ਦਸਤਾਰ, ਲੰਬੇ ਕੇਸ ਅਤੇ ਦਾਹੜੀ ਰੱਖ ਕੇ ਮਿਲਟਰੀ ਵਿਚ ਸੇਵਾ ਕਰ ਸਕਦੇ ਹਾਂ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਾਸ਼ਿੰਗਟਨ ਵਲੋਂ ਜਨਰਲ ਸਕੱਤਰ ਅਵਤਾਰ ਸਿੰਘ ਆਦਮਪੁਰੀ ਨੇ ਫੌਜੀਆਂ ਨੂੰ ਜੀ ਆਇਆਂ ਕਿਹਾ ਅਤੇ "ਸਰਬੱਤ ਦਾ ਭਲਾ" ਸਿੱਖੀ ਉਦੇਸ਼ ਹੈ ਅਤੇ ਗੁਰਦੁਆਰਾ ਸਾਹਿਬ ਸਮੁਚੀ ਮਾਨਵਤਾ ਲਈ ਹਮੇਸ਼ਾ ਖੁੱਲੇ ਹਨ ਅਤੇ ਬਿਨਾਂ ਵਿਤਕਰੇ ਸੇਵਾਵਾਂ ਕਰ ਰਹੇ ਹਨ ਬਾਰੇ ਚਾਨਣਾ ਪਾਇਆ। ਸਿੱਖ ਦੁਨੀਆਂ ਵਿਚ ਹਰ ਲੋੜਵੰਦ ਲਈ ਲੰਗਰ ਅਤੇ ਲੋੜੀਂਦੀਆਂ ਵਸਤਾਂ ਪਹੰਚਾਉਣ ਦੀ ਕੋਸ਼ਿਸ਼ ਕਰਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਫੌਜੀਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੰਦੀਆਂ ਕਿਤਾਬਾਂ ਦੇ ਸੈੱਟ ਭੇਟ ਕਰਦਿਆਂ ਸਨਮਾਨ ਕੀਤਾ ਗਿਆ।

# ਭਾਰਤੀ ਅਮਰੀਕੀ ਜੋੜੇ ਨੇ 'ਹਾਰਵੇ' ਪੀੜਤਾਂ ਲਈ ਢਾਈ ਲੱਖ ਡਾਲਰ ਦਾਨ ਕੀਤੇ

**ਹਿਊਸਟਨ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਅਮਰੀਕੀ ਜੋੜੇ ਨੇ ਸਮੁੰਦਰੀ ਤੂਫ਼ਾਨ ਹਾਰਵੇ ਦੇ ਪੀੜਤਾਂ ਲਈ ਢਾਈ ਲੱਖ ਅਮਰੀਕੀ ਡਾਲਰ ਦਾਨ ਵਜੋਂ ਦਿੱਤੇ ਹਨ। ਇਹ ਰਾਸ਼ੀ ਹਾਰਵੇ ਰਾਹਤ ਕਾਰਜਾਂ ਲਈ ਬਣੇ ਹਿਊਸਟਨ ਮੇਅਰ ਫ਼ੰਡ 'ਚ ਦਿੱਤੀ ਗਈ ਹੈ। ਅਮਰੀਕਾ ਦੇ ਟੈਕਸਾਸ ਰਾਜ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਆਏ ਹਾਰਵੇ ਕਰਕੇ ਆਏ ਹੜ੍ਹਾਂ ਨੇ ਵੱਡੇ ਪੱਧਰ 'ਤੇ ਜਾਨੀ ਮਾਲੀ ਨੁਕਸਾਨ ਕੀਤਾ ਸੀ। ਹਿਊਸਟਨ ਵਾਸੀ ਅਮਿਤ ਭੰਡਾਰੀ ਤੇ ਉਸ ਦੀ ਪਤਨੀ ਅਰਪਿਤਾ ਬ੍ਰਹਮਭੱਟ ਭੰਡਾਰੀ ਨੇ ਗ੍ਰੇਟਰ ਹਿਊਸਟਨ ਕਮਿਊਨਿਟੀ ਫਾਊਂਡੇਸ਼ਨ ਵੱਲੋਂ ਹਰੀਕੇਨਹਾਰਵੇ ਰਾਹਤ ਨਾਂ ਹੇਠ ਕਰਵਾਏ ਨਿੱਜੀ ਸਮਾਗਮ ਦੌਰਾਨ ਉਪਰੋਕਤ ਰਾਸ਼ੀ ਮੇਅਰ ਸਿਲਵੈਸਟਰ ਟਰਨਰ ਨੂੰ ਦਿੱਤੀ। ਭੰਡਾਰੀ ਬਾਇਓਊਰਜਾ ਗਰੁੱਪ ਦਾ ਮਾਲਕ ਤੇ ਸੀਈਓ ਹੈ। ਕੰਪਨੀ ਊਰਜਾ ਤੇ ਖੇਤੀ ਵਸਤਾਂ ਦੇ ਕਾਰੋਬਾਰ ਨੂੰ ਵੇਖਦੀ ਹੈ ਤੇ ਇਸ ਦੇ ਪੂਰੀ ਦੁਨੀਆ 'ਚ ਦਫ਼ਤਰ ਹਨ। ਹਿਊਸਟਨ ਰਹਿੰਦੇ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਨੇ ਹਾਰਵੇ ਦੀ ਮਾਰ ਹੇਠ ਆਏ ਲੋਕਾਂ ਦੇ ਮੁੜ ਵਸੇਬੇ ਤੇ ਰਾਹਤ ਲਈ ਮਿਲ ਕੇ ਫੰਡ ਇਕੱਤਰ ਕੀਤੇ ਹਨ। ਟਰਨਰ ਨੇ ਭਾਰਤੀ ਅਮਰੀਕੀ ਭਾਈਚਾਰੇ ਵੱਲੋਂ ਫੰਡ ਇਕੱਤਰ ਕਰਨ ਲਈ ਵਿਖਾਈ ਉਦਾਰਤਾ ਤੇ ਯਤਨਾਂ ਨੂੰ ਸਲਾਹਿਆ ਹੈ। ਉਨ੍ਹਾਂ ਕਿਹਾ,'ਹਾਰਵੇ ਪਹਿਲਾ ਮੌਕਾ ਨਹੀਂ ਜਦੋਂ ਭਾਰਤੀ ਅਮਰੀਕੀ ਭਾਈਚਾਰੇ ਨੇ ਆਪਣਾ ਯੋਗਦਾਨ ਪਾਇਆ ਹੈ। ਉਹ ਲੰਮੇ ਸਮੇਂ ਤੋਂ ਯੋਗਦਾਨ ਪਾ ਰਹੇ ਹਨ। ਭਾਰਤੀ ਭਾਈਚਾਰਾ ਸ਼ਹਿਰ ਲਈ ਕਾਫ਼ੀ ਅਹਿਮ ਹੈ ਤੇ ਉਨ੍ਹਾਂ ਦੀ ਮਦਦ ਨਾਲ ਹੀ ਹਿਊਸਟਨ ਮਹਾਨ ਸ਼ਹਿਰ ਹੈ।' ਕਾਬਿਲੇਗੌਰ ਹੈ ਕਿ ਹਾਰਵੇ ਕਰਕੇ ਹੜ੍ਹਾਂ ਦੀ ਜ਼ੱਦ 'ਚ ਆਏ ਪੂਰਬੀ ਟੈਕਸਾਸ ਜਿੱਥੇ 70 ਤੋਂ ਵੱਧ ਲੋਕ ਫ਼ੌਤ ਹੋ ਗਏ, ਉੱਥੇ 30 ਹਜ਼ਾਰ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ।



# ਏਂਜਲਾ ਮਾਰਕਲ ਚੌਥੀ ਵਾਰ ਸੰਭਾਲੇਗੀ ਜਰਮਨੀ ਕਮਾਨ

**ਬਰਲਿਨ/ਬਿਊਰੋ ਨਿਊਜ਼,** ਜਰਮਨੀ 'ਚ ਹੋਈਆਂ ਆਮ ਚੋਣਾਂ 'ਚ ਚਾਂਸਲਰ ਏਂਜਲਾ ਮਾਰਕਲ ਚੌਥੀ ਵਾਰ ਕਮਾਨ ਸੰਭਾਲੇਗੀ। ਇਸ ਵਾਰ ਕੱਟੜ ਦੱਖਣਪੰਥੀ ਰਾਸ਼ਟਰਵਾਦੀ ਏ.ਐਫ.ਡੀ. ਪਾਰਟੀ ਨੇ ਵੀ ਸੰਸਦ 'ਚ ਇਕ ਸੀਟ ਜਿੱਤ ਕੇ ਇਤਿਹਾਸ ਰਚਿਆ ਹੈ। ਚੋਣ ਸਰਵੇਖਣ ਅਨੁਸਾਰ ਮਾਰਕਲ ਦੀ ਕੰਜ਼ਰਵੇਟਿਵ ਸੀ. ਡੀ.ਯੂ. ਤੇ ਸੀ.ਐਸ. ਯੂ. ਗਠਜੋੜ ਨੂੰ ਆਪਣੇ ਕਰੀਬੀ ਵਿਰੋਧੀ ਮਾਰਟਿਨ ਸਕਲਜ਼ ਵਾਲੀ ਸੋਸ਼ਲ ਡੈਮੋਕ੍ਰੇਟਿਕ ਪਾਰਟੀ (ਐਸ. ਪੀ. ਡੀ.) 'ਤੇ ਦੋਹਰੇ ਅੰਕਾਂ ਦੀ ਲੀਡ ਪ੍ਰਾਪਤ ਹੋਈ ਹੈ। ਮਾਰਕਲ ਦੀ ਪਾਰਟੀ ਨੂੰ 33 ਫ਼ੀਸਦੀ ਵੋਟ ਮਿਲੇ ਹਨ। ਐਸ. ਪੀ. ਡੀ. ਨੂੰ 20-21 ਫ਼ੀਸਦੀ ਵੋਟ ਮਿਲੇ ਹਨ ਤੇ ਉਹ ਦੂਜੇ ਸਥਾਨ 'ਤੇ ਹੈ। ਇਸਲਾਮ ਵਿਰੋਧੀ, ਪ੍ਰਵਾਸੀ ਵਿਰੋਧੀ ਅਲਟਰਨੇਟਿਵ ਫ਼ਾਰ ਜਰਮਨੀ (ਏ. ਐਫ. ਡੀ.) ਨੂੰ 13 ਫ਼ੀਸਦੀ ਵੋਟਾਂ ਮਿਲੀਆਂ ਹਨ ਅਤੇ ਉਹ ਜਰਮਨੀ ਦੀ ਤੀਜੀ ਸਭ ਤੋਂ ਮਜ਼ਬੂਤ ਪਾਰਟੀ ਦੇ ਰੂਪ 'ਚ ਉੱਭਰੀ ਹੈ। ਏ. ਐਫ. ਡੀ. ਦਾ ਸੀਟ ਜਿੱਤਣਾ ਮਹੀਨਿਆਂ ਤੋਂ ਸਪਸ਼ਟ ਸੀ, ਟਿੱਪਣੀਕਾਰਾਂ ਨੇ ਇਸ ਨੂੰ ਜਰਮਨੀ ਦੇ ਇਤਿਹਾਸ 'ਚ ਇਤਿਹਾਸਕ ਪਲ ਦੱਸਿਆ ਹੈ।



# ਤਿੰਨ ਭਾਰਤੀ ਨਿਊਜ਼ੀਲੈਂਡ ਦੀ ਸੰਸਦ ਦੇ ਮੈਂਬਰ ਬਣੇ

**ਜਗਰਾਉਂ/ਬਿਊਰੋ ਨਿਊਜ਼:** ਨਿਊਜ਼ੀਲੈਂਡ ਵਿੱਚ ਹੋਈਆਂ ਸੰਸਦੀ ਚੋਣਾਂ ਵਿੱਚ ਤਿੰਨ ਭਾਰਤੀਆਂ ਡਾ. ਪਰਮਜੀਤ ਪਰਮਾਰ, ਕੰਵਲਜੀਤ ਸਿੰਘ ਬਖ਼ਸ਼ੀ ਅਤੇ ਪ੍ਰਿਅੰਕਾ ਰਾਧਾਕ੍ਰਿਸ਼ਨਨ ਨੂੰ ਜਿੱਤ ਨਸੀਬ ਹੋਈ ਹੈ। ਡਾ. ਪਰਮਜੀਤ ਪਰਮਾਰ ਦਾ ਜਗਰਾਉਂ ਨਾਲ ਨਜ਼ਦੀਕੀ ਸਬੰਧ ਹੈ। ਉਨ੍ਹਾਂ ਦੇ ਰਿਸ਼ਤੇਦਾਰ ਉੱਘੇ ਸਮਾਜ ਸੇਵੀ ਤੇ ਪ੍ਰਿੰਸ ਜਿਊਲਰਜ਼ ਦੇ ਮਾਲਕ ਹਿੰਮਤ ਵਰਮਾ ਨੂੰ ਅੱਜ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ।



ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਦਾਖਾ ਤੋਂ ਵਿਧਾਇਕ ਐਚ ਐਸ ਫੂਲਕਾ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਡਾ. ਪਰਮਾਰ ਦੀ ਭੈਣ ਰਜਨੀ ਵਰਮਾ ਤੇ ਜੀਜਾ ਰੌਕੀ ਵਰਮਾ ਇਥੇ ਰਹਿੰਦੇ ਹਨ, ਜਿਹੜੇ ਡਾ. ਪਰਮਾਰ ਦੀ 2014 ਦੀ ਪਹਿਲੀ ਚੋਣ ਸਮੇਂ ਪ੍ਰਚਾਰ ਵਿੱਚ ਮੱਦਦ ਕਰਕੇ ਵੀ ਆਏ ਸਨ। ਹਿੰਮਤ ਵਰਮਾ ਨੇ ਦੱਸਿਆ ਕਿ ਡਾ. ਪਰਮਜੀਤ ਪਰਮਾਰ ਨੇ ਨੈਸ਼ਨਲ ਪਾਰਟੀ ਦੀ ਟਿਕਟ 'ਤੇ ਦੂਜੀ ਵਾਰ ਨਿਊਜ਼ੀਲੈਂਡ 'ਚ ਮੈਂਬਰ ਪਾਰਲੀਮੈਂਟ ਦੀ ਚੋਣ ਜਿੱਤੀ ਹੈ। ਉਨ੍ਹਾਂ ਨੂੰ ਨਿਊਜ਼ੀਲੈਂਡ ਵਿੱਚ ਪਹਿਲੀ ਭਾਰਤੀ ਮਹਿਲਾ ਸੰਸਦ ਮੈਂਬਰ ਬਣਨ ਦਾ ਮਾਣ ਹਾਸਲ ਹੈ। ਇਸ ਤੋਂ ਪਹਿਲਾਂ ਡਾ. ਪਰਮਾਰ ਨਿਊਜ਼ੀਲੈਂਡ ਦੇ ਫੈਮਿਲੀ ਕਮਿਸ਼ਨ ਦੀ

**ਬਾਕੀ ਸਫ਼ਾ 31 'ਤੇ**

# ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਤੇ ਵਾਮਸੇਵਕ ਜਥੇਬੰਦੀ ਵਲੋਂ ਫਰੈਂਕਪੋਰਟ ਇਲਿਨੌਇ ਵਿਚ ਸਾਂਝੀ ਕਾਨਫਰੰਸ







**ਸ਼ਿਕਾਗੋ/ਮੱਖਣ ਸਿੰਘ ਕਲੇਰ :**
ਇਥੋਂ ਦੇ ਨੇੜਲੇ ਸ਼ਹਿਰ ਫਰੈਂਕਪੋਰਟ ਵਿਚ ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਤੇ ਵਾਮਸੇਵਕ ਜਥੇਬੰਦੀ, ਜੋ ਕਿ ਭਾਰਤ ਦੇ ਮੂਲਨਿਵਾਸੀ ਲੋਕਾਂ ਦੀ ਬਹੁਤ ਹੀ ਪਰਭਾਵਪੂਰਕ ਜਥੇਬੰਦੀ ਹੈ, ਵਲੋਂ ਸਾਂਝੇ ਤੌਰ 'ਤੇ ਇਤਿਹਾਸਕ ਤੇ ਪ੍ਰਭਾਵਸ਼ਾਲੀ ਕਾਨਫਰੰਸ ਕੀਤੀ ਗਈ। ਇਸ ਵਿੱਚ ਭਾਰਤ ਤੋਂ ਵਾਮਸੇਵਕ ਜਥੇਬੰਦੀ ਦੇ ਇੰਟਰਨੈਸ਼ਨਲ ਪ੍ਰਧਾਨ ਸ਼੍ਰੀ ਵਾਮਨ ਮੇਸ਼ਰਾਮ, ਐਮ. ਕੇ. ਪਰਮਾਰ, ਜੀਵਨ ਬਾਲੇਰਾਉ, ਰਾਜ ਚਿਰਕੋਨਡੇ, ਨੀਸ਼ਾ ਪਰਮਾਰ ਤੇ ਅੰਕੁਸ਼ ਪਾਟਿਲ ਨੇ ਵਿਚਾਰ ਸਾਂਝੇ ਕੀਤੇ। ਇਸ ਇੰਟਰਨੈਸ਼ਨਲ ਸਾਂਝੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ 100 ਤੋਂ ਵੱਧ ਭਾਰਤ ਵਿੱਚੋਂ ਪਾਰਟੀ ਡੈਲੀਗੇਟਸ ਪਹੁੰਚੇ ਹੋਏ ਸਨ। ਇਨ੍ਹਾਂ ਤੋਂ ਇਲਾਵਾ ਸ਼ਿਕਾਗੋ ਏਰੀਏ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਵਾਮਸੇਵਕ ਨਾਲ ਸਬੰਧਤ ਮੈਂਬਰ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਸ਼੍ਰੀ ਵਾਮਨ ਮੇਸ਼ਰਾਮ ਨੇ ਸਿੱਖ ਭਾਈਚਾਰੇ, ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਨਾਲ ਹੋਈ ਇਤਿਹਾਸਕ ਸਾਂਝ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਬ੍ਰਾਹਮਣਵਾਦ ਦੇ ਵਿਰੁੱਧ ਇਕੱਠੇ ਹੋ ਕੇ ਲੜਾਈ ਲੜਣ ਲਈ ਇਕਜੁਟਤਾ ਦਾ ਸਬੂਤ ਦੇਣ ਲਈ ਵੀ ਕਿਹਾ ਗਿਆ। ਸ਼੍ਰੋਮਣੀ ਆਕਲੀ ਦਲ ਅੰਮ੍ਰਿਤਸਰ ਵਲੋਂ ਜੀਤ ਸਿੰਘ ਆਲੋਅਰਖ ਜੋ ਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਹਨ, ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲੱਖਵੀਰ ਸਿੰਘ ਕੰਗ ਤੇ ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਨੇ ਪਾਰਟੀ ਦੀ ਗੱਲ ਅਤੇ ਵਾਮਸੇਵਕ ਨਾਲ ਪਈ ਸਾਂਝ ਦੀ ਗਲ ਕੀਤੀ। ਇਸ ਤੋਂ ਇਲਾਵਾ ਸ਼ਿਕਾਗੋ ਦੀ ਸਿੱਖ ਸੰਗਤ ਦੀ ਤਰਫੋਂ ਸ੍ਰ. ਹਰਕੀਰਤ ਸਿੰਘ ਸੰਧੂ, ਬੀਬੀ ਸੁਖਦੇਵ ਕੌਰ ਘੁਮਾਣ, ਸ੍ਰ ਕਰਮਜੀਤ ਸਿੰਘ ਭਟਨੂਰਾ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਤੇ ਸਟੇਜ ਦੀ ਸੇਵਾ ਸੰਤ ਬਲਵੀਰ ਸਿੰਘ ਨੇ ਨਿਭਾਈ ਜੋ ਕਿ ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਅਮਰੀਕਾ ਯੂਥ ਦੇ ਮੀਤ ਪ੍ਰਧਾਨ ਹਨ। ਇਸ ਤੋਂ ਇਲਾਵਾ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਵਿੱਚ ਪਾਰਟੀ ਦੇ ਸੀਨੀਅਰ ਮੈਂਬਰ ਤੇ ਕੌਆਰਡੀਨੇਸ਼ਨ ਕਮੇਟੀ ਮੈਂਬਰ ਮੱਖਣ ਸਿੰਘ ਕਲੇਰ ਤੇ ਵਾਮਸੇਵਕ ਦੇ ਰਾਜ ਚਿਰਕੋਨਡੇ ਦਾ ਅਹਿਮ ਯੋਗਦਾਨ ਰਿਹਾ। ਆਖੀਰ ਵਿੱਚ ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਦੇ ਸਮੂਹ ਮੈਂਬਰਾਂ ਜਿਨ੍ਹਾਂ ਵਿੱਚ ਮੱਖਣ ਸਿੰਘ ਕਲੇਰ, ਲਖਵੀਰ ਸਿੰਘ ਕੰਗ, ਹਰਮਿੰਦਰ ਸਿੰਘ ਖਹਿਰਾ, ਸੁਰਿੰਦਰ ਸਿੰਘ, ਸੰਤ ਬਲਵੀਰ ਸਿੰਘ, ਸੁਖਵਿੰਦਰ ਸਿੰਘ ਗਿੱਲ, ਸੰਤੋਖ ਸਿੰਘ ਭਟਨੂਰਾ, ਭਰਭੂਰ ਸਿੰਘ ਵਲੋਂ ਵਾਮਨ ਮੈਸ਼ਰਾਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਇਸ ਕਾਨਫਰੰਸ ਵਿਚ ਸ਼ਾਮਲ ਹੋਣ 'ਤੇ ਸਭ ਦਾ ਧੰਨਵਾਦ ਕੀਤਾ ਗਿਆ।

# ਅਮਰੀਕਾ ਵਿਚਲੇ ਐਨ.ਆਰ.ਆਈ. ਸਮਾਜ ਵੱਲੋਂ ਦੀਵਾਨ ਅਤੇ ਔਲਖ ਦਾ ਸਨਮਾਨ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਅਮਰੀਕਾ 'ਚ ਐਨ.ਆਰ.ਆਈ ਸਮਾਜ ਵੱਲੋਂ ਕਾਂਗਰਸ ਪਾਰਟੀ ਦੇ ਹੱਕ 'ਚ ਭਰਵਾਂ ਹੁੰਗਾਰਾ ਭਰਿਆ ਜਾ ਰਿਹਾ ਹੈ। ਇਸਦਾ ਇਕ ਹੋਰ ਸਬੂਤ ਉਸ ਵੇਲੇ ਵੇਖਣ ਨੂੰ ਮਿਲਿਆ, ਜਦੋਂ ਸ਼ਿਕਾਗੋ ਪਹੁੰਚੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਪਵਨ ਦੀਵਾਨ ਤੇ ਇੰਡੀਅਨ ਓਵਰਸੀਜ਼ ਕਾਂਗਰਸ ਕਮੇਟੀ ਕਨੇਡਾ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਔਲਖ ਦਾ ਐਨ.ਆਰ.ਆਈ. ਪਰਮਿੰਦਰ ਵਾਲੀਆ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਨਮਾਨ ਕੀਤਾ ਗਿਆ। ਇਨ੍ਹਾਂ ਨੇ ਦੋਵਾਂ ਆਗੂਆਂ ਵੱਲੋਂ ਐਨ.ਆਰ.ਆਈ. ਸਮਾਜ ਨੂੰ ਆਪਣੀ ਮਿੱਟੀ ਨਾਲ ਮੁੜ ਜੋੜਨ ਵਾਸਤੇ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਦੀਵਾਨ ਤੇ ਔਲਖ ਨੇ ਕਿਹਾ ਕਿ ਐਨ.ਆਰ.ਆਈ ਸਮਾਜ ਨੂੰ ਪੰਜਾਬ ਤੋਂ ਕਦੇ ਵੀ ਵੱਖ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਸੂਬੇ ਤੇ ਇਸਦੀ ਮਿੱਟੀ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਐਨ.ਆਰ.ਆਈ. ਵਰਗ ਦੇ ਹਿੱਤਾਂ ਲਈ ਬਹੁਤ ਸਾਰੇ ਕੰਮ ਕਰ ਰਹੀ ਹੈ। ਹਾਲ 'ਚ ਹੀ ਵਿਦੇਸ਼ ਦੌਰੇ 'ਤੇ ਪਹੁੰਚੇ ਮੁੱਖ ਮੰਤਰੀ ਨੇ ਇਸ ਦਿਸ਼ਾ 'ਚ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਹਨ ਅਤੇ ਕਈ ਅਹਿਮ ਸਮਝੌਤਿਆਂ ਨੂੰ ਸਹੀਬੱਧ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਇਹ ਫੇਰੀ ਵਿਦੇਸ਼ਾਂ 'ਚ ਵੱਸਦੀਆਂ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਮੁੜ ਆਪਣੇ ਪੰਜਾਬ ਨਾਲ ਜੋੜਨ ਵਾਸਤੇ ਵੀ ਬਹੁਤ ਅਹਿਮ ਸੀ। ਇਸ ਦੌਰਾਨ ਉਨ੍ਹਾਂ ਨੇ ਪਰਮਿੰਦਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਜੈ ਦੇਵ ਭੱਠਲ, ਬਲਵਿੰਦਰ ਚੱਠਾ, ਹੈੱਪੀ ਹੇਅਰ, ਗੁਰਦੀਪ ਝੱਜ, ਜੋਧ ਸਿੱਧੂ, ਲਾਲੀ ਭੱਠਲ, ਡਾ. ਹਰਜਿੰਦਰ ਖੈਹਿਰਾ, ਰਾਜਿੰਦਰ ਦਿਆਲ, ਏ.ਜੇ. ਸੰਧੂ ਵੀ ਮੌਜੂਦ ਰਹੇ।



# ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣੇਗਾ ਮੇਰਾ ਪੁਤਲਾ : ਮਿਲਖਾ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼,** ਮਹਾਨ ਅਥਲੀਟ ਮਿਲਖਾ ਸਿੰਘ ਨੇ ਮੰਗਲਵਾਰ ਨੂੰ ਇੱਥੇ ਆਪਣੇ ਮੋਮ ਦੇ ਪੁਤਲੇ ਦੀ ਘੁੰਡ ਚੁਕਾਈ ਕਰਨ ਮਗਰੋਂ ਕਿਹਾ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਇਹ ਪੁਤਲਾ ਲੋਕਾਂ ਨੂੰ ਪ੍ਰੇਰਿਤ ਕਰਦਾ ਰਹੇਗਾ। ਮਿਲਖਾ ਸਿੰਘ ਦੇ ਪੁਤਲੇ ਨੂੰ ਪਹਿਲੀ ਦਸੰਬਰ ਤੋਂ ਦਿੱਲੀ ਵਿੱਚ ਖੁੱਲ੍ਹ ਰਹੇ ਮੈਡਮ ਤੁਸਾਦ ਮੋਮ ਅਜਾਇਬਘਰ ਵਿੱਚ ਲਾਇਆ ਜਾਵੇਗਾ।
ਅਜਾਇਬਘਰ ਦੇ ਖੇਡ ਖੇਤਰ ਵਿੱਚ ਲੱਗਣ ਵਾਲੇ ਪੁਤਲੇ ਵਿੱਚ ਮਿਲਖਾ ਸਿੰਘ ਦੌੜਦੇ ਹੋਏ ਦਿਸਣਗੇ। ਉਨ੍ਹਾਂ ਦੇ ਇਸ ਪੋਜ਼ ਨੂੰ 1958 ਦੀਆਂ ਰਾਸ਼ਟਰਮੰਡਲ ਖੇਡਾਂ ਤੋਂ ਲਿਆ ਗਿਆ ਹੈ ਜਿਸ ਵਿੱਚ ਉਹ ਜੇਤੂ ਸਨ।

## ਸੁਨੀਤਾ ਧੀਰ ਦੇ ਨਾਟਕ 'ਕਰਮਾਂ ਵਾਲੀ' ਦੀ ਪੇਸ਼ਕਾਰੀ 30 ਸਤੰਬਰ ਦਿਨ ਸ਼ਨਿਚਰਵਾਰ ਨੂੰ



**ਯੂਨੀਅਨ ਸਿਟੀ/ਬਿਊਰੋ ਨਿਊਜ਼:** ਪੰਜਾਬੀ ਫਿਲਮਾਂ ਤੇ ਰੰਗ ਮੰਚ ਦੇ ਖੇਤਰ ਨਾਲ ਜੁੜੀ ਪ੍ਰਸਿੱਧ ਅਦਾਕਾਰਾ ਸੁਨੀਤਾ ਧੀਰ ਦੀ ਨਿਰਦੇਸ਼ਨਾਂ ਹੇਠ ਸੰਨ ਸੰਤਾਲੀ ਦੇ ਦਰਦਨਾਕ ਵਾਕਿਆ ਨੂੰ ਦਰਸਾਉਂਦਾ ਨਾਟਕ ਕਰਮਾਂ ਵਾਲੀ' ਪੀਪਲਜ਼ ਥਿਏਟਰ ਐਸੋਸੀਏਸ਼ਨ ਪਟਿਆਲਾ ਅਤੇ ਗੁਰੂ ਐਂਟਰਟੇਨਮੈਂਟ ਐਂਡ ਮੀਡੀਆ ਲਾਸ ਏਂਜਲਸ ਦੇ ਸਹਿਯੋਗ ਨਾਲ ਇੱਥੇ 1800 ਐੱਚ ਲੋਗਨ ਹਾਈ ਸਕੂਲ ਦੇ ਥਿਏਟਰ ਵਿਚ 30 ਸਤੰਬਰ ਸ਼ਨਿੱਚਰਵਾਰ ਨੂੰ ਸ਼ਾਮ 6 ਵਜੇ ਖੇਡਿਆ ਜਾ ਰਿਹਾ ਹੈ।

ਸੁਨੀਤਾ ਧੀਰ ਨੇ ਦੱਸਿਆ ਕਿ ਕਸ਼ਮੀਰੀ ਲਾਲ ਜ਼ਾਕਿਰ ਦੇ ਨਾਵਲ 'ਤੇ ਅਧਾਰਿਤ ਇਸ ਨਾਟਕ ਕਰਮਾਂ ਵਾਲੀ' ਨੂੰ ਉਸਨੇ ਉੱਘੀ ਆਦਕਾਰਾ ਤੇ ਅਧਿਆਪਕ ਨਵਨਿੰਦਰ ਬਹਿਲ ਨਾਲ ਮਿਲ ਕੇ ਤਿਆਰ ਕੀਤਾ ਹੈ। ਇਸ ਨਾਟਕ ਦਾ ਮੁੱਖ ਮੰਤਵ ਹਿੰਦੂ, ਮੁਸਲਿਮ ਅਤੇ ਸਿੱਖਾਂ ਦੀ ਯੁੱਗਾਂ ਤੋਂ ਚੱਲੀ ਆਉਂਦੀ ਸਾਂਝ ਨੂੰ ਦਰਸਾਉਣਾ ਹੀ ਹੈ ਜਿਸਦਾ ਮਹੱਤਵ ਵਰਤਮਾਨ ਯੁੱਗ ਵਿਚ ਸਭ ਤੋਂ ਵੱਡਾ ਹੈ। ਨਾਟਕ ਵਿਚ ਮੁੱਖ ਕਿਰਦਾਰ ਨਿਭਾਉਣ ਵਾਲੀ ਸੁਨੀਤਾ ਧੀਰ ਅਨੁਸਾਰ ਇਕ ਕੁੜੀ ਜੋ ਸੰਤਾਲੀ ਦੇ ਦੁਖਾਂਤ ਵਿਚ ਘਿਰੀ ਹੋਈ ਹੈ, ਉਸਦੀ ਇਕ ਸਿੱਖ ਕਿਵੇਂ ਮਦਦ ਕਰਦਾ ਹੈ ?

ਇਹ ਇਕ ਐਸੀ ਪੀੜਾ ਹੈ ਜਿਸਦਾ ਦਰਦ ਉੱਛਲਦਾ ਹੈ ਅਤੇ ਆਮ ਅੱਖ ਵਿਚੋਂ ਹੰਝੂ ਸਿੰਮ ਆਉਂਦੇ ਨੇ। ਇਸ ਕਿਰਦਾਰ ਨੂੰ ਮਹਾਂਭਾਰਤ 'ਚ ਧ੍ਰਿਤਰਾਸ਼ਟਰ ਦੀ ਭੂਮਿਕਾ ਨਿਭਾਉਣ ਵਾਲੇ ਗਿਰਜਾ ਸ਼ੰਕਰ ਨੇ ਨਿਭਾਇਆ ਹੈ। ਬੱਲੂ ਸਿੰਘ, ਰੂਬੀ, ਕਮਲਜੀਤ ਸਿੰਘ, ਦਮਿਅੰਤ ਕੌਰ ਤੇ ਗੁਰਵਿੰਦਰ ਵੀ ਇਸ ਵਿਚ ਹੋਰ ਅਹਿਮ ਕਿਰਦਾਰ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ 'ਚ ਅਜਿਹੇ ਨਾਟਕਾਂ ਦੀ ਪੇਸ਼ਕਾਰੀ ਜਿੱਥੇ ਅਤੀਤ ਦੀ ਪੀੜ ਨੂੰ ਦਰਸਾਉਂਦੀ ਉੱਥੇ ਪੰਜਾਬੀ ਪੀੜ੍ਹੀ ਨੂੰ ਰੰਗ ਮੰਚ ਅਤੇ ਆਪਣੇ ਵਿਰਸੇ ਨਾਲ ਵੀ ਜੋੜੇਗੀ। ਹੋਰ ਜਾਣਕਾਰੀ ਲਈ ਮਿਹਰ ਮਾਹਲ (650-520-5797) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦਾਸਪੁਰ ਜ਼ਿਮਨੀ ਚੋਣ ਲਈ ਜਾਖੜ, ਸਲਾਰੀਆ ਤੇ ਮਝੈਲ ਨੇ ਭਰੀਆਂ ਨਾਮਜ਼ਦਗੀਆਂ

### *ਕੈਪਟਨ, ਸੁਖਬੀਰ ਤੇ ਸਿਮਰਨਜੀਤ ਸਿੰਘ ਮਾਨ ਆਪੋ ਆਪਣੇ ਪਾਰਟੀ ਉਮੀਦਵਾਰਾਂ ਨਾਲ ਪੁੱਜੇ*

**ਗੁਰਦਾਸਪੁਰ/ਬਿਊਰੋ ਨਿਊਜ਼ :**

ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦਾ ਸਿਲਸਿਲਾ ਮੁੱਕ ਗਿਆ ਹੈ। ਅੰਤਿਮ ਦਿਨ ਕਾਂਗਰਸ, ਅਕਾਲੀ-ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਸਮੇਤ ਕੁੱਲ 14 ਜਣਿਆਂ ਨੇ ਨਾਮਜ਼ਦਗੀਆਂ ਦਾਖਲ ਕੀਤੀਆਂ।

ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਉਨ੍ਹਾਂ ਦੇ ਕਵਰਿੰਗ ਉਮੀਦਵਾਰ ਵੱਜੋਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਕਾਗਜ਼ ਭਰੇ ਹਨ। ਸ੍ਰੀ ਜਾਖੜ ਦੇ ਕਾਗਜ਼ ਭਰਨ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ, ਆਸ਼ਾ ਕੁਮਾਰੀ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਫ਼ਤਿਹਜੰਗ ਸਿੰਘ ਬਾਜਵਾ ਹਾਜ਼ਰ ਸਨ।

ਅਕਾਲੀ-ਭਾਜਪਾ ਗਠਜੋੜ ਦੇ ਸਾਂਝੇ ਉਮੀਦਵਾਰ ਸਵਰਨ ਸਲਾਰੀਆ ਵੱਲੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਵਿਜੈ ਸਾਂਪਲਾ ਦੀ ਮੌਜੂਦਗੀ ਵਿੱਚ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਏ ਗਏ ਜਦੋਂਕਿ ਕਵਰਿੰਗ



ਉਮੀਦਵਾਰ ਵਜੋਂ ਸ੍ਰੀਮਤੀ ਸੰਤੋਸ਼ ਸਵਰਨ ਸਿੰਘ ਸਲਾਰੀਆ ਨੇ ਕਾਗਜ਼ ਭਰੇ। ਇਸੇ ਤਰ੍ਹਾਂ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਕੁਲਵੰਤ ਸਿੰਘ ਮਝੈਲ ਨੇ ਪਾਰਟੀ ਆਗੂ ਸਿਮਰਨਜੀਤ ਸਿੰਘ ਮਾਨ ਦੀ ਮੌਜੂਦਗੀ ਵਿੱਚ ਆਪਣੀ ਨਾਮਜ਼ਦਗੀ ਪੱਤਰ ਭਰੇ ਹਨ।

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਗੁਰਲਵਲੀਨ ਸਿੰਘ ਸਿੱਧੂ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ-2017 ਲਈ ਕੁਲ 14 ਉਮੀਦਵਾਰਾਂ ਨੇ ਕਾਗਜ਼ ਦਾਖ਼ਲ ਕਰਵਾਏ ਹਨ। ਉਨ੍ਹਾਂ ਦੱਸਿਆ ਕਿ ਉਕਤ ਉਮੀਦਵਾਰਾਂ ਤੋਂ ਇਲਾਵਾ ਸਤਨਾਮ ਸਿੰਘ, ਪਵਨ ਕੁਮਾਰ, ਪਰਵਿੰਦਰ ਸਿੰਘ ਤੇ ਸੰਦੀਪ ਕੁਮਾਰ ਨੇ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖ਼ਲ ਕੀਤੇ ਹਨ। ਇਸ ਤੋਂ ਪਹਿਲਾਂ ਪੰਜ ਉਮੀਦਵਾਰ ਕਾਗਜ਼ ਦਾਖਲ ਕਰਵਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਐਲਾਨੇ ਪ੍ਰੋਗਰਾਮ ਤਹਿਤ 25 ਸਤੰਬਰ ਤਕ ਕਾਗਜ਼ਾਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 27 ਸਤੰਬਰ ਤਕ ਕਾਗਜ਼ ਵਾਪਸ ਲਏ ਜਾ ਸਕਦੇ ਹਨ। 11 ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ 15 ਅਕਤੂਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਸਲਾਰੀਆ ਨੇ ਲਿਆ ਮਾਂ ਦਾ ਆਸ਼ੀਰਵਾਦ

ਪਠਾਨਕੋਟ : ਭਾਜਪਾ ਉਮੀਦਵਾਰ ਸਵਰਨ ਸਲਾਰੀਆ ਨੇ ਗੁਰਦਾਸਪੁਰ ਸੰਸਦੀ ਸੀਟ ਲਈ ਨਾਮਜ਼ਦਗੀ ਦਾਖ਼ਲ ਕਰਨ ਲਈ ਜਾਣ ਤੋਂ ਪਹਿਲਾਂ ਆਪਣੇ ਘਰ ਪਿੰਡ ਚੌਹਾਨਾ ਵਿੱਚ ਮਾਤਾ ਸੀਤਾ ਦੇਵੀ ਤੋਂ ਆਸ਼ੀਰਵਾਦ ਲਿਆ ਅਤੇ ਮਰਹੂਮ ਪਿਤਾ ਨਿਧਾਨ ਸਿੰਘ ਦੀ ਫੋਟੋ ਅੱਗੇ ਸੀਸ ਨਿਵਾਇਆ। ਸਲਾਰੀਆ ਨੇ ਕਿਹਾ ਕਿ ਉਹ ਆਪਣੇ ਮਾਤਾ ਪਿਤਾ ਦੇ ਆਸ਼ੀਰਵਾਦ ਨਾਲ ਹੀ ਇਸ ਮੁਕਾਮ ਉੱਪਰ ਪੁੱਜੇ ਹਨ। ਬੀਤੀ ਰਾਤ ਸਲਾਰੀਆ ਦੇ ਪਿੰਡ ਪੁੱਜਣ ਮੌਕੇ ਲੋਕਾਂ ਨੇ ਖੁਸ਼ੀ ਵਿਚ ਪਟਾਖੇ ਚਲਾਏ ਅਤੇ ਦੀਪ ਮਾਲਾ ਵੀ ਕੀਤੀ।

# ਲੋਕਾਂ ਦੀ ਹਮਾਇਤ ਸਦਕਾ ਜਿੱਤਾਂਗੇ ਗੁਰਦਾਸਪੁਰ ਦੀ ਚੋਣ-ਖਜ਼ੂਰੀਆ

**ਅੰਮ੍ਰਿਤਸਰ/ਬਿਊਰੋ ਨਿਊਜ਼**, ਆਮ ਆਦਮੀ ਪਾਰਟੀ ਵੱਲੋਂ ਗੁਰਦਾਸਪੁਰ ਜ਼ਿਮਨੀ ਚੋਣ ਲੜ ਰਹੇ ਮੇਜਰ ਜਨਰਲ ਸੁਰੇਸ਼ ਖਜੂਰੀਆ (ਸੇਵਾਮੁਕਤ) ਨੇ ਆਖਿਆ ਕਿ ਉਹ ਸੱਤਾ ਦੇ ਮੌਜੂਦਾ ਦ੍ਰਿਸ਼ ਵਿੱਚ ਪੈਸੇ ਤੇ ਤਾਕਤ ਦਾ ਮੁਕਾਬਲਾ ਨਹੀਂ ਕਰ ਸਕਦੇ ਪਰ ਉਹ ਇਸ ਚੋਣ ਪ੍ਰਚਾਰ ਦੌਰਾਨ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਦਾ ਯਤਨ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਜਿੱਤ ਦਾ ਰਾਹ ਪੱਧਰਾ ਹੋਵੇਗਾ।



ਉਹ ਮੰਗਲਵਾਰ ਨੂੰ ਇੱਥੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਅਤੇ ਆਪਣੀ ਜਿੱਤ ਲਈ ਅਰਦਾਸ ਕਰਨ ਆਏ ਸਨ। ਮੱਥਾ ਟੇਕਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਖਜੂਰੀਆ ਨੇ ਆਖਿਆ ਕਿ ਸੰਸਦੀ ਹਲਕੇ ਦੇ ਲੋਕਾਂ ਕੋਲੋਂ ਚੁੱਪ-ਚੁਪੀਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਭਾਵੇਂ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੀ ਭਰੋਸਾ ਦੇ ਰਹੇ ਹਨ ਪਰ ਅੰਦਰੋਂ ਲੋਕ ਉਨ੍ਹਾਂ ਦੇ ਨਾਲ ਨਹੀਂ ਹਨ ਕਿਉਂਕਿ ਲੋਕ ਰਵਾਇਤੀ ਪਾਰਟੀਆਂ ਦੇ ਪਰਿਵਾਰਵਾਦ ਤੋਂ ਤੰਗ ਆ ਚੁੱਕੇ ਹਨ। 'ਆਪ' ਦੇ ਮਾਝਾ ਜ਼ੋਨ ਦੇ ਮੁਖੀ ਕੰਵਲਪ੍ਰੀਤ ਸਿੰਘ ਕਾਕੀ ਵੱਲੋਂ ਆਪਣੇ ਸਾਥੀਆਂ ਸਮੇਤ ਪਾਰਟੀ ਵਿੱਚੋਂ ਦਿੱਤੇ ਅਸਤੀਫੇ ਬਾਰੇ ਸਾਬਕਾ ਫੌਜੀ ਅਧਿਕਾਰੀ ਨੇ ਆਖਿਆ ਕਿ ਇਸ ਨੂੰ ਚੋਣਾਂ ਨਾਲ ਨਾ ਜੋੜਿਆ ਜਾਵੇ। ਸ੍ਰੀ ਕਾਕੀ ਨੇ ਪਾਰਟੀ ਦੇ ਸੀਨੀਅਰ ਤੇ ਕੰਮ ਕਰਨ ਵਾਲੇ ਆਗੂਆਂ ਨੂੰ ਅਣਡਿੱਠ ਕਰਦੇ ਹੋਏ ਨਵੇਂ ਤੇ ਬਾਹਰੋਂ ਆਏ ਵਿਅਕਤੀ ਨੂੰ ਟਿਕਟ ਦੇਣ ਦਾ ਵਿਰੋਧ ਕੀਤਾ ਸੀ। ਇਸ ਕਾਰਨ ਪਾਰਟੀ ਵੱਲੋਂ ਉਸ ਨੂੰ 'ਕਾਰਨ ਦੱਸੋ' ਨੋਟਿਸ ਵੀ ਦਿੱਤਾ ਗਿਆ ਸੀ।

ਸ੍ਰੀ ਖਜੂਰੀਆ ਨੇ ਆਖਿਆ ਕਿ ਉਹ ਹਲਕੇ ਤੋਂ ਬਾਹਰ ਦੇ ਨਹੀਂ ਹਨ। ਪਹਿਲਾਂ ਪਠਾਨਕੋਟ ਵੀ ਗੁਰਦਾਸਪੁਰ ਜ਼ਿਲ੍ਹੇ ਦਾ ਹਿੱਸਾ ਸੀ। ਉਹ ਇੱਥੇ ਹੀ ਜੰਮੇ ਪਲੇ ਤੇ ਪੜ੍ਹੇ ਹਨ। ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਬਾਰੇ ਉਨ੍ਹਾਂ ਆਖਿਆ ਕਿ ਉਹ 300 ਕਿਲੋਮੀਟਰ ਦੂਰ ਆ ਕੇ ਚੋਣ ਲੜ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਘਰ ਵਿੱਚ ਜਿੱਤ ਪ੍ਰਾਪਤ ਨਹੀਂ ਹੋਈ। ਉਨ੍ਹਾਂ ਕਾਂਗਰਸ 'ਤੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਭੱਜਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਹੁਣ ਜ਼ਿਮਨੀ ਚੋਣ ਕਾਰਨ ਇੱਕ ਵਾਰ ਮੁੜ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦਾ ਮਾਮਲਾ ਉਭਾਰਿਆ ਜਾ ਰਿਹਾ ਹੈ ਜਦੋਂਕਿ ਹਕੀਕਤ ਵਿੱਚ ਅਜਿਹਾ ਕੁਝ ਵੀ ਨਹੀਂ ਹੈ।

## 'ਗੁਰਦਾਸਪੁਰ ਚੋਣ ਜਿੱਤ ਕੇ ਬਾਦਲਾਂ ਨੂੰ ਜੇਲ੍ਹ ਭੇਜਾਂਗੇ'

### ਕਾਂਗਰਸੀ ਆਗੂ ਰਵਨੀਤ ਬਿੱਟੂ ਨੇ ਮਾਰੀ ਵੱਡੀ ਫੜ੍ਹ

**ਬਠਿੰਡਾ/ਬਿਊਰੋ ਨਿਊਜ਼**, ਕਾਂਗਰਸੀ ਆਗੂ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਬਾਦਲਾਂ ਖ਼ਿਲਾਫ਼ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲੋਂ ਵੱਖਰੀ ਸੁਰ ਅਪਣਾਉਂਦਿਆਂ ਆਖਿਆ ਕਿ ਪੰਜਾਬ ਨੂੰ ਦਸ ਸਾਲ ਲੁੱਟਣ ਵਾਲਿਆਂ ਨੂੰ ਗੁਰਦਾਸਪੁਰ ਚੋਣ ਮਗਰੋਂ ਜੇਲ੍ਹ ਦਾ ਰਸਤਾ ਵਿਖਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕੀਤਾ ਹੈ, ਉਹ ਜੇਲ੍ਹ ਜਾਣ ਦੀ ਤਿਆਰੀ ਕਰ ਲੈਣ। ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਮੰਗਲਵਾਰ ਨੂੰ ਬਠਿੰਡਾ ਅਦਾਲਤ ਵਿੱਚ ਪੇਸ਼ੀ ਭੁਗਤਣ ਆਏ ਹੋਏ ਸਨ।

ਰਵਨੀਤ ਸਿੰਘ ਬਿੱਟੂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ ਹੈ। ਮੋਦੀ ਸਰਕਾਰ ਨੇ ਅਕਾਲੀ ਦਲ ਨਾਲ ਮਿਲੀਭੁਗਤ ਕਰ ਕੇ ਆਖ਼ਰੀ ਦਿਨਾਂ ਵਿੱਚ 31 ਹਜ਼ਾਰ ਕਰੋੜ ਰੁਪਏ ਦਾ ਕਥਿਤ ਅਨਾਜ ਘੁਟਾਲਾ ਕਰਜ਼ੇ ਵਿੱਚ ਤਬਦੀਲ ਕਰ ਕੇ ਸੂਬਾ ਸਰਕਾਰ ਉਤੇ ਵੱਡਾ ਬੋਝ ਪਾ ਦਿੱਤਾ ਤੇ ਨਤੀਜੇ ਵਜੋਂ ਪੰਜਾਬ ਸਰਕਾਰ ਡਿਫਾਲਟਰ ਹੋ ਗਈ ਹੈ। ਉਨ੍ਹਾਂ ਆਖਿਆ ਕਿ ਗੱਠਜੋੜ ਸਰਕਾਰ ਦੇ ਦਸ ਵਰ੍ਹਿਆਂ ਦੀ ਪੜਤਾਲ ਚੱਲ ਰਹੀ ਹੈ ਤੇ ਖ਼ਜ਼ਾਨੇ ਦੀ ਲੁੱਟ ਦਾ ਸਾਰਾ ਹਿਸਾਬ-ਕਿਤਾਬ ਲਿਆ ਜਾਵੇਗਾ। ਸ੍ਰੀ ਬਿੱਟੂ ਨੇ ਤਿੰਨ ਪ੍ਰਮੁੱਖ ਆਗੂਆਂ ਦੇ ਨਾਮ ਲਏ ਤੇ ਇਨ੍ਹਾਂ ਆਗੂਆਂ ਨੂੰ ਗੁਰਦਾਸਪੁਰ ਚੋਣ ਮਗਰੋਂ ਜੇਲ੍ਹ ਭੇਜਣ ਦੀ ਗੱਲ ਆਖੀ।

# ਮਿਸ ਵਰਲਡ ਪੰਜਾਬਣ 2017 ਦੇ ਟਰਾਇਲ ਮੌਕੇ ਵੱਖ ਵੱਖ ਥਾਵਾਂ ਤੋਂ ਮਿਸ ਪੰਜਾਬਣਾਂ ਚੁਣੀਆਂ

### *ਫਾਈਨਲ ਮੁਕਾਬਾਲਾ ਮੁਕਾਬਲਾ 11 ਨਵੰਬਰ 2017 ਨੂੰ ਮਿਸੀਸਾਗਾ ਹੋਵੇਗਾ*

**ਲੁਧਿਆਣਾ/ਬਿਊਰੋ ਨਿਊਜ਼**, ਸੱਭਿਆਚਾਰਕ ਸੱਥ ਪੰਜਾਬ ਵਲੋਂ ਸਾਲ 1993 ਤੋਂ ਹੋ ਕਰਵਾਏ ਜਾ ਰਹੇ ਵਿਲੱਖਣ ਸੁੰਦਰਤਾ ਮੁਕਾਬਲੇ "ਮਿਸ ਵਰਲਡ ਪੰਜਾਬਣ" ਦੇ ਇਸ ਵਰ੍ਹੇ ਦੇ ਆਡੀਸ਼ਨ ਬੀਤੇ ਦਿਨ ਰਾਮਗੜ੍ਹੀਆ ਗਰਲਜ਼ ਕਾਲਜ ਵਿਖੇ ਕੀਤੇ ਗਏ ਜਿਸ ਵਿਚ ਲੁਧਿਆਣਾ, ਮੋਗਾ ਤੇ ਸੰਗਰੂਰ ਦੇ ਜ਼ਿਲ੍ਹਿਆਂ ਤੋਂ ਇਲਾਵਾ ਦੁਬਈ, ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ, ਉਤਰ ਪ੍ਰਦੇਸ਼, ਬੈਂਗਲੌਰ ਤੋਂ ਪੰਜਾਬੀ ਮੁਟਿਆਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੁਕਾਬਲੇ ਦੇ ਨਤੀਜਿਆਂ ਦਾ ਐਲਾਨ ਕਰਦੇ ਹੋਏ ਪੰਜਾਬਣ ਮੁਕਾਬਲਿਆਂ ਦੇ ਬਾਨੀ ਤੇ ਚੇਅਰਮੈਨ ਡਾਇਰੈਕਟਰ ਜਸਮੇਰ ਸਿੰਘ ਢੱਟ ਨੇ ਦੱਸਿਆ ਕਿ ਜਸਪ੍ਰੀਤ ਸੋਫੀਆ ਮਿਸ ਲੁਧਿਆਣਾ, ਸਿਮਰਨ ਕੌਰ ਮਿਸ ਦਿੱਲੀ ਪੰਜਾਬਣ, ਅਰਵਿੰਦਰ ਕੌਰ ਮਿਸ ਹਰਿਆਣਾ ਪੰਜਾਬਣ, ਗੁਰਵੰਤ ਕੌਰ ਮਿਸ ਉਤਰ ਪ੍ਰਦੇਸ ਪੰਜਾਬਣ, ਹਰਨੀਤ ਕੌਰ ਮਿਸ ਬੈਂਗਲੁਰੂ ਇੰਦਰਜੀਤ ਕੌਰ ਮਿਸ ਦੁਬਈ, ਪ੍ਰਭਜੀਤ ਕੌਰ ਮਿਸ ਮੋਗਾ, ਦਵਿੰਦਰਪਾਲ ਕੌਰ ਮਿਸ ਸੰਗਰੂਰ ਅਤੇ ਹਰਮਨਪ੍ਰੀਤ ਕੌਰ ਮਿਸ ਹਿਮਾਚਲ ਪ੍ਰਦੇਸ਼ ਪੰਜਾਬਣ ਚੁਣੀਆਂ ਗਈਆਂ। ਇਨ੍ਹਾਂ ਮੁਟਿਆਰਾਂ ਨੇ ਪੰਜਾਬੀ ਮੁਟਿਆਰਾਂ ਨੇ ਮਸ਼ਹੂਰ ਪੰਜਾਬੀ ਗਾਇਕਾਂ ਦੇ ਗਾਏ ਗੀਤਾਂ ਤੇ ਖ਼ੂਬਸੂਰਤ ਲੋਕ ਨਾਚ ਪੇਸ਼ ਕੀਤੇ। ਟੇਲੈਂਟ ਰਾਊਂਡ ਵਿਚ ਗਾਇਕੀ, ਮੋਨੋ ਐਕਟਿੰਗ, ਮਿਮਿਕਰੀ ਪੇਸ਼ ਕੀਤੀ। ਪ੍ਰਤੀਯੋਗੀਆਂ ਨੇ ਇਸ ਮੌਕੇ ਚੌਣ ਜਿਊਰੀ ਵੱਲੋਂ ਦਿੱਤੇ ਸਵਾਲਾਂ ਦਾ ਲਿਖਤੀ



'ਮਿਸ ਵਰਲਡ ਪੰਜਾਬਣ' ਦੇ ਆਡੀਸ਼ਨ ਦੇ ਮੌਕੇ ਜੇਤੂ ਰਹੀਆਂ ਮਿਸ ਲੁਧਿਆਣਾ ਪੰਜਾਬਣ ਜਸਪ੍ਰੀਤ ਸੋਫੀਆ, ਮਿਸ ਦਿੱਲੀ ਪੰਜਾਬਣ ਸਿਮਰਨ ਕੌਰ, ਮਿਸ ਹਰਿਆਣਾ ਪੰਜਾਬਣ ਅਰਵਿੰਦਰ ਕੌਰ, ਮਿਸ ਉਤਰ ਪ੍ਰਦੇਸ ਪੰਜਾਬਣ ਗੁਰਵੰਤ ਕੌਰ, ਮਿਸ ਦੁਬਈ ਪੰਜਾਬਣ ਇੰਦਰਜੀਤ ਕੌਰ, ਮਿਸ ਹਿਮਾਚਲ ਪ੍ਰਦੇਸ਼ ਪੰਜਾਬਣ ਹਰਮਨਪ੍ਰੀਤ ਕੌਰ ਅਤੇ ਮਿਸ ਬੈਂਗਲੁਰੂ ਪੰਜਾਬਣ ਹਰਨੀਤ ਕੌਰ ਮੁਕਾਬਲੇ ਦੇ ਪ੍ਰਬੰਧਕਾਂ, ਮੁੱਖ ਮਹਿਮਾਨ ਅਤੇ ਜੱਜਾਂ ਸਮੇਤ।

ਟੈਸਟ ਵੀ ਦਿੱਤਾ। ਇਸ ਉਪਰੰਤ ਪ੍ਰਤੀਯੋਗੀਆਂ ਦਾ ਗਰੁੱਪ ਡਾਂਸ ਵੀ ਕਰਵਾਇਆ ਗਿਆ। ਸ. ਢੱਟ ਨੇ ਦੱਸਿਆ ਕਿ ਇਸ ਵਰ੍ਹੇ ਸੱਭਿਆਚਾਰਕ ਸੱਥ ਪੰਜਾਬ ਵੱਲੋਂ ਸੁੱਖੀ ਨਿੱਝਰ, ਸੀ.ਈ.ਓ. ਵਤਨੋਂ ਦੂਰ ਨੈਟਵਰਕ, ਕੈਨੇਡਾ ਦੇ ਸਹਿਯੋਗ ਨਾਲ ਪਹਿਲੀ ਵਾਰ ਇਹ ਮੁਕਾਬਲਾ 11 ਨਵੰਬਰ 2017 ਨੂੰ ਮਿਸੀਸਾਗਾ ਦੇ ਲਿਵਿੰਗ ਆਰਟ ਸੈਂਟਰ ਵਿੱਚ ਪੂਰੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਜਿਸ ਦਾ ਹਰ ਸਾਲ ਵਾਂਗ ਮਸ਼ਹੂਰ ਪੰਜਾਬੀ ਟੀਵੀ ਚੈਨਲਾਂ ਅਤੇ ਨੈਟਵਰਕ ਤੇ ਦੁਨੀਆਂ ਭਰ ਵਿਚ ਲਾਈਵ ਪ੍ਰਸਾਰਣ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਲੁਧਿਆਣਾ ਤੋਂ ਪਹਿਲਾਂ ਬਠਿੰਡਾ, ਚੰਡੀਗੜ੍ਹ ਅਤੇ ਜਲੰਧਰ ਵਿਚ ਵੀ ਵਿਸ਼ਵ ਪੰਜਾਬਣ ਦੇ ਆਡੀਸ਼ਨਜ਼ ਕਰਵਾਏ ਜਾ ਚੁਕੇ ਹਨ। ਹੁਣ ਇਨ੍ਹਾਂ ਮੁਕਾਬਲਿਆਂ ਵਿਚ ਜੇਤੂ ਰਹੀਆਂ ਮੁਟਿਆਰਾਂ ਵਿਸ਼ਵ ਪੰਜਾਬਣ ਮੁਕਾਬਲੇ ਦੇ ਭਾਰਤ ਵਿਚਲੇ ਸੈਮੀ ਫਾਈਨਲ ਮੁਕਾਬਲੇ ਵਿੱਚ ਸ਼ਿਰਕਤ ਕਰਨਗੀਆਂ, ਜਿਨ੍ਹਾਂ ਵਿਚੋਂ ਫਾਈਨਲਿਸਟ ਦੀ ਚੋਣ ਕੀਤੀ ਜਾਵੇਗੀ ਜੋ ਕੈਨੇਡਾ ਵਿਚ ਹੋ ਰਹੇ ਗਰੈਂਡ ਫੀਨਾਲੇ ਵਿਚ ਕੈਨਡਾ ਤੇ ਭਾਰਤ ਤੋਂ ਇਲਾਵਾ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਤੇ ਯੂਰੋਪ ਦੀਆਂ ਮੁਟਿਆਰਾਂ ਨਾਲ ਖਿਤਾਬੀ ਟਾਈਟਲ ਹਾਸਿਲ ਕਰਨ ਲਈ ਭਿੜਨਗੀਆਂ। ਇਨ੍ਹਾਂ ਮੁਟਿਆਰਾਂ ਲਈ ਨੀਲੀਬਾਰ ਸਿਲਕ ਸਟੋਰ, ਲੁਧਿਆਣਾ ਵੱਲੋਂ ਪਹਿਰਾਵਾ ਸਪੈਸ਼ਲ ਤੌਰ ਉਤੇ ਸੂਰਤ ਦੇ ਕਾਰੀਗਰਾਂ ਤੋਂ ਤਿਆਰ ਕਰਵਾਇਆ ਜਾ ਰਿਹਾ ਹੈ।

ਐਤਵਾਰ ਨੂੰ ਇੱਥੇ ਹੋਏ ਆਡੀਸ਼ਨ ਵਿਚ ਜੱਜਾਂ ਦੀ ਭੂਮਿਕਾ ਹਰਪ੍ਰੀਤ ਜੌਹਲ (ਸਾਬਕਾ ਮਿਸ ਵਰਲਡ ਪੰਜਾਬਣ), ਮੈਡਮ ਹਰਪ੍ਰੀਤ ਕੌਰ ਟੀਨਾ (ਗਲੈਮਰ ਜੋਨ), ਮੈਡਮ ਹਰਦੀਪ ਕੌਰ ਕਲਸੀ, ਗੁਰਪ੍ਰੀਤ ਕੌਰ ਅਤੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਨੇ ਨਿਭਾਈ। ਜੇਤੂ ਪੰਜਾਬਣਾਂ ਨੂੰ ਇਨਾਮ ਦੇਣ ਦੀ ਰਸਮ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਪ੍ਰਧਾਨ ਸ. ਰਣਜੋਧ ਸਿੰਘ ਨੇ ਅਦਾ ਕੀਤੀ, ਜਿਨ੍ਹਾਂ ਨੂੰ ਸਰਦਾਰਨੀ ਡਾਕਟਰ ਦਵਿੰਦਰ ਕੌਰ ਢੱਟ ਤੇ ਸੱਥ ਦੇ ਅਹੁਦੇਦਾਰਾਂ ਨੇ ਗੁਲਦਸਤਾ ਦੇ ਕੇ ਸਵਾਗਤ ਕੀਤਾ। ਸ. ਰਣਜੋਧ ਸਿੰਘ ਨੇ ਆਪਣੇ ਪ੍ਰਧਾਨਗੀ ਸੰਬੋਧਨ ਵਿਚ ਕਿਹਾ ਕਿ ਉਹ ਲੰਬੇ ਸਮੇਂ ਤੋਂ ਇਸ ਵਿਲੱਖਣ ਮੁਕਾਬਲੇ ਦਾ ਹਿੱਸਾ ਬਣੇ ਹੋਏ ਹਨ। ਸੱਭਿਆਚਾਰਕ ਸੱਥ ਪੰਜਾਬ ਵੱਲੋਂ ਪੰਜਾਬੀ ਮੁਟਿਆਰਾਂ ਨੂੰ ਆਪਣੇ ਸੱਭਿਆਚਾਰ, ਵਿਰਸੇ ਤੇ ਬੋਲੀ ਨਾਲ ਜੋੜਨ ਲਈ ਪਿਛਲੇ 25 ਸਾਲ ਤੋਂ ਲਗਾਤਾਰ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਲਈ ਸਾਰੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

ਪ੍ਰੋਗਰਾਮ ਦੇ ਅਖ਼ੀਰ ਵਿਚ ਸੱਥ ਦੇ ਜਨਰਲ ਸਕੱਤਰ ਸ. ਜਗਜੀਤ ਸਿੰਘ ਨੇ ਦਰਸ਼ਕਾਂ, ਪ੍ਰਤੀਯੋਗੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ। ਦਰਸ਼ਕਾਂ ਦਾ ਮਨੋਰੰਜਨ ਗਾਇਕ ਵਤਨਜੀਤ ਨੇ ਆਪਣੀ ਖ਼ੂਬਸੂਰਤ ਆਵਾਜ਼ ਵਿਚ ਕੀਤਾ। ਸਟੇਜ ਸਕੱਤਰ ਦੀ ਕਾਰਵਾਈ ਅਤੇ ਕਾਮੇਡੀ ਦਾ ਸੁਮੇਲ ਇੰਦਰ ਦੈਮੀ ਅਤੇ ਪ੍ਰਿੰਸ ਧੀਮਾਨ ਨੇ ਅਦਾ ਕੀਤਾ, ਜਿਨ੍ਹਾਂ ਦੇ ਟੋਟਕਿਆਂ ਤੇ ਵਿਅੰਗਾਂ ਨਾਲ ਦਰਸ਼ਕਾਂ ਦੇ ਢਿੱਡੀ ਪੀੜਾਂ ਪੈ ਗਈਆਂ। ਇਸ ਮੌਕੇ ਸੱਥ ਦੇ ਮਾਲਵਾ ਜ਼ੋਨ ਦੇ ਪ੍ਰਧਾਨ ਸ. ਗੁਰਮੀਤ ਸਿੰਘ ਪੁਰਬਾ ਤੋਂ ਇਲਾਵਾ ਸੋਨੂ ਨੀਲੀਬਾਰ, ਕਰਮਜੀਤ ਸਿੰਘ ਢੱਟ, ਜਤਿਨ ਗੋਇਲ, ਹੈਰੀ ਸਰਾਂ ਮੋਗਾ, ਅਜੈ ਕੁਮਾਰ, ਭਰਤ ਕੁਮਾਰ, ਗੁਰਦੇਵ ਸਿੰਘ ਪੁਰਬਾ, ਰਿੱਕੀ ਫੋਟੋਗਰਾਫੀ, ਬੀਬਾ ਕਿਰਨ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜਰ ਸਨ।

## ਹਿੰਦ-ਪਾਕਿ ਵੰਡ ਦਾ ਦਰਦ...

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੈਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**

# 'ਗੁਰੂ ਕੀ ਮਸਜਿਦ' ਜਿਸ ਦੀ ਰਖਵਾਲੀ ਕਰਦੇ ਹਨ ਨਿਹੰਗ ਸਿੰਘ

**ਫ਼ੈਸਲ ਮੁਹੰਮਦ**

ਮੇਹਰਾਬਾਂ 'ਤੇ ਲਿਖੀਆਂ ਆਇਤਾਂ ਦੀਆਂ ਲਕੀਰਾਂ ਫਿੱਕੀਆਂ ਹੋ ਗਈਆਂ ਹਨ, ਟਾਈਲਾਂ 'ਤੇ ਕਲਾਕਾਰੀ ਨਾਲ ਉਕੇਰੇ ਗਏ ਵੇਲ-ਬੂਟਿਆਂ ਦੇ ਰੰਗ ਥਾਂ ਥਾਂ ਤੋਂ ਉਡ ਗਏ ਹਨ, ਪਰ ਨਾਲ ਹੀ ਬਣੇ ਪਲਾਸਟਰ ਤੇ ਬਿਨ ਪਲਾਸਟਰ ਵਾਲੇ ਘਰਾਂ ਤੇ ਦਰਖ਼ਤਾਂ ਵਿਚਾਲੇ ਦਿਖਾਈ ਦਿੰਦੇ ਗੁੰਬਦ ਇਸ ਦੇ ਮਸਜਿਦ ਹੋਣ ਦੀ ਗਵਾਹੀ ਸਾਫ਼ ਸਾਫ਼ ਦਿੰਦੇ ਹਨ।

ਪੰਜਾਬ ਦੇ ਹਰਗੋਬਿੰਦਪੁਰ ਵਿਚ ਮੌਜੂਦ ਉਹ ਮਸਜਿਦ ਜਿਸ ਦਾ ਬਟਵਾਰੇ ਵੇਲੇ ਫ਼ੈਲੀ ਦਹਿਸ਼ਤ ਦੇ ਬਾਵਜੂਦ ਵਾਲ ਵੀ ਬਾਂਕਾ ਨਾ ਹੋਇਆ ਤੇ ਜਿਸ ਦੀ ਹਿਫ਼ਾਜ਼ਤ ਆਪਣੀ ਬਹਾਦੁਰੀ ਲਈ ਜਾਣੇ ਜਾਣ ਵਾਲੇ ਨਿਹੰਗ ਸਿੰਘ ਅੱਧੀ ਸਦੀ ਤੋਂ ਜ਼ਿਆਦਾ ਤੋਂ ਕਰਦੇ ਆ ਰਹੇ ਹਨ।

**ਮਸਜਿਦ ਦੀ ਦੇਖ ਭਾਲ...**

1947 ਤੇ ਉਸ ਦੇ ਨੇੜੇ-ਤੇੜੇ ਦੇ ਸਾਲ ਜਦੋਂ ਹਿੰਦੂ, ਮੁਸਲਮਾਨ, ਸਿੱਖ ਭਾਵ ਮਜ਼੍ਹਬ ਦੇ ਨਾਂ 'ਤੇ ਗਵਾਂਢੀ-ਗਵਾਂਢੀ ਦਾ ਦੁਸ਼ਮਣ ਬਣ ਗਿਆ ਸੀ, ਜਦੋਂ ਮੰਦਿਰ, ਗੁਰਦੁਆਰੇ ਤੇ ਮਸਜਿਦ ਢਾਹੇ ਜਾ ਰਹੇ ਸਨ, ਨਿਹੰਗ ਸਿੰਘਾਂ ਦੇ ਤਰਨਾ ਦਲ ਦੇ ਸਰਦਾਰ ਨੇ ਕਿਹਾ, 'ਗੁਰੂ ਦੀ ਬਣਾਈ ਮਸੀਤ ਨੂੰ ਜੇਕਰ ਕੋਈ ਨੁਕਸਾਨ ਪਹੁੰਚਾਏਗਾ ਤਾਂ ਅਸੀਂ ਉਸ ਨੂੰ ਮਾਰ ਦਿਆਂਗੇ।' ਉਦੋਂ ਤੋਂ ਮਸਜਿਦ ਉਨ੍ਹਾਂ ਦੀ ਦੇਖ-ਰੇਖ ਵਿਚ ਹੈ।

ਹਾਲਾਂਕਿ ਉਦੋਂ ਸਰਹੱਦ ਨੇੜੇ ਵਸੇ ਇਸ ਸ਼ਹਿਰ ਤੇ ਪੰਜਾਬ ਦੇ ਦੂਸਰੇ ਕਈ ਇਲਾਕੇ ਮੁਸਲਿਮ ਆਬਾਦੀ ਨਾਲ ਖ਼ਾਲੀ ਹੋ ਗਏ ਸਨ। ਮਸਜਿਦ ਦੇ ਵਿਹੜੇ ਵਿਚ ਨੀਲੇ ਕੱਪੜੇ ਵਿਚ ਬੰਨ੍ਹਿਆ 50 ਫੁੱਟ ਲੰਬਾ ਖੰਭਾ ਜਿਸ ਉਪਰ ਦੋਧਾਰੀ ਤਲਵਾਰ ਲਟਕ ਰਹੀ ਹੈ, ਇਸ ਗੱਲ ਦਾ ਐਲਾਨ ਹੈ ਕਿ ਮਸਜਿਦ ਦੀ ਸੁਰੱਖਿਆ ਹੁਣ ਨਿਹੰਗ ਸਿੰਘਾਂ ਦੇ ਹੱਥ ਵਿਚ ਹੈ। ਸਿੱਖਾਂ ਦੇ 6ਵੇਂ ਗੁਰੂ ਸ੍ਰੀ ਹਰਗੋਬਿੰਦ ਸਿੰਘ ਨੇ ਜਦੋਂ 17ਵੀਂ ਸਦੀ ਵਿਚ ਹਰਗੋਬਿੰਦਪੁਰ (ਹੁਣ ਭਾਰਤੀ ਪੰਜਾਬ ਵਿਚ) ਵਸਾਇਆ ਤਾਂ ਸ਼ਹਿਰ ਦੇ ਮੁਸਲਮਾਨਾਂ ਲਈ ਇਸ ਦੀ ਤਾਮੀਰ ਕਰਵਾਈ।



**ਮਸਜਿਦ ਦੀ ਸੇਵਾ...**

ਗੁਰੂ ਹਰਗੋਬਿੰਦ ਸਿੰਘ ਮਹਿਜ਼ 11 ਸਾਲ ਦੇ ਸਨ ਜਦੋਂ ਉਨ੍ਹਾਂ ਦੇ ਪਿਤਾ ਤੇ ਸਿੱਖਾਂ ਦੇ 5ਵੇਂ ਗੁਰੂ ਅਰਜਨ ਦੇਵ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਕਤਲ ਕਰ ਦਿੱਤਾ ਗਿਆ ਸੀ। ਤੇ ਫਿਰ ਗੁਰੂ ਹਰਗੋਬਿੰਦ ਸਿੰਘ 6ਵੇਂ ਗੁਰੂ ਬਣੇ ਸਨ। ਪਿਛਲੇ 35 ਵਰ੍ਹਿਆਂ ਤੋਂ ਮਸਜਿਦ ਦੀ ਸੇਵਾ ਕਰ ਰਹੇ ਬਾਬਾ ਬਲਵੰਤ ਸਿੰਘ ਕਹਿੰਦੇ ਹਨ, 'ਇਥੋਂ ਦਾ ਚੌਧਰੀ ਗੁਰੂ ਸਾਹਿਬ ਨੂੰ ਬਹੁਤ ਗਾਲ੍ਹਾਂ ਕੱਢਦਾ ਸੀ। ਬਹੁਤ ਬੁਰਾ ਭਲਾ ਕਹਿੰਦਾ ਸੀ 6ਵੇਂ ਪਾਤਸ਼ਾਹ ਨੂੰ। ਅਜਿਹਾ ਸਾਖੀਆਂ ਵਿਚ ਲਿਖਿਆ ਹੈ। ਜੰਗ ਹੋਈ, ਜਿਸ ਵਿਚ ਉਹ ਹਾਰ ਗਿਆ ਤੇ ਮਾਰਿਆ ਗਿਆ। ਗੁਰੂ ਨੇ ਕਿਹਾ, ਇਥੇ ਮੰਦਿਰ ਨਹੀਂ ਬਣੇਗਾ, ਗੁਰਦੁਆਰਾ ਨਹੀਂ ਬਣੇਗਾ ਤੇ ਉਸ ਥਾਂ 'ਤੇ ਮਸਜਿਦ ਦੀ ਤਾਮੀਰ ਕਰਵਾਈ।' ਲੰਬੇ ਕਦ-ਕਾਠੀ ਤੇ ਪਤਲੇ ਸਰੀਰ ਦੇ ਮਾਲਕ ਬਾਬਾ ਬਲਵੰਤ ਸਿੰਘ ਦਸਵੀਂ ਪਾਸ ਕਰਨ ਤੋਂ ਬਾਅਦ ਹੀ ਇੱਥੇ ਆ ਗਏ ਸਨ ਤੇ ਉਦੋਂ ਤੋਂ ਮਸਜਿਦ ਦੀ ਦੇਖਭਾਲ ਤੇ ਸੇਵਾ ਕਰਦੇ ਹਨ।



**ਮਸਜਿਦ ਦੀ ਸੇਵਾ ਕਰਨ ਵਾਲੇ ਬਾਬਾ ਬਲਵੰਤ ਸਿੰਘ**

**ਗੁਰੂ ਦੀ ਮਸੀਤ...**

ਮਸਜਿਦ ਦੇ ਵਿਹੜੇ ਵਿਚ ਤਿਆਰ ਨਵੇਂ ਹਿੱਸੇ ਦੇ ਇਕ ਕਮਰੇ ਵਿਚ ਰਹਿੰਦੇ ਹਨ ਬਾਬਾ ਬਲਵੰਤ ਸਿੰਘ, ਇਕ ਪੁਰਾਣੀ ਫਰਿਜ, ਗੱਲੇ ਦੀ ਇਕ ਬੋਰੀ, ਕੁਝ ਭਾਂਡੇ ਤੇ ਭੰਗ ਘੋਟਣ ਦੇ ਸਾਮਾਨ ਦੇ ਨਾਲ। ਤੇ ਉਨ੍ਹਾਂ ਦਾ ਜ਼ਿਆਦਾਤਰ ਸਮਾਂ ਗੁਰੂ ਗ੍ਰੰਥ ਸਾਹਿਬ ਦੇ ਪਾਠ, 'ਮਸੀਤ ਦੀ ਸੇਵਾ' ਤੇ ਮਸਜਿਦ ਦੇ ਦਰਸ਼ਨ ਲਈ ਆਉਣ ਵਾਲਿਆਂ ਦੀ ਦੇਖਭਾਲ ਵਿਚ ਲੰਘਦਾ ਹੈ।

ਹਾਲਾਂਕਿ ਗੁਰੂ ਕੀ ਮਸੀਤ ਨੂੰ ਦੇਖਣ ਵਾਲਿਆਂ ਦਾ ਸਿਲਸਿਲਾ ਪਿਛਲੇ ਕੁਝ ਵਰ੍ਹਿਆਂ ਤੋਂ ਹੀ ਸ਼ੁਰੂ ਹੋਇਆ ਹੈ ਵਰਨਾ ਸਾਲ 2000 ਤਕ ਤਾਂ ਹਰਗੋਬਿੰਦਪੁਰ ਵਿਚ ਹੀ ਪੈਦਾ ਤੇ ਜੰਮੇ-ਪਲੇ ਆਕਾਸ਼ ਨੰਦਾ ਵਰਗੇ ਲੋਕਾਂ ਤਕ ਨੂੰ ਨਹੀਂ ਪਤਾ ਸੀ ਕਿ ਇਥੇ ਕੋਈ ਮਸਜਿਦ ਵੀ ਹੈ ਤੇ ਉਹ ਵੀ ਏਨੀ ਇਤਿਹਾਸਕ।

**ਮਸਜਿਦ ਦਾ ਪੁਨਰਨਿਰਮਾਣ...**

ਆਕਾਸ਼ ਨੰਦਾ ਕਹਿੰਦੇ ਹਨ ਕਿ ਜਦੋਂ ਯੂਨੈਸਕੋ ਨੇ ਇਥੇ ਖ਼ਸਤਾਹਾਲ ਹੋ ਰਹੀ ਮਸਜਿਦ ਦੇ ਪੁਨਰਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਤਾਂ ਜਾ ਕੇ ਸ਼ਹਿਰ ਵਾਲਿਆਂ ਨੂੰ ਪਤਾ ਲੱਗਾ ਕਿ ਇਥੇ ਕਿਸੇ ਸਿੱਖ ਗੁਰੂ ਦੀ ਬਣਾਈ ਹੋਈ ਮਸਜਿਦ ਵੀ ਮੌਜੂਦ ਹੈ।

ਬਾਬਾ ਬਲਵੰਤ ਸਿੰਘ ਨਾਲ ਮੌਜੂਦ ਰਣਜੋਤ ਸਿੰਘ ਕਹਿੰਦੇ ਹਨ, ਗੁਰੂ ਸ੍ਰੀ ਹਰਗੋਬਿੰਦ ਸਿੰਘ ਜ਼ੁਲਮ ਦੇ ਖ਼ਿਲਾਫ਼ ਲੜੇ, ਮਜ਼੍ਹਬ ਲਈ ਨਹੀਂ। ਇਸ ਲਈ ਉਨ੍ਹਾਂ ਨੇ ਲੋਕਾਂ ਲਈ ਇਹ ਮਸੀਤ ਬਣਵਾਈ। ਹਾਲਾਂਕਿ ਮਸਜਿਦ ਦੇ ਪੁਨਰਨਿਰਮਾਣ ਮਗਰੋਂ ਕੁਝ ਸ਼ਹਿਰੀ ਵੀ ਇਸ ਦੀ ਦੇਖਭਾਲ ਲਈ ਜ਼ਿਆਦਾ ਚੌਕਸ ਹੋਏ ਹਨ, ਪਰ ਹਾਲਾਤ ਫਿਰ ਵੀ ਬਹੁਤ ਬਿਹਤਰ ਨਹੀਂ ਹੋਏ ਹਨ। ਬਾਬਾ ਬਲਵੰਤ ਮੈਨੂੰ ਕਹਿੰਦੇ ਹਨ ਕਿ ਘੱਟੋ-ਘੱਟ ਨਲਕੇ ਦਾ ਪਾਣੀ ਤਾਂ ਲੱਗ ਜਾਵੇ ਮਸੀਤ ਵਿਚ ਵਰਨਾ ਛੋਟੇ ਛੋਟੇ ਕੰਮਾਂ ਵਿਚ ਵੀ ਤਕਲੀਫ਼ ਝੱਲਣੀ ਪੈਂਦੀ ਹੈ। ਹਾਲੇ ਜੋ ਦੌਰ ਜਾਰੀ ਹੈ, ਉਸ ਵਿਚ ਮਸਜਿਦ ਦੇ ਇਸ ਸੇਵਾਦਾਰ ਦੀ ਖ਼ਵਾਹਿਸ਼ ਨੂੰ ਪੂਰਾ ਕਰਨ ਦੇ ਨਾਲ ਨਾਲ ਇਸ ਮਸੀਤ ਦੀ ਹਿਫ਼ਾਜ਼ਤ ਵੀ ਜ਼ੋਰ-ਸ਼ੋਰ ਨਾਲ ਕੀਤੀ ਜਾਣੀ ਚਾਹੀਦੀ ਹੈ। ਇਹ ਹਿੰਦੁਸਤਾਨ ਦੀ ਮਿਲੀ-ਜੁਲੀ ਤਹਿਜ਼ੀਬ ਦਾ ਇਕ ਅਹਿਮ ਹਿੱਸਾ ਹੈ।

# ਘਰ ਇਸ ਪਾਰ, ਜ਼ਮੀਨ ਉਸ ਪਾਰ

**ਸੁਹੇਲ ਹਲੀਮ**

ਭਾਰਤ-ਪਾਕਿਸਤਾਨ ਦੀ ਸਰਹੱਦ 'ਤੇ ਅਜਿਹੀ ਕੰਡਿਆਲੀ ਤਾਰ ਵੀ ਹੈ, ਜੋ ਹਜ਼ਾਰਾਂ ਭਾਰਤੀ ਕਿਸਾਨਾਂ ਦੇ ਦਿਲਾਂ ਤੋਂ ਹੋ ਕੇ ਲੰਘਦੀ ਹੈ। ਕਿਸਾਨਾਂ ਦੇ ਘਰ ਇਸ ਪਾਰ ਹਨ ਤੇ ਉਨ੍ਹਾਂ ਦੀ ਜ਼ਮੀਨ ਉਸ ਪਾਰ। ਭਾਰਤ ਦੀ ਵੰਡ 70 ਸਾਲ ਪਹਿਲਾਂ ਹੋ ਗਈ ਸੀ ਪਰ ਪੰਜਾਬ ਦੇ ਕਈ ਕਿਸਾਨਾਂ ਦੀ ਜ਼ਿੰਦਗੀ ਸੰਨ 1980 ਦੇ ਦਹਾਕੇ ਵਿਚ ਉਸ ਵਕਤ ਤੋਂ ਵੰਡੀ ਗਈ ਜਦੋਂ ਸੂਬੇ ਵਿਚ ਵੱਖਵਾਦ ਅੰਦੋਲਨ ਆਪਣੇ ਸਿਖ਼ਰ 'ਤੇ ਸੀ ਤੇ ਸਰਕਾਰ ਨੇ ਘੁਸਪੈਠ ਤੇ ਤਸਕਰੀ ਰੋਕਣ ਲਈ ਕਰੀਬ ਸਾਢੇ 5 ਸੌ ਕਿਲੋਮੀਟਰ ਲੰਬੀ ਸਰਹੱਦ 'ਤੇ ਕੰਡਿਆਲੀ ਵਾੜ ਲਗਾਉਣ ਦਾ ਫ਼ੈਸਲਾ ਕੀਤਾ।

**ਫ਼ੌਜ ਦੀ ਨਿਗਰਾਨੀ ਵਿਚ ਖੇਤੀ...**

ਇਹ ਵਾੜ ਸਰਹੱਦ ਤੋਂ ਪਹਿਲਾਂ ਭਾਰਤੀ ਸਰਜ਼ਮੀਨ 'ਤੇ ਲਾਈ ਗਈ ਜਿਸ ਕਾਰਨ ਹੁਣ ਕਿਸਾਨਾਂ ਨੂੰ ਆਪਣੀ ਹੀ ਜ਼ਮੀਨ ਤਕ ਪਹੁੰਚਣ ਲਈ ਸੀਮਾ ਸੁਰੱਖਿਆ ਬਲ ਦੀ ਸਖ਼ਤ ਨਿਗਰਾਨੀ ਹੇਠ ਤਾਰਾਂ ਦੇ ਦੂਸਰੇ ਪਾਸੇ ਜਾਣਾ ਪੈਂਦਾ ਹੈ।



ਵਾਘਾ-ਅਟਾਰੀ ਚੈੱਕ ਪੋਸਟ ਨੇੜੇ ਸਥਿਤ ਧਨੁਆ ਪਿੰਡ ਵਿਚ ਹਰੇਕ ਦਿਨ ਇਸ ਔਖੇ ਸਫ਼ਰ ਨੂੰ ਤੈਅ ਕਰਨ ਵਾਲਿਆਂ ਵਿਚ ਹਰਮਿੰਦਰ ਸਿੰਘ ਵੀ ਸ਼ਾਮਲ ਹੈ। ਉਹ ਕਹਿੰਦੇ ਹਨ ਕਿ ਇੰਜ ਲਗਦਾ ਹੈ ਕਿ ਜਿਵੇਂ ਜੇਲ੍ਹ ਵਿਚ ਚਲੇ ਗਏ ਹੋਈਏ। ਉਹ ਕਹਿੰਦੇ ਹਨ, 'ਤਾਰਾਂ ਦੇ ਪਾਰ ਜਾਣਾ ਬਹੁਤ ਮੁਸ਼ਕਲ ਕੰਮ ਹੈ, ਬੀ.ਐਸ.ਐਫ. ਵਾਲੇ ਪਹਿਲਾਂ ਸਾਰਾ ਸਾਮਾਨ ਲਹਾਉਂਦੇ ਹਨ, ਚੈਕਿੰਗ ਹੁੰਦੀ ਹੈ, ਫਿਰ ਸਾਰਾ ਸਾਮਾਨ ਟਰੈਕਟਰ ਟਰਾਲੀ 'ਤੇ ਲੱਦਿਆ ਜਾਂਦਾ ਹੈ ਤੇ ਫਿਰ ਤੁਸੀਂ ਤਾਰਾਂ ਦੀ ਵਾੜ ਦੇ ਪਾਰ ਜਾ ਸਕਦੇ ਹੋ।'

**ਪਾਕਿਸਤਾਨੀ ਕਿਸਾਨਾਂ ਨਾਲ ਗੱਲ ਕਰਨਾ ਮਨ੍ਹਾ ਹੈ...**

ਵਾੜ ਦੇ ਦੂਸਰੇ ਪਾਸੇ ਕੱਚਾ ਰਸਤਾ ਹੈ ਜੋ ਦੋਹਾਂ ਮੁਲਕਾਂ ਵਿਚਾਲੇ ਸਰਹੱਦ ਨੂੰ ਦਰਸਾਉਂਦਾ ਹੈ ਤੇ ਉਸ ਤੋਂ ਬਾਅਦ ਪਾਕਿਸਤਾਨੀ ਕਿਸਾਨਾਂ ਦੇ ਖੇਤ। ਹਰਮਿੰਦਰ ਸਿੰਘ ਕਹਿੰਦੇ ਹਨ, 'ਉਹ ਲੋਕ ਆਜ਼ਾਦੀ ਦੇ ਨਾਲ ਆਪਣੇ ਖੇਤਾਂ ਵਿਚ ਕੰਮ ਕਰਦੇ ਹਨ। ਉਨ੍ਹਾਂ ਨਾਲ ਫ਼ੌਜ ਨਹੀਂ ਹੁੰਦੀ ਪਰ ਸਾਨੂੰ ਉਨ੍ਹਾਂ ਨਾਲ ਗੱਲ ਕਰਨ ਦੀ ਆਗਿਆ ਨਹੀਂ ਹੈ। ਉਹ ਆਪਣਾ ਕੰਮ ਕਰਦੇ ਹਨ ਤੇ ਅਸੀਂ ਆਪਣਾ।' ਇਸ ਛੋਟੇ ਜਿਹੇ ਪਿੰਡ ਵਿਚ ਸਭ ਦੀ ਜ਼ੁਬਾਨ 'ਤੇ ਇਕ ਸ਼ਿਕਾਇਤ ਹੈ, 'ਖੇਤੀ ਹੀ ਸਾਡਾ ਜੀਵਨ ਹੈ ਤੇ ਜੇਕਰ ਅਸੀਂ ਬਿਨਾਂ ਰੋਕ-ਟੋਕ ਆਪਣੀ ਜ਼ਮੀਨ ਤਕ ਨਹੀਂ ਤਾਂ ਗੁਜ਼ਾਰਾ ਕਿਵੇਂ ਹੋਵੇਗਾ?

**ਤਾਰਾਂ ਨਾਲ ਜ਼ਿੰਦਗੀ ਮੁਸ਼ਕਲ ਹੋਈ...**

ਪਿੰਡ ਪਿੱਪਲ ਦੇ ਵੱਡੇ ਦਰਖ਼ਤ ਹੇਠ ਕੁਝ ਬਜ਼ੁਰਗ ਇਕਤਰ ਹਨ, ਉਹ ਆਪਣੀ ਹਰ ਸ਼ਾਮ ਇਸੇ ਦਰਖ਼ਤ ਹੇਠ ਬਿਤਾਉਂਦੇ ਹਨ। ਪਿੰਡ ਦੇ ਸਰਪੰਚ ਜਗਤਾਰ ਸਿੰਘ ਕਹਿੰਦੇ ਹਨ, '10 ਵਜੇ ਗੇਟ ਖੁੱਲ੍ਹਦਾ ਹੈ ਤੇ ਚਾਰ ਵਜੇ ਬੰਦ ਹੋ ਜਾਂਦਾ ਹੈ। ਆਈ ਕਾਰਡ ਬਣਵਾਉਣਾ ਪੈਂਦਾ ਹੈ ਪਰ ਫਿਰ ਵੀ ਆਪਣੀ ਮਰਜ਼ੀ ਨਾਲ ਜਾ ਨਹੀਂ ਸਕਦੇ ਤੇ ਨਾ ਹੀ ਆ ਸਕਦੇ ਹਾਂ। ਸਰਕਾਰ ਵੀ ਇਸ ਇਲਾਕੇ ਨੂੰ ਭੁੱਲ ਗਈ ਹੈ, ਇਥੇ ਕੋਈ ਸਹੂਲਤ ਨਹੀਂ ਹੈ, ਨਾ ਕੋਈ ਡਾਕਟਰ ਹੈ, ਨਾ ਸਕੂਲ ਵਿਚ ਅਧਿਆਪਕ।' ਜਦੋਂ ਤਾਰ ਦੀ ਵਾੜ ਨਹੀਂ ਸੀ ਤਾਂ ਜੀਵਨ ਚੰਗਾ ਸੀ, ਰਾਤ ਨੂੰ ਜੇਕਰ ਖੇਤਾਂ ਵਿਚ ਜਾਣਾ ਹੁਦਾ ਤਾਂ ਇਕ ਪਰਚੀ ਬਣਦੀ ਸੀ, ਦਿਨ ਵਿਚ ਕੋਈ ਨਹੀਂ ਪੁਛਦਾ ਸੀ, ਕਦੇ ਕੋਈ ਸਮੱਸਿਆ ਨਹੀਂ ਹੋਈ ਪਰ ਤਾਰਾਂ ਨਾਲ ਸਾਡੀ ਜ਼ਿੰਦਗੀ ਮੁਸ਼ਕਲ ਹੋ ਗਈ ਹੈ।'



**ਉਹ ਕਦੇ ਆਪਣੇ ਖੇਤਾਂ ਵੱਲ ਗਿਆ ਹੀ ਨਹੀਂ...**

ਗੁਰਦੇਵ ਸਿੰਘ ਉਨ੍ਹਾਂ ਦੀ ਆਵਾਜ਼ ਨਾਲ ਆਵਾਜ਼ ਮਿਲਾਉਂਦੇ ਹੋਏ ਕਹਿੰਦੇ ਹਨ, 'ਤਾਰਾਂ ਦੇ ਪਾਰ ਮੇਰੀ 5 ਏਕੜ ਜ਼ਮੀਨ ਹੈ, ਪਰ ਇਸ ਪਾਸੇ ਕੀਮਤ 10 ਲੱਖ ਰੁਪਏ ਏਕੜ ਹੈ ਤਾਂ ਉਧਰ 2 ਲੱਖ ਦੇਣ ਵਾਲਾ ਵੀ ਨਹੀਂ ਮਿਲਦਾ। ਉਥੇ ਕੰਮ ਕਰਨ ਲਈ ਮਜ਼ਦੂਰ ਵੀ ਆਸਾਨੀ ਨਾਲ ਤਿਆਰ ਨਹੀਂ ਹੁੰਦੇ ਤੇ ਪੈਸੇ ਵੀ ਵੱਧ ਮੰਗਦੇ ਹਨ। ਇਥੇ ਹਰ ਘਰ ਦੀ ਇਹੀ ਕਹਾਣੀ ਹੈ।' ਇਸ ਪਿੰਡ ਵਿਚ ਅਜਿਹੇ ਕਿਸਾਨ ਦਾ ਕਿੱਸਾ ਮਸ਼ਹੂਰ ਹੈ ਜੋ ਚੈੱਕ ਪੋਸਟ ਦੀਆਂ ਬੰਦਸ਼ਾਂ ਕਾਰਨ ਇਕ ਵਾਰ ਏਨਾ ਨਾਰਾਜ਼ ਹੋ ਕੇ ਪਰਤਿਆ ਕਿ ਫੇਰ ਕਦੇ ਵਾਪਸ ਆਪਣੀ ਜ਼ਮੀਨ 'ਤੇ ਨਹੀਂ ਗਿਆ।

ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਜਗਰੂਪ ਸਿੰਘ ਦੇ ਖੋਜ ਅਨੁਸਾਰ 11 ਹਜ਼ਾਰ ਪਰਿਵਾਰਾਂ ਦੀ ਲਗਭਗ 17 ਹਜ਼ਾਰ ਏਕੜ ਜ਼ਮੀਨ ਇਨ੍ਹਾਂ ਤਾਰਾਂ ਦੇ ਉਸ ਪਾਰ ਹੈ। ਇਹ ਕਿਸਾਨ ਏਨੇ ਤੰਗ ਆ ਚੁੱਕੇ ਹਨ ਕਿ ਹੁਣ ਉਹ ਬੱਸ ਏਨਾ ਚਾਹੁੰਦੇ ਹਨ ਕਿ ਸਰਕਾਰ ਹੀ ਉਨ੍ਹਾਂ ਦੀਆਂ ਜ਼ਮੀਨਾਂ ਖ਼ਰੀਦ ਲਏ ਤੇ ਉਨ੍ਹਾਂ ਨੂੰ ਰੋਜ਼ ਰੋਜ਼ ਦੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲ ਜਾਵੇ। 70 ਸਾਲ ਬੀਤ ਜਾਣ ਮਗਰੋਂ ਹੁਣ ਵੰਡ ਦੇ ਜ਼ਖ਼ਮ ਭਰ ਰਹੇ ਹਨ। ਪਰ ਧਨੁਆ ਦੇ ਕਿਸਾਨਾਂ ਦੇ ਨਹੀਂ। ਉਹ ਜਦੋਂ ਵੀ ਵਾੜ ਤੋਂ ਲੰਘਦੇ ਹਨ, ਤਾਂ ਉਨ੍ਹਾਂ ਦੇ ਜ਼ਖ਼ਮ ਫੇਰ ਹਰੇ ਹੋ ਜਾਂਦੇ ਹਨ।

# ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਪਾਠੀਆਂ ਦੀ ਹੜਤਾਲ, ਸਿੱਖ ਕੌਮ ਲਈ ਚਿੰਤਾ ਦਾ ਵਿਸ਼ਾ

**ਬੀਰ ਦਵਿੰਦਰ ਸਿੰਘ**
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ
ਸੰਪਰਕ : 98140-03332



ਸਿੱਖ ਧਰਮ ਅੱਜ ਵਿਸ਼ਵ ਦੇ ਨੌਂ ਵੱਡੇ ਸਥਾਪਿਤ ਧਰਮਾਂ ਵਿੱਚ, ਸਭ ਤੋਂ ਨਵੀਨਤਮ ਧਰਮ ਹੈ। ਇਹ ਮਨੁੱਖਤਾ ਦੀ ਅਮਲੀ ਜੀਵਨਜਾਚ ਵਿੱਚ, ਹਰ ਸਮੇਂ ਵਰਤੋਂ ਵਿੱਚ ਲਿਆਇਆ ਜਾ ਸਕਣ ਵਾਲਾ, ਸਰਲ ਤੇ ਵਿਹਾਰਕ ਧਰਮ ਹੈ। ਸਿੱਖ ਧਰਮ ਦਾ ਇਤਿਹਾਸ ਗੌਰਵਮਈ ਹੈ। ਇਸ ਦੇ ਪੈਰੋਕਾਰਾਂ ਦੇ ਜੀਵਨ ਰਾਹ ਨੂੰ ਗੁਰਮਤਿ ਦਾ ਸਿਧਾਂਤ ਨਿਰਧਾਰਤ ਕਰਦਾ ਹੈ ਤੇ ਸ਼ਬਦ ਗੁਰੂ, ਸਿੱਖ ਸੁਰਤੀ ਦਾ ਮਾਰਗ ਦਰਸ਼ਨ ਕਰਦਾ ਹੈ ਅੱਜ ਸਿੱਖ ਧਰਮ ਦੀ ਵਿਸ਼ਵ-ਵਿਆਪੀ ਸਵੀਕਾਰਤਾ, ਇਸਦੇ ਮੰਨਣ ਵਾਲੇ ਪੈਰੋਕਾਰਾਂ ਅਤੇ ਧਰਮ ਪ੍ਰਬੰਧਕਾਂ ਦੇ ਮੋਢਿਆਂ ਤੇ ਵੱਡੀਆਂ ਜ਼ਿੰਮੇਵਾਰੀਆਂ ਨਾਫ਼ਜ਼ ਕਰਦੀ ਹੋਈ ਉਨ੍ਹਾਂ ਨੂੰ ਇਸਦੇ ਪ੍ਰਚਾਰ ਅਤੇ ਪਸਾਰ ਲਈ ਪਾਬੰਦ ਕਰਦੀ ਹੈ ਇਹ ਅਨੁਸ਼ਾਸ਼ਨਿਕ ਪਾਬੰਦੀ ਸ਼ਬਦ ਗੁਰੂ' ਦੇ ਫਲਸਫ਼ੇ ਅਨੁਸਾਰ, ਸਾਡੇ ਅਮਲਾਂ ਅਤੇ ਰਵੱਈਏ ਵਿੱਚੋਂ ਹਰ ਸਮੇਂ, ਸੁੱਚੇ ਅਕਸਾਂ ਦੇ ਰੂਪ ਵਿੱਚ, ਹਰ ਸਮੇਂ ਝਲਕਣੀ ਚਾਹੀਦੀ ਹੈ। ਸਿੱਖੀ ਸਿਦਕ ਦੇ ਪੈਰੋਕਾਰਾਂ ਵਿੱਚ ਇਹ ਅਨੁਸ਼ਾਸ਼ਨ, ਸਿੱਖ ਧਰਮ ਦੇ ਨਿਰੰਤਰ ਪ੍ਰਚਾਰ ਤੇ ਪਸਾਰ ਲਈ ਅਤਿਅੰਤ ਜ਼ਰੂਰੀ ਹੈ ਪਰ ਦੁੱਖ ਅਤੇ ਚਿੰਤਾ ਇਸ ਗੱਲ ਦੀ ਹੈ ਕਿ ਕਿਤੇ ਨਾ ਕਿਤੇ, ਅਚੇਤ ਜਾਂ ਸੁਚੇਤ, ਕੋਈ ਅਜੇਹੀ ਵਿਡੰਬਣਾਂ ਖੜ੍ਹੀ ਹੋ ਜਾਂਦੀ ਹੈ ਜੋ ਸਾਡੇ ਸਿਦਕ ਦੀ ਭਾਵਨਾ ਦੇ ਵਿਪਰੀਤ ਹੁੰਦੀ ਹੈ। ਅਜਿਹੇ ਅਭਾਵਾਤਮਿਕ ਪ੍ਰਛਾਵੇਂ ਹੀ ਧਰਮ ਦੇ ਅਕਸ ਦੀ ਸਮੁੱਚਤਾ ਨੂੰ ਪ੍ਰਭਾਵਤ ਕਰਦੇ ਹਨ। ਇੱਥੇ ਮਿਸਾਲ ਦੇ ਤੌਰ ਤੇ ਇਹ ਜ਼ਿਕਰ ਜ਼ਰੂਰੀ ਹੈ ਕਿ ਪਿਛਲੇ ਲਗਪਗ ਦੋ ਮਹੀਨਿਆਂ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਭਵਨ ਸਮੂਹ ਵਿਚੋਂ ਗੁਰੂ ਘਰ ਦੇ ਪਾਠੀਆਂ ਦੀ ਹੜਤਾਲ ਅਤੇ ਢਾਡੀ ਸਿੰਘਾਂ ਦੇ ਰੋਸ ਵਿਖਾਵਿਆਂ ਦੀਆਂ ਸਨਸਨੀਖੇਜ਼ ਖ਼ਬਰਾਂ, ਤਸਵੀਰਾਂ ਸਮੇਤ ਅਖ਼ਬਾਰਾਂ ਵਿੱਚ ਛਪ ਰਹੀਆਂ ਹਨ। ਇਨ੍ਹਾਂ ਦੁਖਦਾਈ ਵਰਤਾਰਿਆਂ ਨੇ, ਦਰਬਾਰ ਸਾਹਿਬ ਅਤੇ ਸ਼ਬਦ-ਗੁਰੂ ਵਿੱਚ ਅਥਾਹ ਸ਼ਰਧਾ ਰੱਖਣ ਵਾਲੇ ਕ੍ਰੋੜਾਂ ਅਕੀਦਤਮੰਦ ਸਿੱਖਾਂ ਦੇ ਰੂਹਾਨੀ ਸਹਿਜ ਨੂੰ ਬੇਚੈਨ ਕੀਤਾ ਹੈ।

ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਅਨੁਸਾਰ ਪਾਠੀਆਂ ਦੀ ਮੰਗ ਸੀ ਕਿ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੇਵਾ ਲਈ ਦਿੱਤੀ ਜਾਂਦੀ ਭੇਟਾ ਨਾਮੁਨਾਸਿਬ ਹੈ ਲਿਹਾਜ਼ਾ ਇਸ ਵਿੱਚ ਵਾਧਾ ਹੋਣਾ ਚਾਹੀਦਾ ਹੈ ਇਸੇ ਤਰ੍ਹਾਂ ਢਾਡੀ ਜੱਥੇਬੰਦੀਆਂ ਦੇ ਦੋ ਧੜਿਆਂ ਨੇ ਆਪਸੀ ਖਿੱਚੋਤਾਣ ਦਾ ਦੰਗਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਣਾਇਆ ਹੋਇਆ ਹੈ। ਅਖ਼ਬਾਰਾਂ ਵਿੱਚ ਸਰਗੋਸ਼ੀਆਂ ਹਨ ਕਿ ਢਾਡੀ ਸਿੰਘਾਂ ਦੇ ਇੱਕ ਧੜੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੀ ਸਰਪ੍ਰਸਤੀ ਹਾਸਲ ਹੈ ਜਦ ਕਿ ਦੂਸਰਾ ਧੜਾ ਇਸ ਮੇਹਰ ਤੋਂ ਮਹਿਰੂਮ ਹੋਣ ਦੀ ਸ਼ਿਕਾਇਤ ਕਰ ਰਿਹਾ ਹੈ ਆਪਣੇ ਆਪਣੇ ਦਾਅਵਿਆਂ ਨੂੰ ਲੈ ਕੇ ਪਾਠੀਆਂ ਅਤੇ ਢਾਡੀਆਂ, ਦੋਹਵਾਂ ਨੇ ਹੀ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਹੜਕੰਪ ਮਚਾਇਆ ਤੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਜਮ ਕੇ ਨਾਅਰੇਬਾਜ਼ੀ ਕੀਤੀ ਜਦੋਂ ਪਾਠੀ ਸਿੰਘ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ, ਸ੍ਰੀ ਅਕਾਲ ਤਖ਼ਤ ਸਾਹਿਬ ਨੇੜੇ ਸੁਖ ਆਸਨ ਵਾਲੀ ਥਾਂ ਕੋਲ, ਰੋਸ ਵਿਖਾਵਾ ਕਰ ਰਹੇ ਸਨ, ਉਸ ਵੇਲੇ ਸ਼ਰਧਾਲੂ ਸਿੱਖ ਸੰਗਤਾਂ, ਗੁਰੂ ਘਰ ਦੇ ਪਾਠੀਆਂ ਦੇ ਇਸ ਅੜੱਬ ਵਿਹਾਰ ਤੋਂ ਬੇਹੱਦ ਅਵਾਜ਼ਾਰ ਸਨ ਪਾਠੀਆਂ ਦੀ ਇਸ ਹੜਤਾਲ ਕਾਰਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਆਰੰਭ ਹੋਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਵੀ ਪ੍ਰਭਾਵਤ ਹੋਏ ਜਿਸ ਨਾਲ ਦੇਸ਼ ਵਿਦੇਸ਼ ਤੋਂ ਇਸ ਕਾਰਜ ਲਈ ਪੁੱਜੇ ਸਿੱਖ ਸ਼ਰਧਾਲੂਆਂ ਨੂੰ ਭਾਰੀ ਅਸੁਵਿਧਾ ਹੋਈ ਤੇ ਇਸ ਵਰਤਾਰੇ ਨਾਲ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ ਨੂੰ ਵੀ ਠੇਸ ਪਹੁੰਚੀ ਹੈ ਪਾਠੀ ਸਿੰਘਾਂ ਦੀ ਹੜਤਾਲ ਤੋਂ ਭਾਵ ਹੈ; ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਨਿਰਧਾਰਤ ਸਮੇਂ ਤੇ ਜਾਣ-ਬੁੱਝ ਕੇ, ਰੋਸ ਵੱਜੋਂ ਇਨਕਾਰੀ ਹੋਣਾ। ਸਿੱਖ ਧਰਮ ਦੇ ਵਿਸ਼ਵਾਸ਼ ਅਨੁਸਾਰ ਜੋ ਸ਼ਬਦ ਨੂੰ ਹੀ ਗੁਰੂ ਮੰਨਦਾ ਹੋਵੇ, ਉਸ ਗੁਰੂ ਘਰ ਦੇ ਪਾਠੀ ਦਾ ਇਸ ਤੋਂ ਵੱਧ ਮਰਿਆਦਾਹੀਣ ਵਿਹਾਰ ਹੋਰ ਕੀ ਹੋ ਸਕਦਾ? ਸਮੁੱਚੀ ਸਿੱਖ ਸੰਗਤ ਜਾਨਣਾ ਚਾਹੁੰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ, ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ, ਪਾਠੀਆਂ ਦੇ ਇਸ ਅਸਿੱਖ ਵਰਤਾਰੇ ਹੁਣ ਤੱਕ ਸਖ਼ਤ ਨੋਟਿਸ ਕਿਉਂ ਨਹੀਂ ਲਿਆ? ਇਸੇ ਤਰ੍ਹਾਂ ਢਾਡੀ ਸਿੰਘਾਂ ਦੀਆਂ ਜੱਥੇਬੰਦੀਆਂ ਦੇ ਪਰਸਪਰ ਟਕਰਾਓ ਵਿੱਚ ਵੀ ਨਾਅਰੇਬਾਜ਼ੀ, ਧਰਨੇ ਤੇ ਮਰਨ ਵਰਤ ਦੀਆਂ ਧਮਕੀਆਂ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਅਜੇਹੀ ਸ਼ਰਮਨਾਕ ਸਥਿੱਤੀ ਪੈਦਾ ਕੀਤੀ ਜਿਸ ਕਾਰਨ ਹਰ ਸ਼ਰਧਾਵਾਨ ਸਿੱਖ ਨੂੰ ਇਨਸਾਨੀ ਸਮਾਜ ਦੀਆਂ ਨਜ਼ਰਾਂ ਵਿੱਚ ਸ਼ਰਮਿੰਦਾ ਹੋਣਾਂ ਪੈ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ, ਸ਼ਰਧਾਲੂ ਸਿੱਖ ਸੰਗਤਾਂ ਦੀ ਹਾਜ਼ਰੀ ਵਿੱਚ, 'ਪੰਥ' ਦੇ ਢਾਡੀਆਂ ਦਾ ਸਟੇਜ ਤੇ ਮਹਿਜ਼ ਸਮਾਂ ਲੈਣ ਲਈ ਸ਼ੋਰ ਪਾਉਣਾਂ ਤੇ ਆਪਸ ਵਿੱਚ ਭਿੜਨਾ ਭਲਾ ਕਿੱਥੋਂ ਦੀ ਮਰਿਆਦਾ ਹੈ? ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਪ੍ਰਵੇਸ਼ ਕਰਨ ਸਾਰ ਹੀ ਭਾਵੇਂ ਕੋਈ ਸ਼ਰਧਾਲੂ ਹੋਵੇ ਜਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਰੁਤਬੇਦਾਰ ਜਾਂ ਫੇਰ ਮੁਲਾਜ਼ਮ ਹੋਵੇ ਜਾਂ ਕੋਈ ਕਿੰਨਾਂ ਵੀ ਵੱਡਾ ਰਾਗੀ, ਢਾਡੀ ਜਾਂ ਪਾਠੀ ਹੋਵੇ, ਅਜਿਹੇ ਹਰ ਵਿਅਕਤੀ ਲਈ ਇਹ ਲਾਜ਼ਮ ਹੈ ਕਿ ਉਹ ਦਰਬਾਰ ਸਾਹਿਬ ਸਮੂਹ ਦੀ ਧਾਰਮਿਕ ਮਰਿਆਦਾ ਅਨੁਸਾਰ ਆਜ਼ਜ਼ੀ ਅਦਬ ਤੇ ਨਿਮਰਤਾ ਸਾਹਿਤ ਹੀ ਵਿਚਰੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਹਰ ਵਿਅਕਤੀ ਲਈ ਇਸ ਮਰਿਆਦਾ ਦਾ ਇੰਨ-ਬਿੰਨ ਪਾਲਣ, ਹਰ ਹਾਲ ਵਿੱਚ ਜ਼ਰੂਰੀ ਹੈ।



ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਅਜੇਹੀਆਂ ਨਾਜ਼ੁਕ ਸਥਿੱਤੀਆਂ ਵੱਲ, ਉਹ ਸਮਾਂ ਰਹਿੰਦਿਆਂ ਤਵੱਜੋ ਦੇਣ ਤੇ ਸਾਵਧਾਨੀ ਤੋਂ ਕੰਮ ਲੈਂਦੇ ਹੋਏ ਸਭਨਾਂ ਨਾਲ ਪੂਰਨ ਨਿਆਂ ਕਰਨ ਗੁਰੂ ਘਰ ਦੇ ਸਮਰਪਤ ਪਾਠੀਆਂ ਦੀਆ ਆਰਥਿਕ ਲੋੜਾਂ ਅਤੇ ਤੰਗੀਆਂ ਤੁਰਸ਼ੀਆਂ ਵੱਲ ਧਿਆਨ ਦੇਣਾ ਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਬੰਧਕ ਜ਼ਿੰਮੇਵਾਰੀਆ ਵਿਚ ਸ਼ਾਮਲ ਹੈ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਤਾਂ ਕਿਸੇ ਕਿਸਮ ਦੇ ਤਲਖ਼ ਤਕਰਾਰ ਦੀ ਨੌਬਤ ਹੀ ਨਹੀਂ ਆਉਣੀ ਚਾਹੀਦੀ, ਪਰ ਜੇ ਕਦੇ ਕਦਾਈਂ ਅਜੇਹਾ ਸੰਕਟ ਖੜ੍ਹਾ ਹੋ ਵੀ ਜਾਵੇ ਤਾਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ, ਅਜੇਹੀ ਸੰਕਟਮਈ ਸਥਿੱਤੀ ਦੇ ਨਿਪਟਾਰੇ ਲਈ ਸਾਡਾ ਉਚਿੱਤ ਮਾਰਗ ਦਰਸ਼ਨ ਕਰਦੇ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ, ਇਸ ਸ਼ਬਦ ਨੂੰ ਵਿਚਾਰਨ ਦੀ ਲੋੜ ਹੈ;

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥
(ਅੰਗ ੩੭੧)

(ਭਾਵ ਅਜੇਹੀ ਸਥਿੱਤੀ ਵਿੱਚ ਪਹਿਲਾ ਮਸ਼ਵਰਾ ਇਹ ਹੈ ਕਿ ਚਿੱਠੀ ਪੱਤ੍ਰ ਕਰੋ, ਜੇ ਚਿੱਠੀ ਪੱਤ੍ਰ ਰਾਸ ਨਾ ਆਵੇ ਤਾਂ ਦੋ ਜ਼ਿੰਮੇਵਾਰ ਦੂਤ ਭੇਜੋ ਤੇ ਗੱਲ-ਬਾਤ ਕਰੋ ਤੇ ਜੇ ਫੇਰ ਵੀ ਉਲਝੀ ਤਾਣੀ ਨਾਂ ਸੁਲਝੇ ਤਾਂ ਕੋਈ ਤੀਸਰਾ ਹੋਰ ਵਧੇਰੇ ਅਸਰ ਵਾਲਾ ਉਪਾਓ ਸੋਚਿਆ ਜਾਵੇ। ਵਾਹਿਗੁਰੂ 'ਤੇ ਭਰੋਸਾ ਰੱਖਣ ਵਾਲੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮੈਂ ਤਾਂ ਕੇਵਲ ਉਸੇ ਨੂੰ ਯਾਦ ਕਰਦਾ ਹਾਂ ਤੇ ਉਸੇ ਦਾ ਮੈਨੂੰ ਓਟ ਆਸਰਾ ਹੈ)

ਹੁਣ ਸਵਾਲ ਉੱਠਦਾ ਹੈ ਕਿ ਇਨ੍ਹਾਂ ਪਾਠੀ ਸਿੰਘਾਂ ਅਤੇ ਢਾਡੀ ਸਿੰਘਾਂ ਦੀਆਂ ਮੰਗਾਂ ਵਿੱਚ ਕਿੰਨਾਂ ਵੀ ਤਰਕ ਕਿਉਂ ਨਾ ਹੋਵੇ ਪਰ ਇਨ੍ਹਾਂ ਸਭਨਾ ਨੂੰ ਏਨੀ ਕੁ ਸਮਝ ਤਾਂ ਹੋਣੀ ਹੀ ਚਾਹੀਦੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ, ਚੰਡੀਗੜ੍ਹ ਦਾ ਮਟਕਾ ਚੌਂਕ ਨਹੀਂ ਹੈ ਤੇ ਨਾ ਹੀ ਇਹ ਦਿੱਲੀ ਦਾ ਜੰਤਰ-ਮੰਤਰ ਹੈ, ਜਿੱਥੇ ਤੁਸੀਂ ਵਿਖਾਵੇ, ਧਰਨੇ ਅਤੇ ਆਪਣੀਆਂ ਮੰਗਾਂ ਲਈ ਨਾਅਰੇਬਾਜ਼ੀ ਕਰ ਸਕਦੇ ਹੋ ਦਰਬਾਰ ਸਾਹਿਬ ਕਿਸੇ ਟਰੇਡ-ਯੂਨੀਅਨ ਜਾਂ ਮਜ਼ਦੂਰ-ਸੰਘ ਦਾ ਮੰਚ ਨਹੀਂ, ਇਹ ਦੇਸ਼-ਵਿਦੇਸ਼ ਵੱਸਦੇ ਕ੍ਰੋੜਾਂ ਸ਼ਰਧਾਵਾਨ ਸਿੱਖਾਂ ਦੀ ਧਾਰਮਿਕ ਆਸਥਾ ਦੀ ਅੰਤਿਮ ਦਰਗਾਹ ਹੈ। ਸੱਤ ਸਮੁੰਦਰ ਪਾਰ ਕਰਕੇ ਸ਼ਰਧਾਵਾਨ ਪ੍ਰਾਣੀ, ਦੂਰ ਦੁਰਾਡਿਓਂ ਲੰਮੇਂ ਪੈਂਡੇ ਤਹਿ ਕਰਕੇ ਤੇ ਆਪਣੇ ਮਨਾਂ ਵਿੱਚ ਅਨੇਕਾਂ ਆਰਜ਼ੂਆਂ ਲੈ ਕੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਆਉਂਦੇ ਹਨ ਤੇ ਜੇ ਅੱਗੋਂ ਗੁਰੂ ਘਰ ਦੇ ਪਾਠੀ ਹੜਤਾਲ ਤੇ ਹੋਵਣ ਤੇ ਨਾਅਰੇਬਾਜ਼ੀ ਕਰ ਰਹੇ ਹੋਵਣ ਤੇ ਗੁਰੂ ਘਰ ਦੇ ਢਾਡੀ ਧਾਰਮਿਕ ਸਟੇਜ ਤੇ ਹੀ ਝਗੜ ਰਹੇ ਹੋਣ ਤਾਂ ਇਹ ਸ਼ਰਧਾਲੂ, ਸਾਡੀ ਮਰਿਆਦਾ ਦਾ ਕੀ ਪਰਭਾਵ ਲੈ ਕੇ ਜਾਣਗੇ? ਕੀ ਅਜਿਹੇ ਵਰਤਾਰਿਆਂ ਨੂੰ ਅਣਗੌਲ਼ਿਆ ਕੀਤਾ ਜਾ ਸਕਦਾ ਹੈ? ਕੀ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤੁਰਤ ਵਿਚਾਰਨ ਯੋਗ ਨਹੀਂ ਹੈ?

ਇਹ ਠੀਕ ਹੈ ਕਿ ਗੁਰੂ ਘਰਾਂ ਦੇ ਪਾਠੀ, ਰਾਗੀ ਤੇ ਢਾਡੀ, ਸਿੱਖ ਸੰਗਤਾਂ ਦੇ ਸਤਿਕਾਰ ਦੇ ਪਾਤਰ ਹਨ, ਪਰ ਇਹ ਪਾਤਰਤਾ ਇੱਕ ਪਾਸੜ ਨਹੀਂ ਹੈ। ਸਿੱਖੀ ਸਿਦਕ ਦੇ ਮੁੱਢ ਕਦੀਮੀ ਮਾਪਦੰਡਾ ਅਨੁਸਾਰ, ਉਨ੍ਹਾਂ ਦੇ ਬਹੁਤ ਸਾਰੇ ਫਰਜ਼ ਵੀ ਬਣਦੇ ਹਨ ਜਿਨ੍ਹਾਂ ਦਾ ਮਰਿਆਦਾਪੂਰਵਕ ਪਾਲਣ ਕਰਨਾ ਉਨ੍ਹਾਂ ਦਾ ਫ਼ਰਜ਼-ਏ-ਅੱਵਲ ਹੈ ਸਿੱਖ ਧਰਮ ਦੇ ਰੂਹਾਨੀ ਗਿਆਨ ਮਾਰਗ ਦੇ ਬੋਧ ਨਾਲ ਜੁੜੇ ਹੋਣ ਕਾਰਨ ਇਨ੍ਹਾਂ ਪਾਠੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਿੱਖ ਧਰਮ ਦੀ ਅਧਿਆਤਮਿਕਤਾ ਨਾਲ ਜੁੜੀ ਜੀਵਨਜਾਚ ਨੂੰ ਪ੍ਰਤਿਬਿੰਬਤ ਕਰਨ ਅਤੇ ਉਸ ਦੇ ਆਸ਼ਿਆਂ ਅਨੁਸਾਰ ਹੀ ਆਪਣੀ ਜੀਵਨ ਮਰਿਆਦਾ ਨੂੰ ਸੰਗਤਾਂ ਵਿੱਚ ਪ੍ਰਦਰਸ਼ਤ ਕਰਨ ਅੱਜ ਸਾਰਾ ਸੰਸਾਰ ਜੀਵਨ ਦੇ ਕਲੇਸ਼ਾਂ ਤੋਂ ਮੁਕਤੀ ਪਾਉਂਣ, ਤਨ ਤੇ ਮਨ ਦੇ ਸਹਿਜ ਲਈ ਤੇ ਸੁੱਖ-ਸ਼ਾਤੀ ਲਈ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਡੂੰਘੀ ਆਸਥਾ ਨਾਲ ਨਤਮਸਤਕ ਹੁੰਦਾ ਹੈ, ਪਰ ਜੇ ਅੱਗੋਂ ਪਾਠੀਆਂ ਤੇ ਢਾਡੀਆਂ ਦੇ ਕਾਟੋ-ਕਲੇਸ਼ ਦੇ ਅਸਹਿਜ ਵਰਤਾਰੇ ਦੇਖਣ ਨੂੰ ਮਿਲਣ, ਤਾਂ ਇਸ ਨਾਲ ਯਕੀਨਨ ਸਾਡੀ ਧਾਰਮਿਕ ਮਰਿਆਦਾ ਨੂੰ ਵੱਡੀ ਠੇਸ ਪਹੁੰਚਦੀ ਹੈ।

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਨ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਫ਼ਾਸਲਾ ਏਨਾ ਜ਼ਿਆਦਾ ਨਾ ਹੋਵੇ ਕਿ ਸ੍ਰੀ ਅਕਾਲ ਤਖ਼ਤ, ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਰੂਹਾਨੀਅਤ ਦੇ ਨੂਰ ਦੇ ਆਭਾ ਮੰਡਲ 'ਚੋਂ ਬਾਹਰ ਚਲਾ ਜਾਵੇ। ਭਾਵੇਂ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿੱਤ ਦੀ ਮਰਿਆਦਾ ਵਿੱਚ ਕੁੱਝ ਸੂਖਮ ਅੰਤਰ ਜ਼ਰੂਰ ਹਨ, ਪਰ ਸ੍ਰੀ ਅਕਾਲ ਤਖ਼ਤ, ਸ੍ਰੀ ਹਰਿਮੰਦਰ ਸਾਹਿਬ ਦੇ ਰੂਹਾਨੀ ਨੂਰ ਤੋਂ ਜੁਦਾ ਨਹੀਂ ਹਨ।

ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗੁਜਰਾਤ ਫੇਰੀ ਸਮੇਂ ਦਾ ਇੱਕ ਸੰਵਾਦ, ਮਹੱਤਵਪੂਰਨ ਤਰਕਵਾਰਤਾ ਵੱਜੋਂ ਜਾਣਿਆ ਜਾਂਦਾ ਹੈ, ਏਥੋਂ ਦਾ ਇੱਕ ਜਹਾਂਗੀਰੀ ਸ਼ਾਹ ਫਕੀਰ ਸੀ ਜੋ ਵੱਡਾ ਕਰਾਮਾਤੀ ਮੰਨਿਆ ਹੋਇਆ ਸੀ, ਉਸ ਨੇ ਗੁਰੂ ਜੀ ਪਾਸ ਪਹੁੰਚ ਕੇ ਉਨ੍ਹਾਂ ਦੀ ਅਜ਼ਮਤ ਤੇ ਦਾਨਾਈ ਪਰਖਣ ਲਈ ਗੁਰੂ ਜੀ ਨੂੰ ਇਹ ਅੱਠ ਸਵਾਲ ਕੀਤੇ; "(੧) ਹਿੰਦੂ ਕਯਾ ਤੇ ਪੀਰ ਕਯਾ? (੨) ਔਰਤ ਕਯਾ ਤੇ ਫਕੀਰ ਕਯਾ? (੩) ਦੌਲਤ ਕਯਾ ਤੇ ਤਯਾਗ ਕਯਾ? (੪) ਲੜਕੇ ਕਯਾ ਤੇ ਬੈਰਾਗ ਕਯਾ? (੫) ਆਰਫ਼ ਕਯਾ ਤੇ ਦੁਨੀਆਂਦਾਰ ਕਯਾ? (੬) ਮਜ਼ਬ ਕਯਾ ਤੇ ਸਚਿਯਾਰ ਕਯਾ? (੭) ਪੁਜਾਰੀ ਕਯਾ ਤੇ ਸਵਾਬ ਕਯਾ? (੮) ਮਾਰੂਥਲ ਤੇ ਆਬ ਕਯਾ?

ਗੁਰੂ ਹਰਗੋਬਿੰਦ ਸਾਹਿਬ ਨੇ ਇੱਕ-ਇੱਕ ਕਰਕੇ ਸ਼ਾਹ ਫਕੀਰ ਦੇ ਸਾਰੇ ਸਵਾਲਾਂ ਦੇ ਉੱਤਰ ਹੇਠ ਲਿਖੇ ਅਨੁਸਾਰ ਦਿੱਤੇ;

(੧) ਪੀਰੀ ਰੱਬ ਦਾ ਦਾਨ ਹੈ। (੨) ਔਰਤ ਇਮਾਨ ਹੈ। (੩) ਦੌਲਤ ਗੁਜ਼ਰਾਨ ਹੈ। (੪) ਪੁਤ੍ਰ ਨਿਸ਼ਾਨ ਹੈ। (੫) ਆਰਫ਼ ਬੀਚਾਰ ਹੈ। (੬) ਮਜ਼ਬ ਸੁਧਾਰ ਹੈ। (੭) ਪੁਜਾਰੀ ਆਚਾਰ ਹੈ। (੮) ਮਾਰੂਥਲ ਮੇਂ ਜਲ ਕੁਦਰਤ ਕਰਤਾਰ ਹੈ।

ਗੁਰੂ ਹਰਗੋਬਿੰਦ ਸਾਹਿਬ ਜੀ ਪਾਸੋਂ ਇਹ ਸਾਰੇ ਉੱਤਰ ਸੁਣਕੇ ਫਕੀਰ ਗੁਰੂ ਜੀ ਦੇ ਚਰਨੀ ਢਹਿ ਪਿਆ ਤੇ ਬੁਲੰਦ ਆਵਾਜ਼ ਵਿੱਚ ਕਹਿਣ ਲੱਗ ਪਿਆ "ਨਾਨਕ ਫਕੀਰ, ਦੀਨ ਦੁਨੀ ਦੇ ਪੀਰ, ਨਾਨਕ ਫਕੀਰ, ਦੀਨ ਦੁਨੀ ਦੇ ਪੀਰ"! ਗੁਰੂ ਇਤਿਹਾਸ ਦੀ ਇਸ ਸਾਖੀ ਦਾ ਉਲੇਖ ਮਹਿਜ਼ ਇਸ ਲਈ ਕੀਤਾ ਹੈ ਤਾਂ ਕਿ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਦਿੱਤੇ ਛੇਵੇਂ ਅਤੇ ਸੱਤਵੇਂ ਸਵਾਲ ਦੇ ਉੱਤਰਾਂ ਤੇ ਧਿਆਨ ਕੇਂਦਰਿਤ ਕਰਦੇ ਹੋਏ, ਗੁਰੂ ਘਰ ਦੇ ਪਾਠੀਆਂ ਅਤੇ ਢਾਡੀ ਸਿੰਘਾਂ ਵੱਲੋਂ ਜਾਣੇ-ਅਣਜਾਣੇ ਹੋਈਆਂ ਭੁੱਲਾਂ ਤੇ ਅਸੰਜਮੀਂ ਵਰਤਾਰਿਆਂ ਦੀ, ਧਾਰਮਿਕ ਮਰਿਆਦਾ ਅਨੁਸਾਰ ਸੋਧ-ਸੁਧਾਈ ਕਰਨੀ ਬਣਦੀ ਹੈ।

# ਭਾਰਤ ਦੇ ਜੰਗੀ ਰੁਖ਼ ਨਾਲ ਸਿੱਝਣ ਲਈ ਹੀ ਪਰਮਾਣੂ ਹਥਿਆਰ ਤਿਆਰ ਕੀਤੇ : ਸ਼ਾਹਿਦ ਖ਼ਾਕਾਨ ਅੱਬਾਸੀ

**ਨਿਊਯਾਰਕ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖ਼ਾਕਾਨ ਅੱਬਾਸੀ ਨੇ ਕਿਹਾ ਕਿ ਉਨ੍ਹਾਂ ਦੇ ਮੁਲਕ ਨੇ ਭਾਰਤੀ ਫ਼ੌਜ ਦੇ 'ਕੋਲਡ ਸਟਾਰਟ' ਸਿਧਾਂਤ ਦੇ ਟਾਕਰੇ ਲਈ ਘੱਟ-ਰੇਂਜ ਵਾਲੇ ਪਰਮਾਣੂ ਹਥਿਆਰ ਤਿਆਰ ਕੀਤੇ ਹਨ। ਪਿਛਲੇ ਮਹੀਨੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਅਮਰੀਕਾ ਦੇ ਪਹਿਲੇ ਦੌਰੇ ਉਤੇ ਪੁੱਜੇ ਸ੍ਰੀ ਅੱਬਾਸੀ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਦਾ ਪਰਮਾਣੂ ਅਸਲਾਖ਼ਾਨਾ ਬਿਲਕੁਲ ਸੁਰੱਖਿਅਤ ਹੈ। ਅਮਰੀਕੀ ਅਦਾਰੇ 'ਕੌਂਸਲ ਫਾਰ ਫੌਰਨ ਰਿਲੇਸ਼ਨਜ਼' ਵਿੱਚ ਵਿਸ਼ੇਸ਼ ਗੱਲਬਾਤ ਦੌਰਾਨ ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ, "ਅਸੀਂ ਭਾਰਤ ਵੱਲੋਂ ਤਿਆਰ ਕੀਤੇ ਗਏ ਕੋਲਡ ਸਟਾਰਟ ਸਿਧਾਂਤ ਦੇ ਟਾਕਰੇ ਲਈ ਘੱਟ ਰੇਂਜ ਵਾਲੇ ਪਰਮਾਣੂ ਹਥਿਆਰ ਬਣਾਏ ਹਨ।" ਉਨ੍ਹਾਂ ਕਿਹਾ ਕਿ ਭਾਰਤ ਨੇ ਇਹ ਸਿਧਾਂਤ ਪਾਕਿਸਤਾਨ ਨਾਲ ਸੰਭਵ ਜੰਗ ਲਈ ਤਿਆਰ ਕੀਤਾ ਸੀ, ਜਿਸ ਤਹਿਤ ਫ਼ੌਜ ਦੇ ਵੱਖੋ-ਵੱਖਰੇ ਵਿੰਗ ਇਕ ਸਾਂਝੇ ਜੰਗੀ ਸਮੂਹ ਵਜੋਂ ਲੜਾਈ ਲੜਨਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਅਫ਼ਗਾਨਿਸਤਾਨ ਵਿੱਚ ਭਾਰਤ ਦਾ ਕੋਈ ਸਿਆਸੀ ਜਾਂ ਫ਼ੌਜ ਰੋਲ ਨਹੀਂ ਜਾਪਦਾ। ਗੌਰਤਲਬ ਹੈ ਕਿ ਕੁਝ ਹਫ਼ਤੇ ਪਹਿਲਾਂ ਅਮਰੀਕਾ ਦੇ ਸਦਰ ਡੋਨਾਲਡ ਟਰੰਪ ਨੇ ਅਫ਼ਗਾਨਿਸਤਾਨ ਵਿੱਚ ਅਮਨ ਤੇ ਸਥਿਰਤਾ ਲਈ ਭਾਰਤ ਤੋਂ ਸਹਿਯੋਗ ਮੰਗਿਆ ਸੀ। ਇਸ ਸਬੰਧੀ ਸਵਾਲ ਦੇ ਜਵਾਬ ਵਿੱਚ ਸ੍ਰੀ ਅੱਬਾਸੀ ਨੇ ਕਿਹਾ, "ਸਾਨੂੰ ਅਫ਼ਗਾਨਿਸਤਾਨ ਵਿੱਚ ਭਾਰਤ ਦਾ ਕੋਈ ਸਿਆਸੀ ਜਾਂ ਫ਼ੌਜੀ ਰੋਲ ਨਹੀਂ ਜਾਪਦਾ।" ਦਹਿਸ਼ਤਗਰਦ ਹਾਫਿਜ਼ ਸਈਦ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, "ਅਸੀਂ ਉਸ ਖ਼ਿਲਾਫ਼ ਕਾਰਵਾਈ ਕੀਤੀ ਹੈ। ਉਹ ਘਰ ਵਿੱਚ ਨਜ਼ਰਬੰਦ ਹੈ।" ਇਕ ਹੋਰ ਸਵਾਲ ਦੇ ਜਵਾਬ ਵਿੱਚ ਉਨ੍ਹਾਂ



ਬਾਕੀ ਸਫ਼ਾ 31 'ਤੇ

# ਮੈਕਸੀਕੋ 'ਚ ਭੂਚਾਲ ਨੇ ਲਈਆਂ 225 ਜਾਨਾਂ

## *ਸਕੂਲੀ ਇਮਾਰਤ ਡਿੱਗਣ ਕਾਰਨ 21 ਬੱਚੇ ਹਲਾਕ*

**ਮੈਕਸੀਕੋ ਸਿਟੀ/ਬਿਊਰੋ ਨਿਊਜ਼ :** ਮੈਕਸੀਕੋ ਵਿੱਚ 7.1 ਦੀ ਤੀਬਰਤਾ ਵਾਲੇ ਭੂਚਾਲ ਕਾਰਨ ਘੱਟੋ ਘੱਟ 225 ਵਿਅਕਤੀ ਮਾਰੇ ਗਏ, ਜਿਨ੍ਹਾਂ ਵਿੱਚ ਇਕ ਐਲੀਮੈਂਟਰੀ ਸਕੂਲ ਦੇ 21 ਬੱਚੇ ਸ਼ਾਮਲ ਹਨ। ਇਹ ਸਕੂਲ ਮਲਬੇ ਵਿੱਚ ਤਬਦੀਲ ਹੋ ਗਿਆ। ਇਸ ਤਬਾਹੀ ਦੇ ਮੰਜ਼ਰ ਨੇ 1985 ਵਿੱਚ ਇਸੇ ਦਿਨ ਹੀ ਆਏ ਭੂਚਾਲ ਦੀਆਂ ਹੌਲਨਾਕ ਯਾਦਾਂ ਚੇਤੇ ਕਰਵਾ ਦਿੱਤੀਆਂ। ਸਭ ਤੋਂ ਭਿਆਨਕ ਦ੍ਰਿਸ਼ ਮੈਕਸੀਕੋ ਸਿਟੀ ਦੇ ਦੱਖਣੀ ਪਾਸੇ ਐਨਰਿਕ ਰੇਬਸੈਮਨ ਪ੍ਰਾਇਮਰੀ ਸਕੂਲ ਦਾ ਸੀ, ਜਿੱਥੇ ਤਿੰਨ ਮੰਜ਼ਿਲਾਂ ਦੀਆਂ ਛੱਤਾਂ ਡਿੱਗ ਗਈਆਂ, ਜਿਸ ਹੇਠ ਵਿਦਿਆਰਥੀ ਤੇ ਅਧਿਆਪਕ ਦਬ ਗਏ। ਮੈਕਸੀਕੋ ਜਲ ਸੈਨਾ ਦੇ ਮੇਜਰ ਜੋਸ ਲੂਈਸ ਵਰਗਾਰਾ ਨੇ ਕਿਹਾ ਕਿ 21 ਬੱਚੇ ਅਤੇ ਪੰਜ ਬਾਲਗਾਂ ਦੀ ਮੌਤ ਹੋਈ। ਜਲ ਸੈਨਾ ਨੂੰ ਰਾਹਤ ਕਾਰਜਾਂ ਵਿੱਚ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਫਸੇ 30-40 ਵਿਅਕਤੀਆਂ ਨੂੰ ਕੱਢਿਆ ਗਿਆ ਹੈ, ਜਦੋਂ ਕਿ ਹੁਣ ਤੱਕ 11 ਬੱਚਿਆਂ ਨੂੰ ਵੀ ਬਚਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਐਮਰਜੈਂਸੀ ਕਾਮਿਆਂ ਨੂੰ ਮਲਬੇ ਹੇਠੋਂ ਇਕ ਅਧਿਆਪਕ ਤੇ ਵਿਦਿਆਰਥੀ ਜ਼ਿੰਦਾ ਮਿਲਿਆ ਅਤੇ ਉਨ੍ਹਾਂ ਨੂੰ ਕੱਢਣ ਲਈ ਕੋਸ਼ਿਸ਼ਾਂ ਚੱਲ ਰਹੀਆਂ ਹਨ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਮਲਬੇ ਹੇਠ ਦਬੇ ਇਕ ਬੱਚੇ ਨੂੰ ਸੈਨਿਕ ਟਿਊਬ ਰਾਹੀਂ ਆਕਸੀਜਨ ਪਹੁੰਚਾ ਰਹੇ ਹਨ। ਮੌਕੇ ਉਤੇ ਪੁੱਜੇ ਰਾਸ਼ਟਰਪਤੀ ਐਨਰਿਕ ਪੇਨਾ ਨੀਟੋ ਨੇ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਜ਼ਾਹਰ ਕੀਤਾ।

# Sir Speedy Tustin®

Printers to the Community

## Outdoor 3'x11' Promo Flag

SUBWAY eat fresh. / OPEN 24 HOURS 7 ELEVEN / DRY CLEANER / LIQUOR / PIZZA

**Only $29/-**

Pole & Spike $55/-

## Outdoor 3'x6' Durable Banner

GURU NANAK SIKH TEMPLE FAIRFIELD
Visit Our Website:
www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books

ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
№ 1001

Customized with your information and design. 2 part carbonless with numbering and perforation.

**Call for Price**

## Retractable 33"x 80" Banner

LOVE Cartier

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

7 ELEVEN OPEN 24 HOURS
OPEN HOUSE! Welcome Century 21 Call Toll Free: 855 360-HOME

Includes H-stakes. Single sided, durable to sunlight and rain. Reusable!

**$49/- for 4**

## 11" Printed Balloons

ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps

YOUR LOGO HERE

1 color in 1 position. Min Qty. 100

**Only $4.99**

## Trip Envelopes Qty 1000

DAILY TRIP ENVELOPE

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

Thank You

South Asian Wedding Cards

CALL NOW

# ਕੌਮਾਂਤਰੀ ਪਰਵਾਸ: ਪੰਜਾਬੀਆਂ ਨੇ ਕੀ ਖੱਟਿਆ, ਕੀ ਗੁਆਇਆ ?

**ਡਾ. ਗਿਆਨ ਸਿੰਘ***
(ਸੰਪਰਕ: 001-609-721-0950)



ਕੌਮਾਂਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਜਿਵੇਂ ਬਿਹਤਰ ਜ਼ਿੰਦਗੀ ਜਿਉਣ ਦਾ ਸੁਪਨਾ ਸਾਕਾਰ ਕਰਨਾ, ਪਰਿਵਾਰ ਨਾਲ ਇਕੱਠੇ ਰਹਿਣਾ, ਲੜਾਈਆਂ-ਝਗੜਿਆਂ ਜਾਂ ਵਾਤਾਵਰਣ ਵਿੱਚ ਵਿਗਾੜਾਂ ਤੋਂ ਬਚਣਾ ਆਦਿ। ਪਿਛਲੇ ਕੁਝ ਸਾਲਾਂ ਦੌਰਾਨ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਅਤੇ ਅਨੁਪਾਤ ਵਿੱਚ ਵਾਧੇ ਦਾ ਰੁਝਾਨ ਦੇਖਿਆ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਸੰਨ 1990 ਵਿੱਚ 154 ਮਿਲੀਅਨ ਤੋਂ ਸੰਨ 2000 ਵਿੱਚ ਵਧ ਕੇ 175 ਮਿਲੀਅਨ ਹੋਈ ਹੋਣ ਦਾ ਅਨੁਮਾਨ ਹੈ। ਸੰਨ 2000 ਤੋਂ 2015 ਤਕ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਵਿੱਚ 41 ਫ਼ੀਸਦ ਵਾਧਾ ਦਰਜ ਹੋਇਆ ਜੋ ਦੁਨੀਆ ਵਿੱਚ ਆਬਾਦੀ ਦੀ ਵਾਧਾ ਦਰ ਨਾਲੋਂ ਜ਼ਿਆਦਾ ਹੈ।

ਭਾਰਤ ਵਿੱਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ: ਪਹਿਲਾ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿੱਚ ਆਉਂਦੇ ਅਤੇ ਜ਼ਿਆਦਾਤਰ ਖਾੜੀ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ। ਦੂਜਾ, ਗ਼ੈਰ-ਹੁਨਰਮੰਦ, ਅਰਧ-ਹੁਨਰਮੰਦ, ਹੁਨਰਮੰਦ ਅਤੇ ਪੇਸ਼ਾਵਰ ਕਾਮੇ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਸਰਮਾਏਦਾਰ ਵਿਕਸਿਤ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ। ਪੰਜਾਬ ਵਿੱਚੋਂ ਵੀ ਭਾਰਤ ਵਾਗ ਦੋਵੇਂ ਤਰ੍ਹਾਂ ਦੇ ਕਾਮਿਆਂ ਦਾ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ। ਇਸ ਪਰਵਾਸ ਦਾ ਮੁੱਖ ਕਾਰਨ ਦੇਸ਼ ਵਿੱਚ ਰੁਜ਼ਗਾਰ ਰਹਿਤ ਆਰਥਿਕ ਵਿਕਾਸ ਹੋਣਾ ਹੈ। ਇਸ ਕਰਕੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਉਸ ਦਾ ਮਿਆਰ (ਆਮਦਨ) ਬਹੁਤ ਨੀਵਾਂ ਹੈ।

ਜਿੱਥੇ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸੀਆਂ ਨੇ ਆਪਣੇ ਨਿੱਜ, ਸੂਬੇ ਅਤੇ ਦੇਸ਼ ਵਾਸਤੇ ਕਮਾਇਆ, ਉੱਥੇ ਗੁਆਇਆ ਵੀ ਹੈ। ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਕਾਮਿਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ, ਸਗੋਂ ਗਦਰ ਲਹਿਰ ਨੂੰ ਜਨਮ ਦਿੱਤਾ ਅਤੇ ਪ੍ਰਫੁੱਲਤ ਵੀ ਕੀਤਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਕੀਮਤੀ ਯੋਗਦਾਨ ਪਾਇਆ। ਖਾੜੀ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਪੰਜਾਬੀ ਕਾਮੇ, ਜੋ ਜ਼ਿਆਦਾਤਰ ਗ਼ੈਰ-ਹੁਨਰਮੰਦ ਜਾਂ ਅਰਧ-ਹੁਨਰਮੰਦ ਸ਼ੇ ?ਣੀਆਂ ਵਿੱਚ ਆਉਂਦੇ ਹਨ, ਲਗਾਤਾਰ ਆਪਣੇ ਪਰਿਵਾਰਾਂ ਨੂੰ ਆਪਣੀ ਕਮਾਈ ਭੇਜਦੇ ਰਹੇ। ਇਸ ਤਰ੍ਹਾਂ ਦਾ ਰੁਝਾਨ ਹੁਣ ਤਕ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ।

ਪਰਵਾਸੀ ਪੰਜਾਬੀਆਂ ਵੱਲੋਂ ਬਾਹਰਲੇ ਦੇਸ਼ਾਂ ਵਿੱਚੋਂ ਕਮਾਈਆਂ ਕਰਕੇ ਭੇਜੀਆਂ ਰਕਮਾਂ ਨਾਲ ਜਿੱਥੇ ਇਨ੍ਹਾਂ ਦੇ ਆਪਣੇ ਪਰਿਵਾਰ ਖ਼ੁਸ਼ਹਾਲ ਹੋਏ, ਉੱਥੇ ਇਨ੍ਹਾਂ ਨੇ ਪੰਜਾਬ ਅਤੇ ਭਾਰਤ ਦੀ ਆਰਥਿਕ ਤਰੱਕੀ ਵਿੱਚ ਵੀ ਭਰਵਾਂ ਯੋਗਦਾਨ ਪਾਇਆ ਜਿਸ ਦਾ ਫ਼ਾਇਦਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਹੋਇਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਪਿੰਡਾਂ ਤੇ ਇਲਾਕਿਆਂ ਦੇ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਹੋਰ ਸਮਾਜਿਕ ਮਹੱਤਵ ਦੇ ਕਾਰਜਾਂ ਵਿੱਚ ਵੀ ਯੋਗਦਾਨ ਪਾਇਆ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਜਾ ਕੇ ਵਸੇ ਹੋਏ ਕੁਝ ਪਰਵਾਸੀ, ਨਵੇਂ ਪਰਵਾਸੀਆਂ ਦੀ ਮਦਦ ਵੀ ਕਰਦੇ ਹਨ। ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਹੋਏ ਦੂਜੇ ਦੇਸ਼ਾਂ ਵਿੱਚ ਉੱਚੇ ਰਾਜਸੀ ਅਹੁਦੇ ਅਤੇ ਹੋਰ ਵੱਡੀਆਂ ਪਦਵੀਆਂ ਪ੍ਰਾਪਤ ਕਰ ਰਹੇ ਹਨ। ਇਸ ਸੰਬੰਧ ਵਿੱਚ ਸ੍ਰੀ ਐੱਸ.ਪੀ. ਸਿੰਘ ਓਬਰਾਏ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਜਿਨ੍ਹਾਂ ਦੀ ਹਿੰਮਤ ਅਤੇ ਸਹਾਇਤਾ ਨਾਲ ਬਹੁਤ ਸਾਰੇ ਪੰਜਾਬੀਆਂ ਦੀ ਜਾਨ ਬਚੀ ਹੈ।



ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਕਰਨ ਵਾਲਿਆਂ ਨੇ ਆਪਣੇ, ਸੂਬੇ ਅਤੇ ਦੇਸ਼ ਲਈ ਜੋ ਕਮਾਇਆ, ਉਸ ਨਾਲੋਂ ਜ਼ਿਆਦਾ ਗੁਆਇਆ ਅਤੇ ਉਸ ਦੀ ਸੂਚੀ ਕਾਫ਼ੀ ਲੰਬੀ ਹੈ। ਇਸ ਲੇਖ ਵਿੱਚ ਇਸ ਸੂਚੀ ਵਿੱਚੋਂ ਕੁੱਝ ਮੁੱਖ ਪੱਖਾਂ ਦਾ ਸੰਖੇਪ ਜਿਹਾ ਜ਼ਿਕਰ ਹੈ। ਪੰਜਾਬ ਵਿੱਚੋਂ ਜਿਹੜੇ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਨੇ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਕੀਤਾ, ਬਾਅਦ ਵਿੱਚ ਉਹ ਉਨ੍ਹਾਂ ਦੇਸ਼ਾਂ ਵਿੱਚ ਹੀ ਵਸ ਗਏ। ਉਸ ਨਾਲ ਪੰਜਾਬ ਵਿੱਚੋਂ ਇਨ੍ਹਾਂ ਹੁਨਰਮੰਦ ਅਤੇ ਲਿਆਕਤ ਵਾਲੇ ਕਾਮਿਆਂ ਦਾ ਪੱਕਾ ਨਿਕਾਲ ਹੋ ਗਿਆ ਜੋ ਪੰਜਾਬ ਅਤੇ ਭਾਰਤ ਲਈ ਇੱਕ ਵੱਡਾ ਘਾਟਾ ਹੈ। ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਇਹ ਜੇ ਪਜਾਬ ਵਿੱਚ ਰਹਿੰਦੇ ਤਾਂ ਇਨ੍ਹਾਂ ਨੇ ਇਧਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਰੁਲ ਜਾਣਾ ਸੀ। ਇਸ ਦਲੀਲ ਵਿੱਚ ਅੰਸ਼ਿਕ ਸੱਚਾਈ ਤਾਂ ਹੈ, ਪਰ ਇਸ ਦਾ ਧਿਆਨ ਮੰਗਦਾ ਪੱਖ ਇਹ ਹੈ ਕਿ ਇਨ੍ਹਾਂ ਦੇ ਹੁਨਰ ਅਤੇ ਲਿਆਕਤ ਦੇ ਵਿਕਾਸ ਵਿੱਚ ਸਾਡੇ ਇਥੋਂ ਦੇ ਸਮਾਜ ਤੇ ਸਰਕਾਰ ਵੱਲੋਂ ਪਾਇਆ ਯੋਗਦਾਨ ਕਿੱਥੇ ਗਿਆ ? ਇਨ੍ਹਾਂ ਲਈ ਸਮਾਜ ਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਸਤੀ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ ਕੌਣ ਕਰੇਗਾ ? ਗੱਲ ਸਿਰਫ਼ ਬਰੇਨ-ਡਰੇਨ ਉੱਪਰ ਹੀ ਨਹੀਂ ਮੁੱਕਦੀ। ਸੂਚਨਾ ਤਕਨਾਲੌਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿੱਚੋਂ ਹੁਨਰਮੰਦ ਅਤੇ ਪੇਸ਼ੇਵਰ ਕਾਮਿਆਂ ਦੇ ਬਾਹਰਲੇ ਦੇਸ਼ਾਂ ਵਿੱਚ ਜਾਣ ਨਾਲ ਦੇਸ਼ਾਂ ਵਿੱਚੋਂ ਪੂੰਜੀ ਦਾ ਨਿਕਾਲ, ਜਿਸਨੂੰ ਕੈਪੀਟਲ-ਡਰੇਨ ਵੀ ਕਹਿੰਦੇ ਹਨ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਜਾਣ ਨਾਲ ਹੀ ਸ਼ੁਰੂ ਹੋ ਗਿਆ ਜਦੋਂਕਿ ਪਹਿਲਾਂ ਇਹ ਦੂਜੀ ਜਾਂ ਤੀਜੀ ਪੀੜ੍ਹੀ ਵਿੱਚ ਸ਼ੁਰੂ ਹੁੰਦਾ ਸੀ। ਇਸ ਤੋਂ ਵੱਧ ਦੁੱਖ ਵਾਲੀ ਗੱਲ ਵਿਦਿਆਰਥੀਆਂ ਦੇ ਸੰਬੰਧ ਵਿੱਚ ਹੈ। ਅੱਜਕਲ੍ਹ ਜਿੰਨੇ ਵੱਡੇ ਪੱਧਰ ਉੱਪਰ ਪੰਜਾਬ ਵਿੱਚੋਂ ਵਿਦਿਆਰਥੀ ਦੂਜੇ ਦੇਸ਼ਾਂ ਵਿੱਚ ਜਾ ਰਹੇ ਹਨ, ਉਸਦਾ ਇੱਕ ਮਾੜਾ ਪਹਿਲੂ ਇਨ੍ਹਾਂ ਵਿਦਿਆਰਥੀਆਂ ਨੂੰ ਨੀਵੇਂ ਮਿਆਰ ਦੀ ਦਿੱਤੀ ਜਾ ਰਹੀ ਪੜ੍ਹਾਈ ਦਾ ਵੀ ਹੈ।

ਪੰਜਾਬ ਵਿੱਚੋਂ ਪਰਵਾਸ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਗਏ ਲੋਕਾਂ ਵਿੱਚੋਂ ਕੁਝ ਸੱਜਣ, ਜਿਹੜੇ ਆਪਣੇ ਕਾਰੋਬਾਰਾਂ ਵਿੱਚ ਅੱਗੇ ਲੰਘ ਗਏ ਹਨ, ਆਪਣੇ ਮੁਨਾਫ਼ਿਆਂ ਨੂੰ ਵਧਾਉਣ ਲਈ ਪੰਜਾਬ ਤੋਂ ਪਰਵਾਸ ਕਰਕੇ ਆਏ ਵਿਦਿਆਰਥੀਆਂ, ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਵਿਅਕਤੀਆਂ ਦੀ ਹਰ ਤਰ੍ਹਾਂ ਦੀ ਲੁੱਟ ਕਰਦੇ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਇਨ੍ਹਾਂ ਦੇਸ਼ਾਂ ਵਿੱਚ ਲਿਆ ਕੇ ਬਹੁਤ ਹੀ ਘੱਟ ਤਨਖਾਹਾਂ ਦੇ ਕੇ ਕੰਮ ਕਰਵਾ ਰਹੇ ਹਨ। ਕਈ ਕੇਸ ਇਸ ਤਰ੍ਹਾਂ ਦੇ ਵੀ ਸਾਹਮਣੇ ਆ ਰਹੇ ਹਨ ਕਿ ਇਹਨਾਂ ਸੱਜਣਾਂ ਨੇ ਪੰਜਾਬ ਤੋਂ ਲਿਆਂਦੇ ਆਪਣੇ ਰਿਸ਼ਤੇਦਾਰਾਂ ਤੋਂ ਉਹਨਾਂ ਦੀਆਂ ਬੱਚਤਾਂ ਵਿੱਚੋਂ, ਜਿਹੜੀਆਂ ਉਹਨਾਂ ਨੇ ਆਪਣੇ ਢਿੱਡ ਨੂੰ ਗੱਠਾਂ ਦੇ ਕੇ ਕੀਤੀਆਂ ਹੁੰਦੀਆਂ ਹਨ, ਆਪਣੇ ਕਾਰੋਬਾਰ ਵਿੱਚ ਸਾਂਝ ਪੁਆਉਣ ਦੇ ਨਾਮ ਉੱਪਰ ਠੱਗੀਆਂ ਲਾਈਆਂ ਹਨ। ਇੱਥੇ ਹੀ ਬੱਸ ਨਹੀਂ, ਉਹ ਪੰਜਾਬ ਦੇ ਪਿੰਡਾਂ ਵਿੱਚ ਸਾਂਝੀਆਂ ਜਾਇਦਾਦਾਂ ਉੱਪਰ ਸਮਾਜਿਕ ਕੰਮਾਂ ਦੇ ਨਾਮ ਥੱਲੇ ਬਿਲਡਿੰਗਾਂ ਉਸਾਰ ਕੇ ਉਨ੍ਹਾਂ ਜਾਇਦਾਦਾਂ ਉੱਪਰ ਕਬਜਾ ਕਰ ਰਹੇ ਹਨ।

ਦੁਨੀਆ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਪੰਜਾਬ ਵਿੱਚੋਂ ਗਏ ਪਰਵਾਸੀਆਂ, ਖ਼ਾਸ ਕਰਕੇ ਕਾਰੋਬਾਰੀਆਂ ਦੀ ਆਮਦਨ ਪੰਜਾਬ ਦੇ ਮੁਕਾਬਲੇ ਕਈ ਗੁਣਾ ਵੱਧ ਹੈ। ਇਨ੍ਹਾਂ ਪਰਵਾਸੀਆਂ ਵਿੱਚੋਂ ਬਹੁਤ ਜ਼ਿਆਦਾ ਆਪਣੀ ਵਧੀ ਹੋਈ ਆਮਦਨ ਨੂੰ ਗ਼ੈਰ-ਉਤਪਾਦਕ ਦਿਖਾਵੇ ਦੇ ਕੰਮਾਂ ਉੱਪਰ ਖ਼ਰਚ ਰਹੇ ਹਨ। ਪੰਜਾਬ, ਖ਼ਾਸ ਕਰਕੇ ਪੇਂਡੂ ਇਲਾਕਿਆਂ ਵਿੱਚੋਂ ਕੌਮਾਂਤਰੀ ਪਰਵਾਸ ਖਾਂਦੇ-ਪੀਂਦੇ ਖੁਸ਼ਹਾਲ ਲੋਕਾਂ ਵਿੱਚੋਂ ਜ਼ਿਆਦਾ ਹੋਇਆ ਹੈ। ਇਸ ਦੇ ਨਤੀਜੇ ਵਜੋਂ ਇਨ੍ਹਾਂ ਲੋਕਾਂ ਦੀ ਸਮਾਜਿਕ ਸਰੋਕਾਰਾਂ ਵਿੱਚ ਭਾਗੀਦਾਰੀ ਅਤੇ ਬਣਦਾ ਜਾਇਜ਼ ਵਿਰੋਧ ਬਹੁਤ ਜ਼ਿਆਦਾ ਘਟਿਆ ਹੈ। ਨਤੀਜੇ ਵਜੋਂ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਵਿੱਦਿਆ, ਸਿਹਤ-ਸੰਭਾਲ ਅਤੇ ਹੋਰ ਸਾਂਝੇ ਕੰਮਾਂ ਦੇ ਸੰਬੰਧ ਵਿੱਚ ਉਹ ਤਰੱਕੀ ਨਹੀਂ ਹੋ ਸਕੀ ਜੋ ਇਨ੍ਹਾਂ ਦੀ ਭਾਗੀਦਾਰੀ ਅਤੇ ਬਣਦੇ ਜਾਇਜ਼ ਵਿਰੋਧ ਦੁਆਰਾ ਹੋਣੀ ਸੀ। ਕੌਮਾਂਤਰੀ ਪੰਜਾਬੀ ਪਰਵਾਸੀਆਂ ਨੇ ਪਰਵਾਸ ਵਾਲੇ ਦੇਸ਼ਾਂ ਵਿੱਚ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਦੀ ਬਜਾਇ ਧਾਰਮਿਕ ਸਥਾਨਾਂ ਉੱਪਰ ਜ਼ਿਆਦਾ ਖ਼ਰਚ ਕੀਤਾ ਹੈ। ਬਹੁਤ ਦੇਸ਼ਾਂ ਵਿੱਚ ਧਾਰਮਿਕ ਸਥਾਨ ਸਰਬ-ਸਾਂਝੇ ਨਾ ਹੋ ਕੇ ਟਰੱਸਟਾਂ ਜਾਂ ਮੈਂਬਰਾਂ ਦੀ ਜਾਇਦਾਦ ਹਨ ਜੋ ਇਹਨਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ। ਇਹਨਾਂ ਥਾਵਾਂ ਉੱਪਰ ਅਕਸਰ ਲੜਾਈ-ਝਗੜੇ ਹੁੰਦੇ ਹਨ। ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੀ ਆਮਦਨ ਨੂੰ ਵਧਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਦਾ ਸਹਾਰਾ ਲੈਂਦੇ ਹਨ ਜਿਸ ਵਿੱਚ ਨਸ਼ੇ ਵੇਚਣ ਦਾ ਜ਼ਿਕਰ ਕਰਨਾ ਬਣਦਾ ਹੈ। ਅਜਿਹੇ ਲੋਕ ਭਾਈਚਾਰੇ ਨੂੰ ਵੀ ਬਦਨਾਮ ਕਰਦੇ ਹਨ।

ਕੌਮਾਂਤਰੀ ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੇ ਬਜ਼ੁਰਗਾਂ ਨੂੰ ਆਪਣੇ ਕੋਲ ਲੈ ਜਾਂਦੇ ਹਨ। ਜਿਹੜੇ ਬਜ਼ੁਰਗਾਂ ਨੇ ਦਿਨ-ਰਾਤ ਇੱਕ ਕਰਕੇ ਅਤੇ ਆਪਣੀਆਂ ਨਿੱਜੀ ਖੁਸ਼ੀਆਂ ਦੇ ਗਲ ਘੁੱਟਕੇ ਬੱਚਿਆਂ ਨੂੰ ਬਹੁਤ ਜ਼ਿਆਦਾ ਖ਼ਰਚ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਭੇਜਿਆ ਹੁੰਦਾ ਹੈ, ਉਹ ਉਨ੍ਹਾਂ ਦੀ ਰਿਟਾਇਰਮੈਂਟ ਉਮਰ ਵਿੱਚ ਆਪਣੇ ਬੱਚੇ ਪਾਲਣ ਅਤੇ ਹੋਰ ਲੋਕਾਂ ਕੋਲ ਕੰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਪੰਜਾਬੀ ਪਰਵਾਸੀਆਂ ਵਿੱਚੋਂ ਕੁਝ ਲੋਕ ਅਤੇ ਇਨ੍ਹਾਂ ਦੇ ਜ਼ਿਆਦਾਤਰ ਬੱਚੇ ਆਪਣੀ ਮਾਂ-ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜੋ ਬਹੁਤ ਜ਼ਿਆਦਾ ਘਾਤਕ ਸਾਬਤ ਹੋ ਰਿਹਾ ਹੈ। ਇਨ੍ਹਾਂ ਪਰਵਾਸੀਆਂ ਵਿੱਚੋਂ ਕੁਝ ਲੋਕ ਪੰਜਾਬ ਵਾਂਗ ਹੀ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹਨ। ਪਾਖੰਡੀ ਬਾਬਿਆਂ ਵੱਲੋਂ ਅਖ਼ਬਾਰਾਂ ਜਾਂ ਟੀਵੀ ਚੈਨਲਾਂ ਉੱਪਰ ਪੰਜਾਬ ਨਾਲੋਂ ਕਿਤੇ ਵੱਧ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।

ਕੌਮਾਂਤਰੀ ਪੰਜਾਬੀ ਪਰਵਾਸੀ ਪੰਜਾਬ ਦੇ ਰਾਜਸੀ ਆਗੂਆਂ ਨਾਲ ਆਪਣਾ ਮੇਲ-ਜੋਲ ਵਧਾਉਣ ਅਤੇ ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ ਲਈ ਆਪਣੀ ਕਮਾਈ ਦਾ ਕੁਝ ਹਿੱਸਾ ਲਾ ਕੇ ਪੰਜਾਬ ਵਿੱਚ ਗੇੜੇ ਲਾਉਂਦੇ ਦੇਖੇ ਜਾ ਸਕਦੇ ਹਨ। ਇਹ ਨਜ਼ਾਰਾ ਚੋਣਾਂ ਮੌਕੇ ਅਕਸਰ ਹੀ ਦੇਖਿਆ ਜਾਂਦਾ ਹੈ। ਸਮਾਜ ਵਿੱਚ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਇਹ ਪਰਵਾਸੀ ਆਪਣੇ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭੋਗ ਅਤੇ ਹੋਰ ਰੀਤੀ-ਰਿਵਾਜਾਂ ਉੱਪਰ ਬੇਲੋੜਾ ਖ਼ਰਚ ਕਰਦੇ ਤੇ ਭੈਣ-ਭਰਾਵਾਂ ਨੂੰ ਬਰਾਬਰ ਦਾ ਖ਼ਰਚਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿੱਚੋਂ ਕੁਝ ਆਪਣੇ ਪਿੱਛੇ ਰਹਿ ਗਈਆਂ ਭੈਣਾਂ-ਭਾਈਆਂ ਦੀ ਜਾਇਦਾਦ ਉੱਪਰ ਕਾਨੂੰਨੀ ਅਤੇ ਸਮਾਜਿਕ ਤਰੀਕਿਆਂ ਨਾਲ ਕਾਬਜ ਵੀ ਹੋ ਜਾਂਦੇ ਹਨ।

ਕੌਮਾਂਤਰੀ ਪਰਵਾਸ ਨਾ ਤਾਂ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਬਣਦਾ ਹੈ, ਪਰ ਇਸ ਨੂੰ ਨਿਯੰਤਰਣ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਦੇ ਸੰਬੰਧ ਵਿੱਚ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਜਿਹੜੇ ਹੁਨਰਮੰਦ ਜਾਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ, ਉਹ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਪੜ੍ਹਾਈ ਜਾਂ ਸਿਖਲਾਈ ਉੱਪਰ ਸਮਾਜ ਅਤੇ ਸਰਕਾਰ ਵਲੋਂ ਕੀਤਾ ਗਿਆ ਖ਼ਰਚ ਵਾਪਸ ਕਰਨ। ਜੇਕਰ ਉਹ ਉੱਚ-ਵਿਦਿਆ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਤੋਂ ਹਲਫ਼ਨਾਮਾ ਲਿਆ ਜਾਵੇ ਕਿ ਦੇਸ਼ ਨਾ ਮੁੜਨ ਦੀ ਹਾਲਤ ਵਿੱਚ ਉਨ੍ਹਾਂ ਦੇ ਮਾਪੇ ਉਹ ਖ਼ਰਚ ਵਾਪਸ ਕਰਨ ਲਈ ਪਾਬੰਦ ਹੋਣਗੇ।

ਭਾਰਤ ਤੇ ਸੂਬਾ ਸਰਕਾਰਾਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦਾ ਮੋਹ ਤਿਆਗਦੇ ਹੋਏ ਲੋਕ ਅਤੇ ਦੇਸ਼-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਬਣਦਾ ਹੈ ਤਾਂ ਕਿ ਦੇਸ਼ ਵਿੱਚ ਹੀ ਲੋਕਾਂ ਦੀਆਂ ਲੋੜਾਂ ਅਨੁਸਾਰ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ। ਰੁਜ਼ਗਾਰ ਦੇ ਮਿਆਰ ਨੂੰ ਵੀ ਇੰਨਾ ਉੱਚਾ ਚੁੱਕਿਆ ਜਾਵੇ ਕਿ ਸਾਰੇ ਨਾਗਰਿਕ ਆਪਣੀ ਆਮਦਨ ਨਾਲ ਆਪਣੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਜਿਹੜੇ ਸੱਜਣ ਪਰਵਾਸ ਕਰਕੇ ਪੱਕੇ ਤੌਰ ਉੱਤੇ ਬਾਹਰਲੇ ਦੇਸ਼ਾਂ ਵਿੱਚ ਵਸ ਜਾਂਦੇ ਹਨ, ਉਨ੍ਹਾਂ ਨੂੰ ਆਪਣੀ ਮਾਤ- ਭੂਮੀ ਨੂੰ ਭੁੱਲਣਾ ਜਾਂ ਦੁਰਕਾਰਨਾ ਨਹੀਂ ਬਣਦਾ। ਜਿਹੜੇ ਲੋਕ ਆਪਣੇ ਪਿੱਛੇ ਨੂੰ ਭੁੱਲ ਜਾਂਦੇ ਹਨ, ਉਨ੍ਹਾਂ ਦਾ ਭਵਿੱਖ ਵੀ ਨਹੀਂ ਹੁੰਦਾ। ਇਸ ਸੰਬੰਧ ਵਿੱਚ ਯਹੂਦੀਆਂ ਤੋਂ ਸਬਕ ਸਿੱਖਣ ਦੀ ਸਖ਼ਤ ਲੋੜ ਹੈ।

* ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਇੰਟਰਨੈਸ਼ਨਲ ਪੰਜਾਬੀ ਪੀਜ਼ੈਂਟ ਦਾ ਸਲਾਨਾ ਸਮਾਗਮ 11 ਨਵੰਬਰ ਨੂੰ

**ਮਿਲਪੀਟਸ/ਬਿਊਰੋ ਨਿਊਜ਼:** ਇੰਟਰਨੈਸ਼ਨਲ ਪੰਜਾਬੀ ਪੀਜ਼ੈਂਟ ਵਲੋਂ ਆਪਣਾ ਸਲਾਨਾ ਸਮਾਗਮ 11 ਨਵੰਬਰ ਨੂੰ ਆਈ ਸੀ ਸੀ ਮਿਲਪੀਟਸ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਸਥਾ ਦੀ ਬਾਨੀ ਸ੍ਰੀਮਤੀ ਪ੍ਰਨੀਤ ਰੰਧਾਵਾ ਨੇ ਫਰੀਮਾਂਟ ਦੇ ਟੀ.ਵੀ. ਸਟੂਡੀਓ 'ਚ ਗੱਲਬਾਤ ਦੌਰਾਨ ਦੱਸਿਆ ਕਿ ਪਿਛਲੇ ਪੰਜ ਸਾਲਾਂ ਤੋਂ ਇਹ ਪੀਜੈਂਟ ਮਿਸਟਰ ਐਂਡ ਮਿਸਜ਼ ਪੰਜਾਬਣ ਦੇ ਨਾਂ ਹੇਠ ਕਰਵਾਇਆ ਜਾਂਦਾ ਸੀ ਜਿਸ ਵਿਚ ਸਿਰਫ ਵਿਆਹੇ ਜੋੜੇ ਹੀ ਭਾਗ ਲੈ ਸਕਦੇ ਸਨ। ਪਰ ਇਸ ਦੀ ਪ੍ਰਸਿੱਧੀ ਨੂੰ ਵੇਖਦਿਆਂ ਇਸ ਵਾਰ ਤੋਂ ਇਸਦਾ ਟਾਈਟਲ ਬਦਲ ਕੇ ਇੰਟਰਨੈਸ਼ਨਲ ਪੰਜਾਬੀ ਪੀਜੈਂਟ ਕਰ ਦਿੱਤਾ ਗਿਆ ਹੈ ਜਿਸ ਵਿਚ ਕੁਆਰੇ ਜਾਂ ਵਿਆਹੇ ਦਾ ਜਾਂ ਮਰਦਾ ਜਾਂ ਇਸਤਰੀ ਦਾ ਕੋਈ ਭਿੰਨ੍ਹ ਭੇਦ ਨਹੀਂ ਰੱਖਿਆ ਗਿਆ ਤੇ ਕੋਈ ਵੀ ਸੁੰਦਰਤਾ ਤੇ ਸ਼ਖਸੀਅਤ ਉਸਾਰੀ ਦੇ ਇਸ ਮੁਕਾਬਲੇ ਵਿਚ ਭਾਗ ਲੈ ਸਕਦਾ ਹੈ। ਰੰਧਾਵਾ ਨੇ ਦੱਸਿਆ ਕਿ ਪੰਜਾਬੀਆਂ ਤੋਂ ਸਿਵਾ ਸਪੈਨਿਸ਼, ਗੁਜਰਾਤੀ ਅਤੇ ਭਾਰਤ ਦੇ ਹੋਰ ਸੂਬਿਆਂ ਤੋਂ ਵੀ ਭਾਗ ਲੈਣ ਲਈ ਬੇਨਤੀ ਪੱਤਰ ਆ ਰਹੇ ਹਨ। ਹਾਲਾਂਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਐੱਸ ਟਰੇਡ ਜ਼ਰੀਏ ਪੀਜ਼ੈਂਟ' ਸ਼ਬਦ ਦਾ ਵਿਸ਼ਵ ਪੱਧਰੀ ਪੇਟੈਂਟ ਕਰਵਾਇਆ ਹੋਇਆ ਸੀ, ਤੇ ਇਸ ਮਾਮਲੇ ਵਿਚ ਪੰਜ ਸਾਲ ਟਰੰਪ ਨਾਲ ਕਨੂੰਨੀ ਲੜਾਈ ਲੜਨ ਤੋਂ ਬਾਅਦ ਸਾਲ 2013 ਵਿਚ ਆਪਸੀ ਸਹਿਮਤੀ ਨਾਲ ਉਨ੍ਹਾਂ ਨੂੰ ਟਰੰਪ ਵਲੋਂ ਇਹ ਪੀਜ਼ੈਂਟ ਕਰਵਾਉਣ ਦੀ ਆਗਿਆ ਦੇ ਦਿੱਤੀ ਗਈ।

ਇਸ ਮੌਕੇ ਤੇ ਬੋਲਦਿਆਂ ਪੀਜ਼ੈਂਟ ਦੇ ਮੁੱਖ ਸਪਾਂਸਰ ਸ੍ਰੀ ਰੇ ਵਾਲੀਆ ਨੇ ਦੱਸਿਆ ਕਿ ਜੱਜਮੈਂਟ ਨੂੰ ਨਿਰੋਲ ਪਾਰਦਰਸ਼ੀ ਰੱਖਣ ਲਈ ਨਿਯੁਕਤ ਜੱਜਾਂ ਦੀ ਦੋ ਦਿਨਾਂ ਵਰਕਸ਼ਾਪ ਵੀ ਲਗਾਈ ਜਾਵੇਗੀ ਤੇ ਅਗਲੇ ਵਰ੍ਹਿਆਂ ਵਿਚ ਇਸ ਨੂੰ ਹੋਰਨਾਂ ਦੇਸ਼ਾਂ ਵਿਚ ਕਰਵਾਏ ਜਾਣ ਦੀ ਯੋਜਨਾ ਵੀ ਤਿਆਰ ਕੀਤੀ ਜਾ ਰਹੀ ਹੈ। 11 ਨਵੰਬਰ ਸ਼ਾਮੀਂ 5:00 ਵਜੇ ਤੋਂ ਦੇਰ ਰਾਤ ਤੱਕ ਚੱਲਣ ਵਾਲੇ ਇਸ ਪੀਜ਼ੈਂਟ ਵਿਚ ਪ੍ਰਤੀਯੋਗੀ ਤੋਂ ਸਿਵਾ ਗਾਇਕਾ ਜੋਤ ਰਣਜੀਤ, ਗੋਗੀ ਸੰਧੂ ਗੀਤ ਪੇਸ਼ ਕਰਨਗੇ ਜਦਕਿ ਇਲਾਨਾ ਕਲਾਸੀਕਲ ਡਾਂਸ ਪੇਸ਼ ਕਰੇਗੀ। ਇਸ ਪ੍ਰੈੱਸ ਕਾਨਫਰੰਸ ਨੂੰ ਪੀਜ਼ੈਂਟ ਦੇ ਦੂਜੇ ਵੱਡੇ ਸਪਾਂਸਰ ਕੁਲਵੰਤ ਸਿੰਘ ਨਿੱਝਰ, ਕੇ ਵਾਲੀਆ, ਪਿੰਕੀ ਸੰਧੂ, ਐੱਸ ਅਸ਼ੋਕ ਭੌਰਾ ਅਤੇ ਗਾਇਕਾ ਜੋਤ ਰਣਜੀਤ ਨੇ ਵੀ ਸੰਬੋਧਨ ਕੀਤਾ।

## ਫ਼ਰਜ਼ੀ ਖ਼ਬਰਾਂ : ਓਬਾਮਾ ਨੇ ਜ਼ੁਕਰਬਰਗ ਨੂੰ ਦਿੱਤੀ ਸੀ ਚਿਤਾਵਨੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੇਸਬੁੱਕ ਦੇ ਬਾਨੀ ਮਾਰਕ ਜ਼ੁਕਰਬਰਗ ਨੂੰ ਨਿੱਜੀ ਤੌਰ 'ਤੇ ਚਿਤਾਵਨੀ ਦਿੱਤੀ ਸੀ ਕਿ ਉਹ ਸੋਸ਼ਲ ਨੈੱਟਵਰਕ 'ਤੇ ਵੱਧ ਰਹੀਆਂ ਫ਼ਰਜ਼ੀ ਖ਼ਬਰਾਂ (ਫੇਕ ਨਿਊਜ਼) ਦੇ ਟਾਕਰੇ ਲਈ ਕੋਈ ਰਾਹ ਅਪਣਾਉਣ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਚੋਣਾਂ ਦੇ ਤੁਰੰਤ ਮਗਰੋਂ ਬੈਠਕ ਦੌਰਾਨ ਉਨ੍ਹਾਂ ਇਹ ਚਿਤਾਵਨੀ ਦਿੱਤੀ ਸੀ। ਇਹ ਬੈਠਕ ਲੀਮਾ (ਪੇਰੂ) ਵਿਚ 19 ਨਵੰਬਰ ਨੂੰ ਹੋਈ ਸੀ ਜਿਥੇ ਆਲਮੀ ਆਗੂ ਜੁੜੇ ਸਨ। ਇਸ ਤੋਂ ਪਹਿਲਾਂ ਜ਼ੁਕਰਬਰਗ ਨੇ ਰੂਸੀ ਜਾਸੂਸਾਂ ਵੱਲੋਂ ਗੁਮਰਾਹਕੁਨ ਖ਼ਬਰਾਂ ਪੇਸ਼ ਕਰਕੇ ਅਮਰੀਕੀ ਰਾਸ਼ਟਰਪਤੀ ਦੀ ਵੋਟ 'ਤੇ ਅਸਰ ਪਾਉਣ ਦੀਆਂ ਰਿਪੋਰਟਾਂ ਨੂੰ ਖ਼ਾਰਜ ਕਰ ਦਿੱਤਾ ਸੀ। ਬੈਠਕ ਸਮੇਂ ਮੌਜੂਦ ਲੋਕਾਂ ਦੇ ਹਵਾਲੇ ਨਾਲ ਅਖ਼ਬਾਰ ਨੇ ਕਿਹਾ, "ਜ਼ੁਕਰਬਰਗ ਨੇ ਫ਼ਰਜ਼ੀ ਖ਼ਬਰਾਂ ਨਾਲ ਪੈਦਾ ਹੋਈ ਸਮੱਸਿਆ ਨੂੰ ਮੰਨਿਆ। ਪਰ ਉਨ੍ਹਾਂ ਓਬਾਮਾ ਨੂੰ ਦੱਸਿਆ ਕਿ ਇਹ ਸੁਨੇਹੇ ਫੇਸਬੁੱਕ 'ਤੇ ਫੈਲੇ ਨਹੀਂ ਹੋਏ ਹਨ ਅਤੇ ਇਨ੍ਹਾਂ ਦਾ ਕੋਈ ਸੁਖਾਲਾ ਹੱਲ ਨਹੀਂ ਹੈ।" ਫੇਸਬੁੱਕ ਨੇ ਐਲਾਨ ਕੀਤਾ ਕਿ ਉਹ ਕਾਂਗਰਸ ਨੂੰ ਇਸ਼ਤਿਹਾਰ ਮੋੜ ਰਹੀ ਹੈ ਜਿਨ੍ਹਾਂ ਤੋਂ ਖ਼ੁਲਾਸਾ ਹੋਇਆ ਕਿ ਉਹ ਰੂਸ ਨਾਲ ਜੁੜੇ ਫਰਜ਼ੀ ਖ਼ਾਤਿਆਂ ਨਾਲ ਖ਼ਰੀਦੇ ਗਏ ਸਨ ਅਤੇ ਇਸ ਨਾਲ ਚੋਣਾਂ ਮੌਕੇ ਤੇ ਬਾਅਦ ਵਿਚ ਸਿਆਸੀ ਤਣਾਅ ਪੈਦਾ ਹੋ ਜਾਣਾ ਸੀ। ਉਂਜ ਰੂਸ ਨੇ ਅਮਰੀਕੀ ਚੋਣਾਂ ਵਿਚ ਆਪਣੀ ਕਿਸੇ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

# ਭਾਰਤੀ ਕਾਰੋਬਾਰ 'ਤੇ ਜੀ.ਐਸ.ਟੀ. ਦੀ ਮਾਰ

**2015 ਦੇ ਮੁਕਾਬਲੇ 16 ਹਜ਼ਾਰ ਨੌਕਰੀਆਂ ਘੱਟ ਹੋ ਗਈਆਂ ਹਨ। ਨੌਜਵਾਨ ਅੱਜ ਬੇਰੁਜ਼ਗਾਰੀ ਦੇ ਰੇਗਿਸਤਾਨ 'ਚ ਖੜ੍ਹਾ ਹੈ ਅਤੇ ਤੁਹਾਡਾ ਨੇਤਾ ਕਬਰਿਸਤਾਨ ਦੀ ਗੱਲ ਕਰ ਰਿਹਾ ਹੈ।**

**ਰਵੀਸ਼ ਕੁਮਾਰ**




ਸਾਡੀ ਜ਼ਿੰਦਗੀ ਨੂੰ ਰਾਜਨੀਤੀ ਜਿੰਨਾ ਪ੍ਰਭਾਵਿਤ ਕਰਦੀ ਹੈ, ਉਸ ਤੋਂ ਕਿਤੇ ਵੱਧ ਅਰਥਵਿਵਸਥਾ ਵੀ ਕਰਦੀ ਹੈ। ਪਰ ਜਦੋਂ ਇਹ ਸੰਕਟ ਵਿਚੋਂ ਲੰਘ ਰਹੀ ਹੈ, ਮੌਕਾ ਹੈ ਇਹ ਸਮਝਣ ਦਾ ਕਿ ਆਖਰ ਇਨ੍ਹਾਂ 3 ਸਾਲਾਂ 'ਚ ਅਜਿਹਾ ਕੀ ਹੋਇਆ ਕਿ ਅਸੀਂ ਇਸ ਮੋੜ 'ਤੇ ਆ ਪੁੱਜੇ ਹਾਂ। ਜਿਥੇ ਰਾਜਨੀਤੀ ਨੇ ਹਿੰਦੂ-ਮੁਸਲਿਮ ਵਿਸ਼ਾ ਲੱਭ ਲਿਆ ਹੈ। ਅੱਜ ਤੁਸੀਂ ਬਹੁਤੇ ਚੈਨਲਾਂ 'ਤੇ ਵੇਖ ਸਕਦੇ ਹੋ ਕਿ ਕਿਸੇ ਨਾਲ ਕਿਸੇ ਰੂਪ ਤੋਂ ਹਿੰਦੂ-ਮੁਸਲਿਮ ਵਿਸ਼ੇ ਦੀ ਚਰਚਾ ਹੈ। ਜ਼ਰੂਰੀ ਨਹੀਂ ਹੈ ਕਿ ਜਿਹੜਾ ਅੱਜ ਸੰਕਟ ਹੈ, ਉਹ ਕੱਲ੍ਹ ਵੀ ਰਹੇ। ਪਰ ਜੋ ਅੱਜ ਹੈ, ਉਸ ਦੀ ਗੱਲ ਤਾਂ ਹੋਣੀ ਚਾਹੀਦੀ ਹੈ। ਸਾਡੀ ਅਰਥਵਿਵਸਥਾ ਸੰਕਟ ਦੇ ਦੌਰ 'ਚੋਂ ਲੰਘ ਰਹੀ ਹੈ। ਬਾਜ਼ਾਰ ਅਤੇ ਵਪਾਰ 'ਚ ਭਾਰੀ ਗਿਰਾਵਟ ਹੈ। ਰੁਜ਼ਗਾਰ ਦੇ ਮੌਕੇ ਇਸ ਨਾਲ ਪ੍ਰਭਾਵਿਤ ਹੋ ਰਹੇ ਹਨ। ਕੀ ਇਨ੍ਹਾਂ ਸਵਾਲਾਂ ਨੂੰ ਟਾਲਣ ਲਈ ਮੋਦੀ ਮੀਡੀਆ ਲਗਾਤਾਰ ਹਿੰਦੂ-ਮੁਸਲਿਮ ਵਿਸ਼ੇ 'ਚ ਹੀ ਉਲਝਿਆ ਰਹੇਗਾ। ਜੀ.ਐਸ.ਟੀ. ਨੂੰ ਲੈ ਕੇ ਵਪਾਰੀਆਂ, ਚਾਰਟਰਡ ਅਕਾਊਂਟੈਂਟ ਅਤੇ ਟੈਕਸ ਵਕੀਲਾਂ ਨਾਲ ਜਿੰਨੀਆਂ ਗੱਲਾਂ ਕਰਦਾ ਹਾਂ, ਓਨੀਂ ਵਾਰ ਲੱਗ ਰਿਹਾ ਹੈ ਕਿ ਇਕ ਪੱਤਰਕਾਰ ਹੋਣ ਕਾਰਨ ਇਸ ਸਮੱਸਿਆ ਦੇ ਇਕ ਫ਼ੀਸਦੀ ਹਿੱਸੇ ਤਕ ਵੀ ਨਹੀਂ ਪੁੱਜਾ ਹਾਂ। ਜ਼ਾਹਰ ਹੈ ਸੰਕਟ ਵੱਡਾ ਹੈ। ਮੈਂ ਰਾਜਸਥਾਨ ਦੇ ਟੈਕਸ ਕੰਸਲਟੈਂਟ ਸੰਘ ਦੇ ਸਤੀਸ਼ ਗੁਪਤਾ ਨਾਲ ਗੱਲ ਕੀਤੀ। ਉਨ੍ਹਾਂ ਤੋਂ ਜਿਹੜੇ ਇਨਪੁਟ ਯਾਨੀ ਫੀਡਬੈਕ ਮਿਲਿਆ ਹੈ, ਉਹ ਮੈਂ ਤੁਹਾਡੇ ਸਾਹਮਣੇ ਸੂਚੀ ਬਣਾ ਕੇ ਪੇਸ਼ ਕਰਨਾ ਚਾਹੁੰਦਾ ਹਾਂ।

ਜੈਪੁਰ 'ਚ 20 ਸਤੰਬਰ ਤੋਂ ਬਾਅਦ ਵੀ ਪੋਰਟਲ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ ਸੀ। ਪੂਰੇ ਦਿਨ ਮੈਸੇਜ ਆਉਂਦੇ ਰਹੇ ਕਿ ਤੁਸੀਂ ਲਾਈਨ 'ਤੇ ਬਣੇ ਰਹੋ। ਦਿਨ ਬੀਤ ਗਿਆ, ਲਾਈਨ ਨਹੀਂ ਮੁੱਕੀ। ਵਪਾਰੀਆਂ ਸਮੇਤ ਟੈਕਸ ਵਕੀਲ ਅਤੇ ਸੀ.ਏ. ਸਾਰੇ ਦਬਾਅ 'ਚ ਕੰਮ ਕਰ ਰਹੇ ਹਨ। ਚੰਗਾ ਹੁੰਦਾ ਮਹੀਨੇ ਦੀ ਥਾਂ ਤਿੰਨ ਮਹੀਨੇ ਮਗਰੋਂ ਰਿਟਰਨ ਭਰਨ ਦੀ ਵਿਵਸਥਾ ਹੁੰਦੀ। ਪੋਰਟਲ ਸਿਰਫ਼ ਅੰਗਰੇਜ਼ੀ 'ਚ ਹੈ, ਇਸ ਕਾਰਨ ਵਪਾਰੀ ਸਮਝ ਨਹੀਂ ਪਾ ਰਹੇ ਹਨ, ਨਾ ਭਰ ਪਾ ਰਹੇ ਹਨ। ਗ਼ਲਤੀ ਨਾਲ ਬਟਨ ਸਬਮਿਟ ਹੋ ਜਾਵੇ ਤਾਂ ਉਸ ਨੂੰ ਸੁਧਾਰਨ ਦਾ ਮੌਕਾ ਨਹੀਂ ਮਿਲ ਰਿਹਾ। ਜਿਵੇਂ ਕੋਈ ਰਕਮ, ਕਿਸੇ ਦੂਜੇ ਅਕਾਊਂਟ 'ਚ ਜਮ੍ਹਾਂ ਹੋ ਜਾਵੇ ਤਾਂ ਉਸ ਨੂੰ ਸੁਧਾਰਨ ਦਾ ਕੋਈ ਮੌਕਾ ਨਹੀਂ ਮਿਲ ਰਿਹਾ। ਸਰਕਾਰ ਕਹਿੰਦੀ ਹੈ 3ਬੀ ਫਾਰਮ ਭਰਨ 'ਚ ਦੇਰੀ 'ਤੇ ਜੁਰਮਾਨਾ ਨਹੀਂ ਲੱਗੇਗਾ, ਪਰ ਜੁਰਮਾਨਾ ਲਿਆ ਜਾ ਰਿਹਾ ਹੈ। ਇਕ ਦਿਨ ਦੀ ਦੇਰੀ 'ਤੇ 200 ਰੁਪਏ ਜੁਰਮਾਨਾ ਹੈ। ਜੇ ਪੋਰਟਲ ਕਾਰਨ ਫਾਰਮ ਭਰਨ 'ਚ ਦੇਰੀ ਹੋ ਰਹੀ ਹੈ ਤਾਂ ਵੀ ਜੁਰਮਾਨਾ ਲੱਗ ਰਿਹਾ ਹੈ।

ਇਹ ਧਾਰਨਾ ਸਹੀ ਨਹੀਂ ਹੈ ਕਿ ਇਸ ਕਾਰਨ ਸੀ.ਏ. ਅਤੇ ਟੈਕਸ ਵਕੀਲ ਮੌਜ ਕਰ ਰਹੇ ਹਨ, ਸਗੋਂ ਹਕੀਕਤ ਇਹ ਹੈ ਕਿ ਉਹ ਵੀ ਕਾਫੀ ਪ੍ਰੇਸ਼ਾਨ ਹਨ। ਵਪਾਰੀਆਂ ਦੀ ਪ੍ਰੇਸ਼ਾਨੀ ਤਾਂ ਹੋਰ ਵੀ ਵੱਡੀ ਹੈ। ਬਿਲ ਨਾਲ ਧੰਦਾ ਕਰਨ ਦੀ ਆਦਤ ਨਹੀਂ ਸੀ ਅਤੇ ਹੁਣ ਬਿਲ ਸੰਭਾਲਣ ਲਈ ਪ੍ਰੇਸ਼ਾਨ ਹਨ। ਜਿਨ੍ਹਾਂ ਵਪਾਰੀਆਂ ਦਾ ਸੈੱਟਅਪ ਵੱਡਾ ਹੈ, ਮਤਲਬ ਜਿਨ੍ਹਾਂ ਦੇ ਅਕਾਊਂਟੈਂਟ ਵਗੈਰਾ ਦਾ ਸਿਸਟਮ ਹੈ, ਉਨ੍ਹਾਂ ਨੂੰ ਘੱਟ ਪ੍ਰੇਸ਼ਾਨੀ ਹੈ, ਪਰ ਜਨਰਲ ਸਟੋਰ, ਮੈਡੀਕਲ ਸਟੋਰ ਜਾਂ ਕਿਸੇ ਵੀ ਰਿਟੇਲ ਬਿਜ਼ਨਸ ਵਾਲੇ ਲਈ ਜੀ.ਐਸ.ਟੀ. ਨੇ ਸਿਰਦਰਦੀ ਵਧਾ ਦਿੱਤੀ ਹੈ। ਇਨ੍ਹਾਂ ਲੋਕਾਂ ਦੇ 500-1000 ਦੀ ਗਿਣਤੀ 'ਚ ਬਿਲ ਹੁੰਦੇ ਹਨ, ਜਿਨ੍ਹਾਂ ਦੀ ਸੂਚਨਾ ਭਰਦੇ-ਭਰਦੇ ਕਈ ਘੰਟੇ ਲੱਗ ਜਾਂਦੇ ਹਨ। ਪਹਿਲਾਂ ਵਪਾਰੀ ਸੀ.ਏ. ਨੂੰ ਪੂਰੇ ਸਾਲ ਦਾ 1500 ਰੁਪਏ ਦੇ ਕੇ ਕੰਮ ਚਲਾ ਲੈਂਦਾ ਸੀ, ਪਰ ਹੁਣ ਉਸ ਨੂੰ ਪੂਰੇ ਸਾਲ ਲਈ 20 ਤੋਂ 25 ਹਜ਼ਾਰ ਰੁਪਏ ਦੇਣੇ ਪੈ ਰਹੇ ਹਨ। ਜੀ.ਐਸ.ਟੀ. ਨੇ ਛੋਟੇ ਅਤੇ ਮੱਧਮ ਦਰਜੇ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਉਹ ਬਾਜ਼ਾਰ 'ਚ ਟਿਕਣਗੇ ਜਾਂ ਨਹੀਂ, ਇਹ ਸਵਾਲ ਖੜ੍ਹਾ ਹੋ ਗਿਆ ਹੈ। ਅਸੀਂ ਇਕ ਸਵਾਲ ਪੁੱਛਿਆ ਕਿ ਆਖਰੀ ਦਿਨ ਵਪਾਰੀ ਰਿਟਰਨ ਕਿਉਂ ਭਰਦੇ ਹਨ ਤਾਂ ਇਸ ਦਾ ਜਵਾਬ ਕੁਝ ਇਉਂ ਮਿਲਿਆ -

ਫਿਰ ਤੁਸੀਂ ਦੱਸੋ ਕਿ ਇਹ ਅੰਤਮ ਮਿਤੀ ਰੱਖੀ ਹੀ ਕਿਉਂ ਹੈ? ਤੁਹਾਡਾ ਸਿਸਟਮ ਅੰਤਮ ਦਿਨ ਦੇ ਹਿਸਾਬ ਨਾਲ ਤਿਆਰ ਕਿਉਂ ਨਹੀਂ ਹੈ। ਕੀ ਵਪਾਰੀ ਸਾਰਾ ਕੰਮ ਛੱਡ ਕੇ ਰਿਟਰਨ ਭਰਵਾਉਂਦਾ ਰਹੇ? ਸਾਰੇ ਵਪਾਰੀ ਖੁਦ ਜੀ.ਐਸ.ਟੀ. ਨਹੀਂ ਭਰ ਸਕਦੇ।

ਟੈਕਸ ਕੰਸਲਟੈਂਟ ਨਾਲ ਗੱਲ ਕਰਨ 'ਤੇ ਪਤਾ ਲੱਗਾ ਕਿ ਛੋਟੇ ਸ਼ਹਿਰਾਂ 'ਚ ਹਾਲਾਤ ਹੋਰ ਵੀ ਖਰਾਬ ਹਨ। ਇੰਟਰਨੈੱਟ ਚਲਦਾ ਨਹੀਂ, ਚਲਦਾ ਹੈ ਤਾਂ ਹੌਲੀ ਚਲਦਾ ਹੈ। ਆਫਲਾਈਨ ਫਾਰਮ ਭਰ ਕੇ ਜਦੋਂ ਤੁਸੀਂ ਆਨਲਾਈਨ 'ਚ ਮਾਈਗ੍ਰੇਟ ਕਰਵਾਉਂਦੇ ਹੋ ਤਾਂ ਕਈ ਵਾਰ ਸਿਸਟਮ ਸਵੀਕਾਰ ਨਹੀਂ ਕਰਦਾ। ਹਾਲਤ ਇਹ ਹੈ ਕਿ 250 ਕਲਾਇੰਟ ਹਨ, ਪਰ ਤਿੰਨ-ਚਾਰ ਦਿਨ ਲੱਗਣ ਤੋਂ ਬਾਅਦ ਵੀ 50% ਦੀ ਜੀਐਸਟੀ ਨਹੀਂ ਭਰੀ ਜਾ ਸਕੀ। ਰਿਫੰਡ ਦੀ ਸਮੱਸਿਆ ਤੋਂ ਵਪਾਰੀ ਬਹੁਤ ਪ੍ਰੇਸ਼ਾਨ ਹਨ। ਕਹਿ ਰਹੇ ਹਨ ਕਿ ਜਦੋਂ ਜੁਲਾਈ ਦਾ ਰਿਫੰਡ 10 ਨਵੰਬਰ ਤੋਂ ਬਾਅਦ ਮਿਲੇਗਾ, ਤਾਂ ਅਗਸਤ-ਸਤੰਬਰ ਅਤੇ ਅਕਤੂਬਰ ਦਾ ਰਿਫੰਡ ਤਾਂ ਅਗਲੇ ਸਾਲ ਮਾਰਚ ਤੋਂ ਬਾਅਦ ਮਿਲੇਗਾ। ਇਸ ਕਾਰਨ ਵਪਾਰੀਆਂ ਦੇ ਹੱਥਾਂ 'ਚ ਪੈਸਾ ਨਹੀਂ ਹੈ। ਹਰ ਪੱਧਰ 'ਤੇ ਪੇਮੈਂਟ ਰੁਕਿਆ ਪਿਆ ਹੈ। ਜਿਨ੍ਹਾਂ ਨੇ ਬੈਂਕਾਂ ਤੋਂ ਕਰਜ਼ੇ ਲਏ ਹਨ, ਉਹ ਬਾਅਦ 'ਚ ਵੱਖਰਾ ਵਿਆਜ਼ ਵੀ ਭਰਨਗੇ। ਅਸੀਂ ਅਖਿਲ ਭਾਰਤੀ ਟਰਾਂਸਪੋਰਟ ਸੰਘ ਦੇ ਇਕ ਉੱਚ ਅਹੁਦੇਦਾਰ ਨਾਲ ਗੱਲ ਕੀਤੀ। ਉਨ੍ਹਾਂ ਨੇ ਸਾਨੂੰ ਜੋ ਦੱਸਿਆ ਉਸ ਨੂੰ ਸੂਚੀਬੱਧ ਕਰ ਰਿਹਾ ਹਾਂ।

ਜੀ.ਐਸ.ਟੀ. ਆਉਣ ਤੋਂ ਬਾਅਦ ਟਰਾਂਸਪੋਰਟ ਸੈਕਟਰ ਦੀ ਹਾਲਤ ਹੋਰ ਖਰਾਬ ਹੋ ਗਈ ਹੈ। ਜੁਲਾਈ 'ਚ ਤਾਂ ਧੰਦਾ ਘੱਟ ਕੇ 20 ਫ਼ੀਸਦੀ 'ਤੇ ਆ ਗਿਆ ਸੀ। ਅਗਸਤ 'ਚ 50 ਫ਼ੀਸਦੀ ਤਕ ਆਇਆ। ਸਤੰਬਰ 'ਚ 60 ਫ਼ੀਸਦੀ ਤਕ ਪੁੱਜਾ ਹੈ। ਤੇ ਹੁਣ ਵੀ 30-40 ਫ਼ੀਸਦੀ ਬਿਜ਼ਨਸ ਡਾਊਨ ਹੈ। ਟਰੱਕਾਂ ਦੇ ਫੇਰੇ ਸਮੇਂ 'ਚ ਵੀ ਖਾਸ ਅੰਤਰ ਨਹੀਂ ਆਇਆ ਹੈ, ਕਿਉਂਕਿ ਮਹਾਰਾਸ਼ਟਰ ਨੂੰ ਛੱਡ ਕੇ ਆਕਟਰਾਏ ਹਰ ਥਾਂ ਤੋਂ ਹਟ ਗਿਆ ਸੀ। ਦਿੱਲੀ-ਮੁੰਬਈ ਰੂਟ 'ਤੇ ਜ਼ਰੂਰ ਟਰੱਕਾਂ ਦੇ ਪੁੱਜਣ ਦੇ ਸਮੇਂ 'ਚ 10 ਘੰਟੇ ਦੀ ਕਮੀ ਆਈ ਹੈ।

ਇਸ ਦੇ ਕਈ ਕਾਰਨ ਹਨ। ਹਾਲੇ ਵੀ ਵੱਡੀ ਗਿਣਤੀ 'ਚ ਵਪਾਰੀਆਂ ਦਾ ਰਜਿਸਟ੍ਰੇਸ਼ਨ ਨਹੀਂ ਹੋਇਆ ਹੈ। ਬਿਨਾਂ ਰਜਿਸਟ੍ਰੇਸ਼ਨ ਦੇ ਟਰਾਂਸਪੋਰਟਰ ਉਨ੍ਹਾਂ ਦਾ ਮਾਲ ਨਹੀਂ ਚੁੱਕ ਸਕਦਾ, ਕਿਉਂਕਿ ਫੜਿਆ ਜਾਵੇਗਾ। ਨਵਾਂ ਨਿਯਮ ਅਜਿਹਾ ਹੀ ਹੈ। ਫਿਰ ਵੀ ਜਿਨ੍ਹਾਂ ਨੇ ਰਜਿਸਟ੍ਰੇਸ਼ਨ ਨਹੀਂ ਕਰਵਾਇਆ ਹੈ, ਉਨ੍ਹਾਂ ਦਾ ਮਾਲ ਇੱਥੋਂ ਦੂਜੀਆਂ ਥਾਵਾਂ 'ਤੇ ਜਾ ਤਾਂ ਰਿਹਾ ਹੈ। ਅਜਿਹਾ ਇੰਝ ਹੋ ਰਿਹਾ ਹੈ ਕਿ ਇਸ ਲਈ ਜੋਖ਼ਮ ਲੈਣ ਵਾਲੇ ਟਰਾਂਸਪੋਰਟਰ ਦੁਗਣਾ-ਤਿਗੁਣਾ ਚਾਰਜ ਕਰ ਰਹੇ ਹਨ। ਇਸ ਸਮੇਂ ਸਰਕਾਰ ਚੈਕਿੰਗ ਕਰਨ ਦੀ ਹਾਲਤ 'ਚ ਨਹੀਂ ਹੈ। ਪਰ ਬਹੁਤ ਵੱਡੀ ਗਿਣਤੀ 'ਚ ਟਰਾਂਸਪੋਰਟਰ ਚਾਹੁੰਦੇ ਹਨ ਕਿ ਰਜਿਸਟ੍ਰੇਸ਼ਨ ਵਾਲੇ ਵਪਾਰੀ ਦਾ ਹੀ ਮਾਲ ਚੁੱਕਿਆ ਜਾਵੇ, ਪਰ ਜਿਨ੍ਹਾਂ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਇਆ ਹੈ, ਉਨ੍ਹਾਂ ਦਾ ਬਿਜ਼ਨਸ 40 ਤੋਂ 50 ਫ਼ੀਸਦੀ ਘੱਟ ਹੋ ਗਿਆ ਹੈ। ਉਨ੍ਹਾਂ ਕੋਲੋਂ ਟਰਾਂਸਪੋਰਟਰ ਨੂੰ ਆਰਡਰ ਨਹੀਂ ਮਿਲ ਰਿਹਾ ਹੈ। ਇਸ ਲਈ ਗੁਦਾਮਾਂ 'ਚ ਟਰੱਕ ਵੱਡੀ ਗਿਣਤੀ 'ਚ ਖਾਲੀ ਖੜ੍ਹੇ ਹਨ, ਜੋ ਕਿਸੇ ਬਿਜ਼ਨਸ ਜਾਂ ਅਰਥਵਿਵਸਥਾ ਲਈ ਚੰਗੇ ਸੰਕੇਤ ਨਹੀਂ ਹਨ। ਬਿਜ਼ਨਸ ਡਾਊਨ ਹੋਣ ਕਾਰਨ ਟਰੱਕਾਂ 'ਤੇ ਹੋਰ ਅਸਰ ਪਿਆ ਹੈ।

ਜਿਵੇਂ ਦਿੱਲੀ ਤੋਂ ਜਿਹੜਾ ਟਰੱਕ ਮਾਲ ਲੈ ਕੇ ਦੱਖਣ ਵੱਲ ਗਏ ਹਨ, ਉਥੇ ਜਾ ਕੇ ਫਸ ਗਏ ਹਨ, ਕਿਉਂਕਿ ਉਥੇ ਦੀਆਂ ਫੈਕਟਰੀਆਂ 'ਚ ਉਤਪਾਦਨ ਡਾਊਨ ਹੈ। ਟਰੱਕਾਂ ਨੂੰ ਮਾਲ ਨਹੀਂ ਮਿਲ ਰਿਹਾ। ਇਸ ਲਈ ਵਾਪਸੀ ਦੀ ਥਾਂ ਉਹ ਹਫਤੇ ਭਰ ਤੋਂ ਦੱਖਣ ਦੇ ਸ਼ਹਿਰਾਂ 'ਚ ਅਟਕੇ ਹਨ। ਟਰਾਂਸਪੋਰਟਰ ਨੇ ਦਸਿਆ ਕਿ ਦਿੱਲੀ ਦੇ ਘੱਟੋ-ਘੱਟ 1000 ਤੋਂ ਲੈ ਕੇ 2000 ਤਕ ਟਰੱਕ ਉਥੇ ਫਸੇ ਹੋਏ ਹਨ। ਦੀਵਾਲੀ ਦੇ ਸੀਜ਼ਨ 'ਚ ਅਜਿਹਾ ਕਦੇ ਨਹੀਂ ਹੁੰਦਾ ਸੀ।

ਇਹ ਸਿਰਫ ਟਰੱਕ ਦੀ ਗੱਲ ਨਹੀਂ ਹੈ। ਜੇ ਤੁਸੀਂ ਇਸ 'ਚ ਟਰਾਂਸਪੋਰਟ 'ਚ ਵਰਤੇ ਜਾਣ ਵਾਲੇ ਟ੍ਰੇਲਰ, ਛੋਟੇ ਟਰੱਕ, ਟੈਂਪੋ ਨੂੰ ਵੀ ਸ਼ਾਮਲ ਕਰੋਗੇ ਤਾਂ ਤਸਵੀਰ ਕੁਝ ਹੋਰ ਨਜ਼ਰ ਆਵੇਗੀ। ਅਸੀਂ ਇਹ ਸਾਰੀਆਂ ਗੱਲਾਂ ਗੱਲਬਾਤ ਦੇ ਆਧਾਰ 'ਤੇ ਲਿਖੀਆਂ ਹਨ, ਜਿਸ ਤੋਂ ਪਤਾ ਚਲੇਗਾ ਕਿ ਜ਼ਮੀਨ 'ਤੇ ਕੀ ਹੋ ਰਿਹਾ ਹੈ। ਕਿਸੇ ਵੀ ਵਪਾਰੀ ਨੇ ਨਹੀਂ ਕਿਹਾ ਕਿ ਉਹ ਟੈਕਸ ਨਹੀਂ ਦੇਣਾ ਚਾਹੁੰਦਾ। ਸਾਰੇ ਦੇਣਾ ਚਾਹੁੰਦੇ ਹਨ, ਪਰ ਪ੍ਰੀਕਿਰਿਆ ਅਤੇ ਟੈਕਸਾਂ ਦੀਆਂ ਦਰਾਂ ਤੋਂ ਕਾਫੀ ਪ੍ਰੇਸ਼ਾਨ ਹਨ। ਮੈਂ ਰਾਜਸਥਾਨ ਦੇ ਕੁਝ ਵਪਾਰੀ ਸੰਘਾਂ ਦੇ ਪ੍ਰਤੀਨਿਧੀਆਂ ਨਾਲ ਫੋਨ 'ਤੇ ਗੱਲ ਕੀਤੀ। ਰਾਜਸਥਾਨ 'ਚ ਮਾਰਬਲ, ਹੈਂਡੀ ਕਰਾਫਟ ਅਤੇ ਗੋਲਡ ਜਵੈਲਰੀ ਦਾ ਕਾਰੋਬਾਰ ਕਾਫੀ ਅਹਿਮ ਸਥਾਨ ਰੱਖਦਾ ਹੈ। ਪਹਿਲਾਂ ਦੋਨਾਂ 'ਤੇ 28 ਫ਼ੀਸਦੀ ਜੀ.ਐਸ.ਟੀ. ਲੱਗੀ ਹੈ ਅਤੇ ਸੋਨੇ ਦੇ ਗਹਿਣਿਆਂ 'ਤੇ 3 ਫ਼ੀਸਦੀ ਜੀਐਸਟੀ ਲੱਗੀ ਹੈ।

ਸਟੀਲ ਸੰਘ ਦੇ ਸੀਤਾਰਾਮ ਅਗਰਵਾਲ ਸਾਹਿਬ ਨੇ ਕਿਹਾ ਕਿ ਸਾਡਾ ਬਿਜ਼ਨਸ 40 ਫ਼ੀਸਦੀ

ਬਾਕੀ ਸਫ਼ਾ 32 'ਤੇ

# ਜੀ.ਐਸ.ਟੀ. ਅਤੇ ਪੰਚਾਇਤਾਂ ਦੇ ਹੱਕ

**ਜੀ.ਐਸ.ਟੀ. ਲਾਗੂ ਹੋਣ ਨਾਲ ਮਨੋਰੰਜਨ ਕਰ, ਵਿਗਿਆਪਨ ਕਰ ਜੀ.ਐਸ.ਟੀ. ਵਿਚ ਹੀ ਸ਼ਾਮਲ ਹੋ ਗਏ ਹਨ, ਇਸ ਲਈ ਪੰਚਾਇਤਾਂ ਦੀ ਆਮਦਨ ਦਾ ਇਹ ਸਰੋਤ ਖਤਮ ਹੋ ਗਿਆ ਹੈ। ਪੰਚਾਇਤਾਂ ਵਲੋਂ ਆਮਦਨ ਵਧਾਉਣ ਲਈ ਜੇਕਰ ਕੋਈ ਉਦਯੋਗ-ਧੰਦਾ ਚਾਲੂ ਕਰਨਾ ਹੈ ਤਾਂ ਉਸ ਉਤੇ ਟੈਕਸ ਲੱਗੇਗਾ। ਪੰਚਾਇਤ ਦੀ ਸ਼ਾਮਲਾਟ ਜ਼ਮੀਨ ਉਤੋਂ ਲਗਾਨ ਦੀ ਜੋ ਆਮਦਨ ਹੁੰਦੀ ਹੈ ਉਸ ਉਤੇ ਵੀ ਜੀ.ਐਸ.ਟੀ. ਲੱਗੇਗਾ ਜੇਕਰ ਲਗਾਨ ਦੀ ਆਮਦਨ ਸਲਾਨਾ 20 ਲੱਖ ਤੋਂ ਜਿਆਦਾ ਹੋਏਗੀ।**

**ਗੁਰਮੀਤ ਪਲਾਹੀ**
(ਮੋਬਾਈਲ : 98158-02070)

ਦੇਸ਼ ਭਰ ਵਿੱਚ 2,40,930 ਪਿੰਡ ਪੰਚਾਇਤਾਂ ਹਨ। ਇਨ੍ਹਾਂ ਪੰਚਾਇਤਾਂ ਵਿਚ 31 ਲੱਖ ਚੁਣੇ ਹੋਏ ਸਰਪੰਚ ਅਤੇ ਪੰਚ ਹਨ। ਦੇਸ਼ ਦੇ 73 ਵੇਂ ਸੰਵਿਧਾਨ ਸੋਧ ਕਾਨੂੰਨ ਤਹਿਤ ਇਨਾਂ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਦਿੱਤਾ ਗਿਆ ਹੈ। ਇਹ ਕਾਨੂੰਨ ਪੰਚਾਇਤਾਂ ਨੂੰ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੀਆਂ ਯੋਜਨਾਵਾਂ ਬਣਾਉਣ ਅਤੇ ਜ਼ਮੀਨੀ ਪੱਧਰ ਉਤੇ ਉਨ੍ਹਾਂ ਨੂੰ ਲਾਗੂ ਕਰਨ ਦਾ ਹੱਕ ਦਿੰਦਾ ਹੈ। ਇਹ ਕਾਨੂੰਨ ਲਾਗੂ ਹੋਇਆਂ ਦੋ ਦਹਾਕੇ ਬੀਤ ਗਏ ਹਨ, ਪਰ ਪੰਚਾਇਤਾਂ ਹਾਲੀ ਤੱਕ ਵੀ ਕੇਂਦਰ ਅਤੇ ਸੂਬਾ ਸਰਕਾਰ ਦੇ ਰਹਿਮੋ-ਕਰਮ ਉਤੇ ਜੀਊ ਰਹੀਆਂ ਹਨ, ਕਿਉਂਕਿ ਪੰਚਾਇਤਾਂ ਦੇ ਆਪਣੇ ਆਮਦਨ ਦੇ ਕੋਈ ਸਾਧਨ ਹੀ ਨਹੀਂ ਅਤੇ ਉਨ੍ਹਾਂ ਨੂੰ ਸਰਕਾਰੀ ਗ੍ਰਾਂਟਾਂ ਉਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ। ਜੀ ਐਸ ਟੀ ਲਾਗੂ ਹੋਣ ਤੋਂ ਬਾਅਦ ਇਨ੍ਹਾਂ ਸਥਾਨਕ ਸਰਕਾਰਾਂ ਦੀ ਆਰਥਿਕ ਸਥਿਤੀ ਹੋਰ ਵੀ ਖਰਾਬ ਹੋ ਜਾਏਗੀ ਕਿਉਂਕਿ ਇਨਾਂ ਸੰਸਥਾਵਾਂ ਨੂੰ ਵਿੱਤੀ ਸਾਧਨਾਂ ਦੀ ਹੋਰ ਵੀ ਕਮੀ ਹੋ ਜਾਏਗੀ। ਜੀ ਐਸ ਟੀ ਦਾ ਕੇਂਦਰੀ ਅਤੇ ਸੂਬਾ ਪੱਧਰ ਉਤੇ ਕੀ ਅਸਰ ਪਵੇਗਾ, ਇਸ ਦੀ ਦੇਸ਼ ਭਰ ਵਿੱਚ ਭਰਪੂਰ ਚਰਚਾ ਹੋ ਰਹੀ ਹੈ, ਪਰ ਪੰਚਾਇਤਾਂ ਦੇ ਕੰਮ ਕਾਰ, ਇਨ੍ਹਾਂ ਦੀ ਵਿੱਤੀ ਹਾਲਤ ਉਤੇ ਇਸ ਟੈਕਸ ਦਾ ਕੀ ਪ੍ਰਭਾਵ ਪਵੇਗਾ, ਇਸ ਦੀ ਕੋਈ ਚਰਚਾ ਹੀ ਨਹੀਂ ਹੋ ਰਹੀ। ਪੰਚਾਇਤਾਂ ਗ੍ਰਾਂਟਾਂ ਉਤੇ ਨਿਰਭਰ ਹਨ। ਭਾਰਤ ਦੇ 14ਵੇਂ ਵਿੱਤ ਆਯੋਗ ਨੇ ਗ੍ਰਾਮ ਪੰਚਾਇਤਾਂ ਨੂੰ 2 ਲੱਖ ਕਰੋੜ ਰੁਪਏ ਤੋਂ ਵੱਧ ਦਾ ਯੋਗਦਾਨ ਪਿਛਲੇ ਪੰਜ ਸਾਲਾਂ ਵਿੱਚ ਦਿੱਤਾ ਹੈ। ਭਾਵੇਂ ਕਿ ਪੰਚਾਇਤਾਂ ਕੋਲ ਟੈਕਸ ਜਾਂ ਫੀਸ ਲਾਉਣ ਦਾ ਹੱਕ ਹੈ, ਪਰ ਚੁਣੀਆਂ ਹੋਈਆਂ ਇਹ ਸਥਾਨਕ ਸਰਕਾਰਾਂ ਆਮ ਤੌਰ 'ਤੇ ਟੈਕਸ ਜਾਂ ਕਿਸੇ ਫੀਸ ਦੀ ਲੋਕਾਂ ਤੋਂ ਉਗਰਾਹੀ ਨਹੀਂ ਕਰਦੀਆਂ ਕਿਉਂਕਿ ਪੰਚਾਇਤ ਪ੍ਰਤੀਨਿਧਾਂ ਨੂੰ ਡਰ ਹੁੰਦਾ ਹੈ ਕਿ ਲੋਕ ਉਨ੍ਹਾਂ ਨੂੰ ਅਗਲੀ ਵੇਰ ਵੋਟ ਨਹੀਂ ਦੇਣਗੇ ਅਤੇ ਉਹ ਲੋਕਾਂ ਵਿਚ ਹਰਮਨ-ਪਿਆਰੇ ਨਹੀਂ ਰਹਿਣਗੇ।




ਭਾਵੇਂ ਕਿ ਪੰਚਾਇਤਾਂ ਜਾਇਦਾਦ ਟੈਕਸ ਜਾਂ ਧੰਦਾ ਟੈਕਸ ਲਗਾ ਸਕਦੀਆਂ ਹਨ। ਉਨ੍ਹਾਂ ਨੂੰ ਸੇਵਾ ਕਰ ਲਗਾਉਣ ਦਾ ਵੀ ਅਧਿਕਾਰ ਹੈ। ਉਹ ਪੀਣ ਦੇ ਪਾਣੀ, ਸਫਾਈ, ਸਾਂਝੀ ਸਟਰੀਟ ਲਾਈਟ ਵਰਗੀਆਂ ਸੁਵਿਧਾਵਾਂ ਲੋਕਾਂ ਨੂੰ ਦੇਣ ਲਈ ਸੇਵਾ ਕਰ ਲਗਾ ਸਕਦੀਆਂ ਹਨ ਪਰ ਆਮ ਤੌਰ 'ਤੇ ਪੰਚਾਇਤਾਂ ਇੰਜ ਨਹੀਂ ਕਰਦੀਆਂ। ਹਾਂ ਕੁਝ ਪੰਚਾਇਤਾਂ ਦੀ ਆਪਣੀ ਜ਼ਮੀਨ ਹੈ, ਜਿਸ ਨੂੰ ਪਟੇ ਉਤੇ ਜਾਂ ਲਗਾਨ ਉਤੇ ਦੇ ਕੇ ਉਹ ਆਪਣੀ ਆਮਦਨ ਵਿੱਚ ਵਾਧਾ ਕਰਦੀਆਂ ਹਨ ਅਤੇ ਇਸ ਪੈਸੇ ਨੂੰ ਲੋਕ ਭਲਾਈ ਦੇ ਕੰਮਾਂ ਵਿਚ ਲਗਾਉਂਦੀਆਂ ਹਨ, ਪਰ ਇਥੇ ਵੀ ਵਿਡੰਬਨਾ ਇਹ ਹੈ ਕਿ ਇਸ ਆਮਦਨ ਦਾ ਚੌਥਾ ਜਾਂ ਪੰਜਵਾਂ ਹਿੱਸਾ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਦੇ ਫੰਡਾਂ ਲਈ ਉਚ ਅਧਿਕਾਰੀ ਕੱਢ ਕੇ ਲੈ ਜਾਂਦੇ ਹਨ ਤਾਂ ਕਿ ਪੰਚਾਇਤਾਂ ਦੇ ਕੰਮਾਂ ਦੀ ਦੇਖ-ਰੇਖ ਕਰਨ ਵਾਲੇ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਖਰਚ ਪੂਰਾ ਕੀਤਾ ਜਾ ਸਕੇ। ਦੇਸ਼ ਦੀਆਂ ਕੁਝ ਪੰਚਾਇਤਾਂ ਵਲੋਂ ਵਿਗਿਆਪਨ ਟੈਕਸ, ਮਨੋਰੰਜਨ ਟੈਕਸ ਲਗਾਇਆ ਗਿਆ ਹੈ, ਜਿਸ ਨਾਲ ਪੰਚਾਇਤਾਂ ਨੂੰ ਆਮਦਨ ਹੁੰਦੀ ਹੈ। ਜੀ.ਐਸ.ਟੀ. ਲਾਗੂ ਹੋਣ ਨਾਲ ਮਨੋਰੰਜਨ ਕਰ, ਵਿਗਿਆਪਨ ਕਰ ਜੀ.ਐਸ.ਟੀ. ਵਿਚ ਹੀ ਸ਼ਾਮਲ ਹੋ ਗਏ ਹਨ, ਇਸ ਲਈ ਪੰਚਾਇਤਾਂ ਦੀ ਆਮਦਨ ਦਾ ਇਹ ਸਰੋਤ ਖਤਮ ਹੋ ਗਿਆ ਹੈ। ਪੰਚਾਇਤਾਂ ਵਲੋਂ ਆਮਦਨ ਵਧਾਉਣ ਲਈ ਜੇਕਰ ਕੋਈ ਉਦਯੋਗ-ਧੰਦਾ ਚਾਲੂ ਕਰਨਾ ਹੈ ਤਾਂ ਉਸ ਉਤੇ ਟੈਕਸ ਲੱਗੇਗਾ। ਪੰਚਾਇਤ ਦੀ ਸ਼ਾਮਲਾਟ ਜ਼ਮੀਨ ਉਤੋਂ ਲਗਾਨ ਦੀ ਜੋ ਆਮਦਨ ਹੁੰਦੀ ਹੈ ਉਸ ਉਤੇ ਵੀ ਜੀ.ਐਸ.ਟੀ. ਲੱਗੇਗਾ ਜੇਕਰ ਲਗਾਨ ਦੀ ਆਮਦਨ ਸਲਾਨਾ 20 ਲੱਖ ਤੋਂ ਜਿਆਦਾ ਹੋਏਗੀ। ਉਤਰ ਪ੍ਰਦੇਸ਼ ਵਿੱਚ ਪੰਚਾਇਤਾਂ ਵਲੋਂ ਚਲਾਏ ਉਦਯੋਗ ਇਸ ਘੇਰੇ ਵਿੱਚ ਆਉਣਗੇ। ਹਰਿਆਣਾ ਦੀ ਸ਼ਾਮਲਾਟ ਜ਼ਮੀਨ ਤੋਂ ਆਮਦਨ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਉਨ੍ਹਾਂ ਪੰਚਾਇਤਾਂ ਨੂੰ ਜੀ.ਐਸ.ਟੀ. ਦੇਣਾ ਪਵੇਗਾ ਪਰ ਹੈਰਾਨੀ ਦੀ ਗੱਲ ਇਹ ਹੈ ਕਿ 73ਵੇਂ ਸੰਵਿਧਾਨ ਸੰਸ਼ੋਧਨ ਵਿੱਚ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਦਿੱਤਾ ਗਿਆ ਹੈ, ਤਾਂ ਜੀ.ਐਸ.ਟੀ. ਦੀ ਵੰਡ ਵੇਲੇ ਇਸ ਦੇ ਦੋ ਅੰਗ ਹੀ ਕਿਉਂ ਰੱਖੇ ਗਏ ਹਨ? ਇੱਕ ਕੇਂਦਰ ਦੀ ਸਰਕਾਰ ਅਤੇ ਦੂਜੀ ਸੂਬੇ ਦੀ ਸਰਕਾਰ। ਜੀ.ਐਸ.ਟੀ. ਦੀ ਆਮਦਨ ਇਹ ਦੋਵੇਂ ਸਰਕਾਰਾਂ ਰੱਖਣ ਦੀਆਂ ਹੱਕਦਾਰ ਬਣਾਈਆਂ ਗਈਆਂ ਹਨ। ਜੀ.ਐਸ.ਟੀ. ਲਾਗੂ ਕਰਕੇ ਸਥਾਨਕ ਸਰਕਾਰਾਂ ਪੰਚਾਇਤਾਂ ਦੇ ਆਮਦਨ ਦੇ ਸਾਧਨ ਹੋਰ ਵੀ ਸੀਮਤ ਕਰ ਦਿੱਤੇ ਗਏ ਹਨ, ਅਤੇ ਉਨ੍ਹਾਂ ਦੀ ਸਰਕਾਰੀ ਗ੍ਰਾਂਟਾਂ, ਉਤੇ ਨਿਰਭਰਤਾ ਹੋਰ ਵੀ ਵਧਾ ਦਿੱਤੀ ਗਈ ਹੈ, ਜਿਹੜੀ ਕਿ ਪੰਚਾਇਤਾਂ ਦੇ ਮੂਲ ਮੰਤਵ ਨੂੰ ਵੱਡਾ ਖੋਰਾ ਲਾਉਣ ਦਾ ਕਾਰਨ ਬਣੇਗੀ ਅਤੇ ਪੰਚਾਇਤ ਨੁਮਾਇੰਦਿਆਂ ਨੂੰ ਸਿਆਸੀ ਲੋਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ, ਕਰਮਚਾਰੀਆਂ ਦੀਆਂ ਮਨਮਰਜ਼ੀਆਂ ਦਾ ਸ਼ਿਕਾਰ ਬਣਾਏਗੀ। ਪੰਚਾਇਤਾਂ ਦੀ ਚੋਣ ਹੁੰਦੀ ਹੈ। ਸਰਪੰਚ ਚੁਣੇ ਜਾਂਦੇ ਹਨ। ਪੰਚ ਚੁਣੇ ਜਾਂਦੇ ਹਨ। ਲੋਕ ਉਤਸ਼ਾਹ ਨਾਲ ਚੋਣਾਂ ਵਿਚ ਹਿੱਸਾ ਲੈਂਦੇ ਹਨ। ਪਿੰਡ ਦੇ ਸੁਧਾਰ ਦੀਆਂ ਯੋਜਨਾਵਾਂ ਬਣਦੀਆਂ ਹਨ। ਪਹਿਲਾਂ ਸਿਆਸੀ ਦਖਲਅੰਦਾਜ਼ੀ ਅਤੇ ਫਿਰ ਪ੍ਰਸ਼ਾਸਨਿਕ ਦਖ਼ਲ, ਪੰਚਾਇਤਾਂ ਦੇ ਕੰਮ ਕਾਰ ਵਿਚ ਰੁਕਾਵਟ ਪਾਉਂਦਾ ਹੈ। ਰਕਮਾਂ ਪੰਚਾਇਤਾਂ ਦੀਆਂ ਹੁੰਦੀਆਂ ਹਨ। ਹੱਕ ਪੰਚਾਇਤਾਂ ਦੇ ਹੁੰਦੇ

ਬਾਕੀ ਸਫ਼ਾ 32 'ਤੇ

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 21)

## ਹਰੀਏ ਨੀ ਰਸ ਭਰੀਏ

ਅੱਜ ਵਿਆਹ ਹੈ - 'ਗੰਧੋ' - 'ਬੜੀ ਗੰਧੋ' - ਭਾਪਾ ਜੀ ਦੇ ਨਾਨਕੀਂ - ਉਨਾਂ ਦੇ ਮਾਮੇ ਦੀ ਕੁੜੀ ਦਾ -

"ਸਵੇਰੇ ਮੁਰਗ਼ੇ ਦੀ ਪਹਿਲੀ ਬਾਂਗ 'ਤੇ - ਤੁਰ ਪਵਾਂਗੇ।" ਤੇਜਾ ਤਾਇਆ ਜੀ ਸਲਾਹ ਕਰ ਆਖਦੇ ਹਨ-

ਜਾਣ ਵਾਲਿਆਂ ਵਿਚ ਬਖ਼ਸ਼ੀਸ਼ ਸਿਓਂ ਤਾਇਆ ਜੀ ਦਾ ਤੇ ਸਾਡਾ ਪਰਿਵਾਰ ਹੈ ਤੇ ਨਾਲ ਤੇਜਾ ਤਾਇਆ ਜੀ ਵੀ ਹਨ ਜੋ ਛੜੇ ਹਨ - ਗੱਡਾ ਜੋੜ ਤੁਰ ਪੈਂਦੇ ਹਾਂ - ਵੱਡੇ ਤੜਕੇ।

ਤੀਮੀਆਂ ਨਿਆਣੇ ਸਭ ਗੱਡੇ 'ਤੇ ਹਨ ਤੇ ਆਦਮੀ ਪੈਦਲ - ਗੱਡੇ ਦੇ ਪਿੱਛੇ ਪਿੱਛੇ ਭਾਪਾ ਜੀ ਨੇ ਆਪਣੀ ਬੰਦੂਕ ਵੀ ਲੈ ਲਈ ਹੈ ਤੇ ਤੇਜਾ ਤਾਇਆ ਜੀ ਨੇ ਕਿਰਪਾਨ - ਪਤਾ ਨਹੀਂ ਕਿਉਂ।

ਬਹੁਤ ਹੀ ਹਨੇਰਾ ਹੈ ਆਸੇ ਪਾਸੇ - ਸਾਨੂੰ ਨਿਆਣਿਆ ਨੂੰ ਤਾਂ ਗੱਡੇ 'ਤੇ ਬੈਠੇ ਵੀ ਬਹੁਤ ਡਰ ਲੱਗ ਰਿਹਾ ਹੈ - ਹੁਣ ਅਸੀਂ 'ਸਾਹਮਣੇ' ਦੇ ਵੱਡੇ ਬਾਗ ਕੋਲੋਂ ਦੀ ਲੰਘ ਰਹੇ ਹਾਂ - ਬੀਜੀ ਸਾਨੂੰ ਸਾਰਿਆਂ ਨੂੰ ਸੌਂ ਜਾਣ ਲਈ ਕਹਿੰਦੇ ਹਨ ਪਰ ਨੀਂਦ ਕੀਹਨੂੰ ਆ ਰਹੀ ਹੈ - ਮੈਂ ਝੂਠੀ ਮੂਠੀ ਅੱਖਾਂ ਬੰਦ ਕਰ ਸੌਣ ਦੀ ਕੋਸ਼ਿਸ਼ ਵਿਚ ਹਾਂ ਪਰ ਅੰਦਰੋਂ ਤਾਂ ਜਾਨ ਨਿਕਲੀ ਪਈ ਹੈ।

ਇਸ ਬਾਗ਼ ਵਿਚ ਤਾਂ ਚੁੜੇਲਾਂ ਰਹਿੰਦੀਆਂ ਹਨ - ਰਾਤ ਨੂੰ ਕੋਠੇ 'ਤੇ ਬੈਠਿਆਂ ਅਸੀਂ ਵੀ ਤਾਂ ਦੇਖਿਆ ਹੈ ਕਈ ਵਾਰ ਬਾਗ ਵਿਚ -'ਝਿਲਮਿਲ ਝਿਲਮਿਲ' ਕਰਦੀਆਂ ਰੌਸ਼ਨੀਆਂ - ਘੁੰਗਰੂਆਂ ਦੀਆਂ ਆਵਾਜ਼ਾਂ ਸੁਣੀਆਂ ਹਨ - ਨਾਲੇ ਕਹਿੰਦੇ ਹਨ ਰਾਤ ਨੂੰ ਤਾਂ ਇਸ ਬਾਗ਼ ਵਿਚ ਚੜੇਲਾਂ ਨੱਚਦੀਆਂ ਵੀ ਹਨ - ਜ਼ਰੂਰ ਨੱਚਦੀਆਂ ਹੋਣਗੀਆਂ - ਰਾਤ ਹੀ ਤਾਂ ਹੁੰਦੀ ਹੈ ਉਨਾਂ ਕੋਲ ਨੱਚਣ ਨੂੰ। ਦਿਨ ਵਿਚ ਤਾਂ ਆਸੇ ਪਾਸੇ ਲੋਕ ਹੁੰਦੇ ਹਨ, ਖੇਤਾਂ ਵਿਚ ਕੰਮ ਕਰਦੇ - ਮੈਂ ਕਿੰਨੀਆਂ ਕਿੰਨੀਆਂ ਗੱਲਾਂ ਆਪਣੇ ਨਾਲ ਹੀ ਕਰੀ ਜਾ ਰਹੀ ਹਾਂ, "ਵਾਹਿਗੁਰੂ ਵਾਹਿਗੁਰੂ" ਕਰ ਬਾਗ਼ ਲੰਘ ਜਾਂਦਾ ਹੈ - ਉਂਜ ਸੋਚਦੀ ਹਾਂ - ਭਾਪਾ ਜੀ ਹੋਰਾਂ ਨੂੰ ਵੀ ਤਾਂ ਜ਼ਰੂਰ ਡਰ ਲਗਦਾ ਹੋਵੇਗਾ ਤਾਂ ਹੀ ਤਾਂ ਉਨਾਂ ਨੇ ਇਹ ਬੰਦੂਕ, ਕਿਰਪਾਨ ਚੁੱਕੀ ਹੋਈ ਹੈ ਪਰ ਉਹ ਤਾਂ ਆਰਾਮ ਨਾਲ ਗੱਲਾਂ ਕਰਦੇ ਜਾ ਰਹੇ ਹਨ - ਘਰ ਦੀਆਂ, ਵਿਆਹ ਦੀਆਂ ਤੇ ਵਿਚ ਵਿਚ ਨੂੰ ਚੋਰਾਂ ਡਾਕੂਆਂ ਦੀਆਂ ਵੀ।

ਡਰ ਦੇ ਨਾਲ ਨਾਲ ਸਾਨੂੰ ਕਿਤੇ ਚਾਅ ਵੀ ਹੈ - ਵਿਆਹ ਦਾ - ਨਵੇਂ ਕਪੜੇ ਪਾਉਣ ਦਾ - ਲੱਡੂ ਜਲੇਬੀਆਂ ਖਾਣ ਦਾ - ਪਏ ਪਏ ਕਦੋਂ ਨੀਂਦ ਆ ਜਾਂਦੀ ਹੈ ਪਤਾ ਹੀ ਨਹੀਂ ਲਗਦਾ। ਉਂਜ ਘਰੋਂ ਵੀ ਤਾਂ ਜਿਵੇਂ ਸੁੱਤੇ ਪਏ - ਉਵੇਂ 'ਠਾਲ ਕੇ ਗੱਡੇ 'ਤੇ ਬਠਾ ਤਾਂ ਸਾਨੂੰ ਸਾਰੀਆਂ ਨੂੰ ਹੀ - ਸੁੱਤਿਆਂ, ਜਾਗਦਿਆਂ ਤੇ ਉਂਘਦਿਆਂ ਨੂੰ।

ਰੰਗੀਲਪੁਰ ਲੰਘ ਗੰਧੋ ਪੁੱਜਣ ਤੋਂ ਪਹਿਲਾਂ ਥੋੜਾ ਉਰਾਂ ਹੀ ਉਂਜ ਤਾਂ ਦਿਨ ਚੜ ਆਇਆ ਹੈ - ਪਿੰਡ ਤੋਂ ਬਾਹਰ ਐਧਰ ਕੋਈ ਹਲਟ ਚਲ ਰਿਹਾ ਹੈ ਤਾਇਆ ਜੀ ਨੇ ਐਧਰ ਅੰਬਾਂ ਹੇਠਾਂ ਲਿਆ ਕੇ ਗੱਡਾ ਖੜਾ ਕਰ ਦਿੱਤਾ ਹੈ। ਹੁਣ ਐਥੇ ਨਾਹ ਧੋ ਕਪੜੇ ਬਦਲ ਸਭ ਤਿਆਰ ਹੋ ਜਾਂਦੇ ਹਨ ਤੇ ਪੁੱਜ ਜਾਂਦੇ ਹਾਂ ਵਿਆਹ ਵਾਲੇ ਘਰ।

ਵਿਆਹ - ਆਜੋ - ਜੇ ਸੰਵਾਰ ਕੇ ਵਿਆਹ ਹੀ ਦੇਖਣੇ ਹਨ ਤਾਂ ਪਿੰਡ ਹੀ ਚਲਦੇ ਹਾਂ - ਆਪਣੇ - ਗਰਮੀਆਂ ਸ਼ੁਰੂ ਹੁੰਦਿਆਂ ਹੀ ਵਿਸਾਖੀ ਦੇ ਨੇੜੇ ਤੇੜੇ ਅੰਤ ਨਹੀਂ ਰਹਿੰਦਾ ਹੈ ਪਿੰਡ ਵਿਚ ਵਿਆਹਾਂ ਦਾ - ਦਾਣੇ ਫੱਕੇ ਤੋਂ ਵਿਹਲੇ ਹੋ, ਚਾਰ ਛਿੱਲੜ ਜੋੜ ਹੋ ਜਾਂਦੇ ਸ਼ੁਰੂ ਕੰਮ - ਜ਼ਿੰਮੇਵਾਰੀਆਂ ਨਿਭਾਉਣ ਉਨਾਂ ਤੋਂ ਮੁਕਤ ਹੋਣ ਦੇ। ਪਿੰਡ ਵਿਚ ਤਾਂ ਆਂਏ ਲੱਗਣ ਲਗ ਜਾਂਦਾ ਹੈ ਜਿਵੇਂ ਵਿਆਹਾਂ ਦੀ ਰੁੱਤ ਆ ਗਈ ਹੋਵੇ- ਅੱਗੜ ਪਿੱਛੜ ਲਗਾਤਾਰ ਵਿਆਹ ਹੀ ਵਿਆਹ। ਕਿਹੜਾ ਕੋਈ ਪੰਡਤਾਂ ਪਾਧਿਆਂ ਤੋਂ ਪੁੱਛਣਾ ਹੈ ਜਾਂ ਮਹੂਰਤ ਕਢਾਉਣਾ ਹੈ ਉਂਜ ਸਾਡੇ ਪਿੰਡ ਤਾਂ ਨਾ ਕੋਈ ਪੰਡਤ ਹੈ ਨਾ ਪਾਂਧਾ। ਬੱਸ ਸੰਗਰਾਦ, ਪੂਰਨਮਾਸ਼ੀ ਜਾਂ ਕੋਈ ਹੋਰ ਸ਼ੁਭ ਠੀਕ ਦਿਨ ਦੇਖ ਕੇ ਭਾਈ ਜੀ ਤੋਂ ਪੁੱਛ - ਕੱਢ ਲਿਆ ਜਾਂਦਾ ਹੈ ਵਿਆਹ ਦਾ 'ਸਾਹਾ' ਨਾਲੇ ਸਹੂਲਤ ਅਨੁਸਾਰ ਕਿ ਕਿਤੇ ਪਿੰਡ ਵਿਚ ਦੋ ਵਿਆਹ 'ਕਠੇ ਨਾ ਹੋ ਜਾਣ - ਜੰਨ ਤਾਂ ਗੁਰਦੁਆਰੇ ਹੀ ਆਉਣੀ ਹੈ - ਮਸਾ ਇਕ ਜੰਨ ਜੋਗੀ ਥਾਂ - ਇਕ ਜੰਨ ਦਾ ਹੀ ਇੰਤਜ਼ਾਮ ਹੋ ਸਕਦਾ ਹੈ। ਹਾਂ ਕੁੜੀ ਮੁੰਡੇ ਦੇ ਵਿਆਹ ਪਿੰਡ ਵਿਚ 'ਕੱਠੇ ਵੀ ਹੋ ਜਾਂਦੇ ਹਨ - ਮੁੰਡੇ ਦੀ ਜੰਨ ਚੜ ਗੀ, ਕੁੜੀ ਦੀ ਆਗੀ - ਨਹੀਂ ਤਾਂ ਇਕ ਜੰਨ ਵਿਦਾ ਹੋਈ ਨਾਲ ਦੀ ਨਾਲ ਜਾਂ ਇਕ ਅੱਧਾ ਦਿਨ ਛੱਡ ਕੇ ਦੂਈ ਆ ਜਾਂਦੀ ਹੈ।

ਸਾਰੇ ਫੈਸਲੇ ਆਪਸ ਵਿਚ ਮਿਲ ਕੇ ਹੀ ਕਰ ਲਏ ਜਾਂਦੇ ਹਨ - ਕੀਹਦਾ ਕੀਹਦਾ ਵਿਆਹ ਕਦ ਕਦ ਹੋਣਾ ਹੁੰਦਾ ਹੈ, ਮਿੱਥ ਲਿਆ ਜਾਂਦਾ ਹੈ - ਨਾ ਕਿਸੀ ਨੂੰ ਗਿਲਾ ਨਾ ਸ਼ਿਕਵਾ। ਉਂਜ ਇਸ ਵਾਰ ਕੀਹਦਾ ਕੀਹਦਾ ਵਿਆਹ ਹੈ, ਸਾਰੇ ਪਿੰਡ ਨੂੰ ਪਤਾ ਹੁੰਦਾ ਹੈ, ਕਿੱਥੋਂ ਜੰਨ ਆਉਣੀ ਹੈ - ਕਿੱਥੇ ਜਾਣੀ ਹੈ - ਸਭ। ਅੱਧੇ ਲੋਕ ਤਾਂ 'ਵਿਚੋਲਗਿਰੀ' ਵਿਚ ਸ਼ਾਮਲ ਹੁੰਦੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ - ਰਿਸ਼ਤੇ ਕਰਾਉਣ ਜਾਣਕਾਰੀਆਂ ਦੇਣ ਨੂੰ। ਉਂਜ ਕਈ ਵਾਰੀ ਤਾਂ ਜੰਨਾਂ ਆਉਂਦੀਆਂ ਜਾਂਦੀਆਂ ਵਿਚੋਂ ਹੀ ਕੋਈ ਸੁਹਣਾ ਸੁਨੱਖਾ ਮੁੰਡਾ ਦੇਖਿਆ -ਪੁੱਛ ਪੜਤਾਲ ਕੀਤੀ - ਰਿਸ਼ਤਾ ਕਰ ਤਾ - ਬੱਸ।

ਮੈਨੂੰ ਲਗਦਾ ਵਿਆਹਾਂ ਦੀ ਬਹੁਤੀ ਜਾਣਕਾਰੀ ਤਾਂ ਤੀਵੀਆਂ ਦਾ ਮਹਿਕਮਾ ਹੀ ਦੇ ਦਿੰਦਾ ਹੈ ਉਨਾਂ ਨੂੰ ਸਾਰੀ ਜਾਣਕਾਰੀ ਹੁੰਦੀ ਹੈ - ਪੂਰੀ ਦੀ ਪੂਰੀ - "ਭਈ ਤੇਰੇ ਤਾਂ 'ਗੋਤੀਆਂ' ਨੇ ਆਉਣਾ ਹੈ ਵਿਆਹੁਣ - 'ਪੱਤਲ' ਆਊ ਤੈਨੂੰ।" ਗੋਹੇ ਕੂੜੇ ਨੂੰ ਆਉਂਦੀਆਂ ਜਾਂਦੀਆਂ ਜਾਂ ਖੂਹ 'ਤੇ ਪਾਣੀ ਭਰਦੀਆਂ - ਇਕ ਦੂਜੀ ਨੂੰ ਕਹਿੰਦੀਆਂ ਸੁਣਦੀਆਂ, ਆਮ ਦੇਖੀਆਂ ਜਾਂਦੀਆਂ। ਉਂਜ ਜੀਹਦੇ ਪੇਕਿਆਂ ਤੋਂ ਪਿੰਡ ਵਿਚ ਜੰਨ ਆਉਂਦੀ ਉਸ ਪਿੰਡ ਦੀਆਂ ਜਿੰਨੀਆਂ ਕੁੜੀਆਂ ਇੱਥੇ ਵਿਆਹੀਆਂ ਹੋਈਆਂ ਹੁੰਦੀਆਂ ਜਾਂ ਉਨਾਂ ਦੀਆਂ 'ਗੋਤਣਾਂ' ਹੁੰਦੀਆਂ ਹਨ, ਉਨਾਂ ਸਾਰੀਆਂ ਨੂੰ ਬਰਾਤ ਵਾਲਿਆਂ ਵੱਲੋਂ 'ਪੱਤਲਾਂ' ਆਉਂਦੀਆਂ - (ਦੁਪਹਿਰ ਦੀ ਰੋਟੀ, ਮਠਿਆਈ- ਉਪਰ ਰੁਪਈਆ ਧਰ ਕੇ) ਖ਼ਬਰੇ ਧੀਆਂ ਧਿਆਣੀਆਂ ਨੂੰ ਮਾਣ ਇੱਜ਼ਤ ਦੇਣ ਦਾ ਹੀ ਇਕ ਵਧੀਆ ਤਰੀਕਾ ਹੋਵੇ ਇਹ, ਜਿਹਾ ਮੈਂ ਸਮਝਦੀ ਹਾਂ।

ਵਿਆਹਾਂ ਤੋਂ ਪਹਿਲਾਂ ਹਰ ਘਰ ਤੋਂ ਮੌਸਮ ਅਨੁਸਾਰ ਇਕ ਬਿਸਤਰਾ ਇਕ ਮੰਜਾ ਗੁਰਦੁਆਰੇ ਪੁੱਜਦਾ ਹੈ - ਲੇਵੀ ਲਾ ਮੰਜਿਆਂ 'ਤੇ ਪਰਚੀਆਂ ਲਾ - ਨਾਉਂ ਲਿਖ ਲਿਖ ਕੇ - ਉਂਜ ਬਹੁਤ ਵਿਆਹ ਗਰਮੀਆਂ ਦੇ ਹੁੰਦੇ - ਦਰੀ ਚਾਦਰ ਸਿਰਾਣੇ ਨਾਲ ਹੀ ਸਰ ਜਾਂਦਾ ਹੈ ਉਂਜ ਇਕ ਵਾਰੀ ਇਹ ਸਭ ਕੁਝ ਗੁਰਦੁਆਰੇ ਪੁੱਜ ਜਾਂਦਾ ਫੇਰ ਕਈ ਦਿਨ ਨਾ ਮੁੜਦਾ - ਜਦ ਤੱਕ ਵਿਆਹਾਂ ਦਾ ਸਿਲਸਿਲਾ ਚਲਦਾ ਰਹਿੰਦਾ।

ਹੁਣ ਜਿੱਦਣ ਤੋਂ 'ਸਾਹੇ' ਕੱਢੇ ਜਾਂਦੇ - ਵਿਆਹਾਂ ਦੀਆਂ ਚਿੱਠੀਆਂ - 'ਗੱਠਾਂ' ਦਿੱਤੀਆਂ ਜਾਂਦੀਆਂ - ਉਦਣ ਤੋਂ ਹੀ ਸ਼ੁਰੂ ਹੋ ਜਾਂਦੇ ਵਿਆਹਾਂ ਦੇ ਕਾਰਜ - ਮਹੀਨਾ ਮਹੀਨਾ ਸਵਾ ਸਵਾ ਮਹੀਨਾ ਪਹਿਲਾਂ - ਰਾਤਾਂ ਨੂੰ ਕੋਠਿਆਂ 'ਤੇ ਲਗਦੀਆਂ ਰੌਣਕਾਂ। ਅੱਧੀ ਅੱਧੀ ਰਾਤ ਤੱਕ, ਦੂਰੋਂ ਦੂਰੋਂ ਸੁਹਾਗ-ਘੋੜੀਆਂ ਗਾਉਂਦੀਆਂ ਤੀਵੀਆਂ - ਲੰਮੀਆਂ ਲੰਮੀਆਂ ਹੇਕਾਂ ਲਾ - ਮਾਨੋ ਧਰਤੀ 'ਤੇ ਹੀ ਉਤਰ ਆਇਆ ਹੋਵੇ ਕਿਤੇ ਰਾਜੇ ਇੰਦਰ ਦਾ 'ਇੰਦਰ ਲੋਕ'। ਚੰਨ ਚਾਨਣੀਆਂ ਰਾਤਾਂ ਵਿਚ ਤਾਂ ਇਹ ਨਜ਼ਾਰਾ - ਕੁੜੀਆਂ ਚਿੜੀਆਂ ਦਾ - ਪਰੀਆਂ ਤੋਂ ਕਿਤੇ ਘਟ ਨਾ ਲਗਦਾ - ਸਾਰਾ ਸਾਰਾ ਦਿਨ ਕੰਮ ਕਰਦਿਆਂ ਲੋਕਾਂ ਦੇ ਜੋ ਐਸ ਵੇਲੇ ਮੰਜਿਆਂ 'ਤੇ ਟੇਢੇ ਹੋਏ ਹੁੰਦੇ - ਸੌਣ ਦੀਆਂ ਤਿਆਰੀਆਂ ਵਿਚ - ਥਕੇਵੇਂ ਲਹਿ ਜਾਂਦੇ। ਮੈਂ ਆਪਣੀ ਮੰਜੀ 'ਤੇ ਪਈ ਸੁਣਦੀ ਰਹਿੰਦੀ ਹਾਂ, ਗੀਤ - ਦੇਖਦੀ ਅੰਬਰ 'ਤੇ ਚਮਕਦੇ ਦਮਕਦੇ ਚੰਦ ਨੂੰ ਕਦੀ ਬਦਲੀਆਂ ਵਿਚ ਲੁਕਣ-ਮੀਟੀ ਖੇਡਦੇ ਨੂੰ, ਕਦੀ ਚਲੋ ਚਾਲ ਤੁਰੇ ਜਾਂਦੇ - ਰਾਹੀਂ ਨੂੰ ਤਾਂ ਸਭ ਭੁੱਲ ਜਾਂਦੀ ਦੀਨ ਦੁਨੀਆ। ਬਿਨਾਂ ਢੋਲਕੀ ਬਿਨਾਂ ਸਾਜ ਸਾਮਾਨ ਦੇ ਇਹ ਗੀਤ - ਪਿੰਡ ਦੀ ਫਿਜ਼ਾ ਵਿਚ ਮਾਖਿਓਂ ਵਾਂਗ ਘੁਲ ਜਾਂਦੇ - ਸਭ ਕੁਝ ਸ਼ਾਂਤ ਹੁੰਦਾ ਜਿਵੇਂ ਹੁਣ ਇਕ ਮਧੁਰ ਸੰਗੀਤ ਤੋਂ ਬਿਨਾਂ ਇੱਥੇ ਹੋਰ ਕੁਝ ਹੈ ਹੀ ਨਹੀਂ - ਬਿਨਾਂ ਕਿਸੇ ਹਲਚਲ ਦੇ ਸਭ ਮੰਤਰ-ਮੁਗਧ ਹੁੰਦਾ - ਜਿਵੇਂ ਕਿਸੇ ਨੇ ਸਾਰਾ ਪਿੰਡ - ਮੰਤਰ ਮਾਰ, ਕੀਲ ਦਿੱਤਾ ਹੋਵੇ - ਸਾਰਾ ਚੌਗਿਰਦਾ - ਸਾਰਾ ਸੰਸਾਰ - ਐਸ ਘੜੀ।

ਫੇਰ ਵਿਆਹ ਦੇ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਤੀਵੀਆਂ - 'ਮਾਂਹ ਹੱਥ' ਕਰਦੀਆਂ ਹਨ -

ਸੱਤ ਸੁਹਾਗਣਾਂ, ਹੱਥ ਮੌਲੀ ਬੰਨ ਉੱਖਲੀ ਵਿਚ ਮਾਂਹ ਛੜਦੀਆਂ- ਸਾਂਭਦੀਆਂ - ਫੇਰ ਵਿਆਹ ਦੀ ਪਹਿਲੀ ਰੋਟੀ 'ਤੇ ਬਣਦੇ ਇਹ ਮਾਂਹ ਸ਼ਗਨਾਂ ਦੇ। ਗੀਤ ਗਾਉਂਦੀਆਂ, ਮਿੱਠਾ ਵੰਡਦੀਆਂ ਕਾਰਜ ਸ਼ੁਰੂ ਕਰ ਦਿੰਦੀਆਂ ਤੇ ਕੁਝ ਦਾਣੇ ਮਾਹਾਂ ਦੇ ਪਰਨਾਲੇ ਹੇਠ ਦੱਬ ਦਿੰਦੀਆਂ ਹਨ - ਬਈ ਵਿਆਹ ਵਾਲੇ ਦਿਨ ਕਿਤੇ ਮੀਂਹ ਨਾ ਪੈ ਜਾਏ - ਜਣੀ ਇੰਦਰ ਦੇਵਤਾ ਨੂੰ ਵੀ ਪ੍ਰਸੰਨ ਚਿੰਤ ਕਰਨਾ ਸਭ ਤੋਂ ਪਹਿਲਾਂ ਜਾਣਦੀਆਂ ਹਨ ਉਹ-

**ਮਾਂਹ ਹੱਥ ਵੇਲੇ ਦਾ ਗੀਤ -**




ਸੱਤ ਸੁਹਾਗਣ ਸੱਤ ਬਲੇ
ਉਖਲੀ ਹੱਥ ਲਵਾਈ ਓ, ਸੱਤ ਵਾਰੀ।

ਸੱਤੇ ਸੁਹਾਗਣਾ ਮੂਹਲਾ ਫੜ ਮਾਂਹ ਛੜਦੀਆਂ ਤੇ ਗਾਉਂਦੀਆਂ ਹਨ। ਬਾਅਦ ਵਿਚ ਕੁੜੀ ਮੁੰਡੇ ਦੇ ਵਿਆਹ ਅਨੁਸਾਰ ਘੋੜੀਆਂ ਜਾਂ ਸੁਹਾਗ ਗਾਏ ਜਾਂਦੇ:

(ਇਕ ਟੋਲੀ)
ਹਰੀਏ ਨੀ ਰਸ ਭਰੀਏ ਖੰਜੂਰੇ
ਕੀਨੇ ਤੈਨੂੰ ਦੇ ਦਿੱਤਾ ਦੂਰੇ -
(ਦੂਜੀ ਟੋਲੀ)
ਅੰਮਾ ਤਾਂ ਮੇਰੀ ਨੂੰ ਖ਼ਬਰ ਨਾ ਹੋਈ
ਬਾਬਲ ਨੇ ਦਿੱਤਾ ਦੂਰੇ -
- - - -
ਦਾਦੀ ਤਾਂ ਮੇਰੀ ਨੂੰ ਖ਼ਬਰ ਨਾ ਹੋਈ
ਦਾਦੇ ਨੇ ਦੇ ਦਿੱਤਾ ਦੂਰੇ।
ਮਾਮੀ ਤਾਂ ਮੇਰੀ ਨੂੰ ਖ਼ਬਰ ਨਾ ਹੋਈ
ਮਾਮੇ ਨੇ ਦੇ ਦਿੱਤਾ ਦੂਰੇ।

- ਤੇ ਮੈਂ ਸੋਚਦੀ ਹਾਂ, ਸੱਚੀ ਮੁੱਚੀ ਤੀਵੀਆਂ ਨੂੰ ਕੌਣ ਪੁੱਛਦਾ ਹੈ ਬਸ ਆਦਮੀ ਆਪ ਹੀ 'ਵਰ' ਟੋਲ ਕੇ ਜਿੱਥੇ ਜੀ ਕਰਦਾ ਰਿਸ਼ਤਾ ਕਰ ਦਿੰਦੇ ਹਨ - ਗਾਉਂਦੀਆਂ ਹੰਢਾਉਂਦੀਆਂ, ਸਭ - ਸੱਚ ਹੀ ਤਾਂ ਕਹਿੰਦੀਆਂ ਹਨ ਇਹ ਤੀਵੀਆਂ -

(ਇਕ ਟੋਲੀ):
ਐਸੀ ਬੇਲਾ,
ਐਸੀ ਬੇਲਾ ਤੈਨੂੰ 'ਕੌਣ' ਲੋੜੀਂਦਾ - ਬੀਬੀ -
ਐਸੀ ਵੇਲਾ -
(ਦੂਜੀ ਟੋਲੀ)
ਐਸੀ ਬੇਲਾ -
ਐਸੀ ਬੇਲਾ ਮੈਨੂੰ 'ਬੀਰਾ' ਲੋੜੀਂਦਾ
ਭਾਬੋ, ਐਸੀ ਵੇਲਾ।
(ਇਕ ਟੋਲੀ)
ਬਾਬਲ ਕਿਉਂ ਨਿਮਿਆਂ
ਧਰਮੀ ਕਿਉਂ ਨਿਮਿਆਂ -
(ਦੂਜੀ ਟੋਲੀ):
ਇਸ ਕੋਠੇ ਦੀ ਛੱਤ ਪੁਰਾਣੀ
ਬਾਬਲ ਧਰਮੀ ਤਾਂ ਨਿਮਿਆ -

ਤੇ ਇਸੇ ਤਰਾਂ ਜੇ ਮੁੰਡੇ ਦਾ ਵਿਆਹ ਹੋਵੇ ਤਾਂ ਪੰਜ ਸੱਤ ਘੋੜੀਆਂ ਗਾ ਮਿੱਠਾ ਵੰਡ ਸ਼ਗਨ ਕਰ ਲਿਆ ਜਾਂਦਾ ਹੈ।

ਘੋੜੀਆਂ:
ਫੁੱਲ ਕੇਸਰਾ ਵੇ -
ਤੈਨੂੰ ਕੀਹਦੇ ਮੱਥੇ ਲਾਵਾਂ-
ਫੁੱਲ ਕੇਸਰਾ ਵੇ-
ਤੈਨੂੰ ਵੀਰੇ ਮੱਥੇ ਲਾਵਾਂ-
ਚੰਨ ਚੜਤੀ ਦਾ ਚੜਿਆ-
ਤਾਰਿਆਂ ਝਿਲ ਮਿਲ ਲਾਈ -
ਪੱਗ ਤੇਰੀ ਵੀ ਵੀਰਾ -
**ਮੋਤੀਆਂ ਜੜਤ ਜੜਾਈ**

ਫੇਰ ਦੋ ਤਿੰਨ ਦਿਨ ਪਹਿਲਾਂ ਬੰਨੇ ਨੂੰ ਬੰਹੀ ਨੂੰ ਬਟਣਾ ਲਾਇਆ ਜਾਂਦਾ ਹੈ - ਅੰਮਾ ਦਾਦੀ, ਮਾਂ, ਤਾਈਆਂ, ਚਾਚੀਆਂ, ਬੂਆ, ਭੈਣਾਂ ਤੇ ਵਿਆਹ ਵਾਲੇ ਦਿਨ ਪੁੱਜੀਆਂ- ਮਾਮੀਆਂ, ਮਾਸੀਆਂ ਬਟਣੇ ਲਾਉਂਦੀਆਂ ਹਨ - ਸ਼ਗਨ ਕਰਦੀਆਂ ਹਨ ਪੈਸੇ ਦੇ ਚਾਂਦੀ ਦੀਆਂ ਮੁੰਦੀਆਂ ਪਾ - ਸਾਰੇ ਸ਼ਗਨ - ਸਿਰਾਂ ਤੇ ਦੋਸੜੇ (ਦੋ ਚੁੰਨੀਆਂ) ਲੈ ਲੈ -

ਬਾਏ- ਬਾ- ਕਟੋਰਾ ਬਟਣੇ ਦਾ ਜਿੰਦਲੀ
ਬਾਏ ਬਾ- ਮਲੇਦੀਆਂ ਦੋ ਜਣੀਆਂ ਜਿੰਦਲੀ...
ਬਟਣੇ ਮਾ ਪਾਇਆ ਤੇਲ
ਕਿ ਬਟਣੇ ਦਾ ਮੇਲ ਕਿ ਬਟਣਾ ਕਿਨੇ ਮਲਿਆ...
ਬਟਣੇ ਮਾ ਪਾਈ ਹਲਦੀ'
ਕਿ ਪੀਲੀ ਹਲਦੀ ਕਿ ਬਟਣਾ ਮੈਂ ਮਲਿਆ...

ਬਟਣਾ ਮਲਿਆ ਜਾਂਦਾ ਹੈ ਕੁਆਰੀਆਂ ਕੁੜੀਆਂ ਬਟਣਾ ਮਲਦੀਆਂ ਹਨ ਕੁੜੀ ਮੁੰਡੇ ਦੇ ਸਿਰ 'ਤੇ ਨਿੱਕੀ ਜਿਹੀ ਪੀਲ ਖੱਦਰ ਦੀ ਚਾਨਣੀ ਹੈ - ਜਿਹਦੀਆਂ ਚਾਰੇ ਕੰਨੀਆਂ ਵਿਚ ਪੈਸੇ, ਚੌਲ, ਮੌਲੀ, ਦੁੱਬ ਬੰਨੀ ਹੋਈ ਹੁੰਦੀ ਹੈ ਪੈਰਾਂ ਥੱਲੇ ਪੈਸੇ ਚੱਪਣੀਆਂ। ਬਟਣੇ ਤੋਂ ਬਾਅਦ ਪਹਿਲਾਂ ਮਾਂ ਫੇਰ ਵਾਰੀ ਵਾਰੀ ਜੀਹਨੇ ਉਸ ਦਿਨ ਬਟਣਾ ਲਾਉਣਾ ਹੈ ਵਿਆਂਦੜ ਨੂੰ ਖੜਾ ਕਰ - ਥਾਲੀ ਹੱਥ ਫੜ - ਹੇਠਾਂ ਦੀਵਾ ਬਾਲ- ਲੋ ਕਰਦੀ ਹੈ - ਅੱਖੀਂ ਪਾਉਂਦੀ ਹੈ - ਥਾਲ ਵਿਚ ਰੱਖੇ ਚੌਲ, ਘੀ, ਬੂਰੇ ਨਾਲ ਖੁਆਉਂਦੀ ਹੈ- ਸੱਤ ਬੁਰਕੀਆਂ - ਫੇਰ ਦੋਸੜੇ (ਦੋ ਚੁੰਨੀਆਂ) ਦੇ ਲੜ ਨਾਲ ਜੋ ਉਸ ਨੇ ਉੱਤੇ ਲਿਆ ਹੁੰਦਾ ਹੈ - 'ਸੇਵਾ ਲੜੀ' ਕਰਦੀ ਹੈ - ਪੈਰੀਂ ਗੋਡੀਂ ਹੱਥ ਲਾ ਲਾ - ਤੀਵੀਆਂ ਗੀਤ ਗਾਂਉਂਦੀਆਂ ਹਨ-

ਹੈ ਨੀ ਸੇਵਾ ਲੜੀ ਕਰ ਅੰਮਾ
ਵੀਰਾ ਬਾਹਰ ਖੜਿਆ-
ਹੈ ਨੀ ਅਪਨੀ ਬੰਨੋ ਦਾ ਚਾਉ
ਅੰਦਰ ਜਾ ਨੀ ਵੜਿਆ-

'ਬਟਣਾ' ਲਗਣ ਤੋਂ ਮਗਰੋਂ ਹੁਣ ਕੁੜੀ ਨੂੰ ਕੰਮ ਧੰਦੇ ਤੇ ਬਾਹਰ ਜਾਣਾ ਮਨਾ ਹੋ ਜਾਂਦਾ ਹੈ। ਕੁਝ ਵੀ ਮਾੜਾ ਚੰਗਾ - ਵਾਪਰ ਜਾਣ ਦੇ ਡਰੋਂ - ਕੁੜੀਆਂ ਨੂੰ ਤਾਂ ਬੁੜੀਆਂ ਹੋਰ ਵੀ ਡਰਾ ਦਿੰਦੀਆਂ ਹਨ - "ਬਾਹਰ ਨੀ ਜਾਣਾ ਭਾਈ - ਓਪਰੀ ਕਸਰ ਵੀ ਹੋ ਜਾਂਦੀ ਹੈ - ਸਾਹੇ ਬੰਨਿਆਂ ਨੂੰ।"

ਸਾਰੀਆਂ 'ਕੱਠੀਆਂ ਹੋਈਆਂ ਤੀਮੀਆ ਨੂੰ ਰਿਵਾਜ ਅਨੁਸਾਰ ਬਕਲੀਆਂ (ਉੱਬਲੀ ਕਣਕ, ਛੋਲੇ ਜਾਂ ਮੱਕੀ ਕੋਈ ਵੀ ਚੀਜ਼) ਵੰਡੀਆਂ ਜਾਂਦੀਆ ਹਨ ਤੋਂ ਸਿਲਸਿਲਾ ਜਾਰੀ ਰਹਿੰਦਾ ਹੈ - ਵਿਆਹ ਤੱਕ।

ਵਿਆਹ ਤੋਂ ਇਕ ਦਿਨ ਪਹਿਲਾਂ 'ਮੇਲ' ਆਉਣ ਲੱਗ ਜਾਂਦਾ ਹੈ - ਗੀਤਾਂ ਨਾਲ ਸੁਆਗਤ ਹੁੰਦਾ ਹੈ ਸਭ ਦਾ - ਖ਼ਾਸ ਕਰ ਨਾਨਕਿਆਂ ਦਾ - ਹੋਵੇ ਵੀ ਕਿਉਂ ਨਾ ਭਾਈ - ਅੱਧਾ ਵਿਆਹ ਖ਼ਾਸ ਕਰ 'ਗੱਭਲੀ ਧਾਮ' (ਦੂਜੇ ਦਿਨ ਦੀ ਰੋਟੀ) ਨਾਨਕਿਆਂ ਨੇ ਹੀ ਤਾਂ ਕਰਨੀ ਹੁੰਦੀ ਹੈ।

**ਗੀਤ:**
ਅੰਦਰੋਂ ਨਿਕਲੀ ਬੀਬੀ ਨੇ ਤੇਰੇ ਪਿਓਕੜੇ ਆਏ - ਜਾਂ
ਕੁੜੀ ਦਾ ਨਾਂ ਲੈ ਕੇ - ਅੰਦਰੋਂ ਨਿਕਲੀਂ 'ਪਾਲੋ' ਨੀ ਤੇਰੇ ਨਾਨਕੇ ਆਏ। ਪੈ ਜਾਂਦੀਆਂ ਭਾਜੜਾਂ 'ਬੀਬੀ' ਨੂੰ ਸੁਆਗਤ ਕਰਨ ਲਈ।

ਨਾਨਕੇ ਆਉਂਦੇ ਹਨ - ਨਾਨਕੀ-ਛੱਕ ਲੈ ਕੇ - ਦਾਦਕਾ ਪਰਿਵਾਰ ਮੂਹਰੇ ਆਇਆ ਦੀ ਸੇਵਾ ਕਰਦਾ ਹੈ। ਆਈਆਂ ਮਾਮੀਆਂ, ਮਾਸੀਆਂ ਦੇ ਪੱਲਿਆਂ 'ਚ ਸ਼ਗਨ ਵਜੋਂ ਵਿਆਂਦੜ ਦੀ ਮਾਂ (ਨਾਰੀਅਲ, ਠੂਠੀ, ਮਹਿੰਦੀ, ਮੌਲੀ ਲੱਡੂ ਨਾਲ ਪੈਸੇ ਪਾ) ਪੁੜੀਆਂ ਪਾਉਂਦੀ ਹੈ - ਸ਼ਗਨ ਮਨਾਉਂਦੀ ਹੈ।

ਸੇਵਾ ਮਗਰੋਂ ਨਾਲ ਨਾਲ ਹੀ ਸ਼ੁਰੂ ਹੋ ਜਾਂਦਾ ਹੈ ਸਿੱਠਣੀਆਂ ਦੇਣ ਦਾ ਕੰਮ ਦੋਹਾਂ ਧਿਰਾਂ ਤੋਂ। ਦਾਦਕੀਆਂ ਨਾਨਕੀਆਂ ਦੇ 'ਵਾਰ' - ਇਕ ਦੂਜੀ 'ਤੇ ਵਧ ਚੜ ਕੇ ਤੇ ਇੰਜ ਹੀ 'ਨਾਨਕੀ-ਛੱਕ' ਦਿਖਾਉਣ ਵੇਲੇ ਵੀ-

ਜੇ ਭਜਨੇ ਤੈਂ ਪੀਲੀ ਬੰਨੀ (ਪੱਗ) ਉਹ ਵੀ
ਸਜਦੀ ਨਾ ਹੀ
ਬਲਦਮਾ - ਲਦਲਮਾ ਲਿਸ਼ਕੇ ਬਿਜਲੀ
ਤੇਰੇ ਸਿਰ 'ਤੇ
ਤੇਰੇ ਸਿਰ 'ਤੇ ਬੋਬੋ (ਭੈਣ) ਨੱਚਦੀ - ਭਾਮਾਂ (ਭਾਵੇਂ ਦੇਖ ਲਾ।
ਛੱਜ ਓਹਲੇ ਛਾਨਣੀ ਪਰਾਤ ਓਹਲੇ ਗੋਈ ਵੇ
ਨਾਨਕੀਆਂ ਦਾ ਮੇਲ ਆਇਆ ਚੱਜ ਦੀ ਨਾ ਕੋਈ ਵੇ।
ਤੁੜਕੇ ਬਾਜ ਕਰੇਲੇ, ਅਸਾਂ ਨਾ ਖਾਣੇ
ਤੁੜਕੇ ਬਾਜ ਕਰੇਲੇ-
ਨਾਲੇ 'ਧਰਮਾ' - 'ਬੋਬੋ' ਦਿੰਦਾ ਨਾਲੇ ਕੱਢਦਾ ਡੇਲੇ
ਅਸਾਂ ਨਾ ਖਾਣੇ-
(ਤੇਜੋ) ਉਰਾਂ ਨੂੰ ਹੋਜਾ ਨੀ
ਹਮ ਤਮ ਕਰੀਏ ਬਾਤ
ਉਰਾਂ ਨੂੰ ਹੋ ਗਾ ਨੀ
ਗੋਡਾ ਗੋਡਾ ਜੋੜ ਕੋ ਤੇਰੇ
ਮਾਂਰਾਂ ਕਮਰ ਮਾ (ਵਿਚ) ਲੱਤ
ਪਰਾਂ ਨੂੰ ਹੋ ਜਾ ਨੀ
ਤੈਥੋਂ ਆਵੇ 'ਡਾਟ' (ਬੋ)
ਪਰਾਂ ਨੂੰ ਹੋ ਜਾ ਨੀ।
ਭਾਗੋ ਨੱਟਣੀ ਚਲੇ ਮ ਸੁੱਤੀ - ਚਲੇ ਮਾ ਸੁੱਤੀ
ਤਿਲੀਅਰ ਮੱਛਰ - ਖਾਵੇ ਕੋਈ ਆਵੇ ਨਾ ਜਾਵੇ -
(ਆਪਣੇ ਕਿਸੇ ਮੁੰਡੇ ਦਾ ਨਾਂ ਲੈ ਕੇ)
'ਧਰਮਾ' ਸਾਡਾ ਰੰਨਾਂ ਦਾ ਸ਼ੌਕੀ -
ਚੁੱਟਕੀ ਮਾਰ ਉਡਾਵੇ-
ਕੋਈ ਆਵੇ ਨਾ ਜਾਵੇ -
ਦੇਖੋ ਬਈ ਲੋਕੋ-
ਨਾਨਕੀ ਛੱਕ - ਬਈ, ਨਾਨਕੀ ਛੱਕ-
ਮਾਮੇ ਨੇ ਧਰ ਦਿੱਤੀ -
ਦੰਮਾਂ ਦੀ ਲੱਪ ਬਈ
ਦੰਮਾਂ ਦੀ ਲੱਪ-
ਜਾਂ
ਮਾਮੇ ਦੇ ਧਰ ਦਿੱਤੀ -
'ਜੋਰੋ' (ਘਰ ਵਾਲੀ) ਦੀ ਲੱਤ ਬਈ-

**ਬਾਕੀ ਸਫ਼ਾ 32 'ਤੇ**

## ਖ਼ਾਲਸਾ ਏਡ: ਵਿਚਿ ਦੁਨੀਆ ਸੇਵ ਕਮਾਈਐ...

ਖ਼ਾਲਸਾ ਏਡ' ਦੇ ਭਾਰਤ ਵਿੱਚ ਸੋਸ਼ਲ ਮੀਡੀਆ ਵਿੰਗ ਦੇ ਮੁਖੀ ਗਗਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਦੀ ਟੀਮ ਵੱਲੋਂ ਮਿਆਂਮਾਰ ਤੋਂ ਉਜੜ ਕੇ ਆਏ ਲੋਕਾਂ ਲਈ ਦੋ ਵੇਲੇ ਦਾ ਲੰਗਰ, ਪੀਣ ਵਾਲੇ ਪਾਣੀ,ਦਵਾਈਆਂ, ਕੱਪੜਿਆਂ ਤੇ ਹੋਰ ਵਸਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਭਲਾਈ ਕਾਰਜਾਂ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਪ੍ਰਬੰਧ ਕਰਨ ਵਿੱਚ ਜੁਟੀਆਂ ਰਹੀਆਂ ਹਨ।

ਖ਼ਾਲਸਾ ਏਡ' ਦੀ ਲੁਧਿਆਣਾ ਟੀਮ ਦੇ ਮੁਖੀ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਔਨਲਾਈਨ ਡੋਨੇਸ਼ਨ ਨੂੰ ਵਿਸ਼ਵ ਭਰ ਦੀ ਸੰਗਤ ਵੱਲੋਂ ਹੁੰਗਾਰਾ ਦਿੱਤਾ ਜਾ ਰਿਹਾ ਹੈ। ਲੁਧਿਆਣਾ ਟੀਮ ਵੱਲੋਂ ਗੁਰਦੁਆਰਾ ਸਿੰਘ ਸਭਾ ਸਰਾਭਾ ਨਗਰ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਗੁਰਦੁਆਰਾ ਆਲਮਗੀਰ ਸਾਹਿਬ ਤੋਂ ਇਲਾਵਾ ਮੁੱਖ ਬਾਜ਼ਾਰਾਂ ਅਤੇ ਸ਼ੌਪਿੰਗ ਕੰਪਲੈਕਸਾਂ ਵਿੱਚ ਜਾ ਕੇ ਫੰਡ ਇਕੱਠਾ ਕੀਤਾ ਗਿਆ ਸੀ ਅਤੇ ਲੋਕਾਂ ਨੂੰ ਮਨੁੱਖਤਾ ਦੀ ਸੇਵਾ ਲਈ ਪ੍ਰੇਰਿਆ ਗਿਆ ਸੀ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿੱਚ ਜਿੱਥੇ ਵੀ ਆਫ਼ਤ ਆਉਂਦੀ ਹੈ, ਖ਼ਾਲਸਾ ਏਡ ਵੱਲੋਂ ਉਥੇ ਪੁੱਜ ਕੇ ਸੇਵਾ ਕਾਰਜ ਕੀਤੇ ਜਾਂਦੇ ਹਨ। ਇਸੇ ਤਹਿਤ ਰੋਹਿੰਗਿਆ ਮੁਸਲਮਾਨਾਂ ਦੀ ਮਦਦ ਕੀਤੀ ਜਾ ਰਹੀ ਹੈ, ਜਿਹੜੀ ਅੱਗੇ ਵੀ ਜਾਰੀ ਰਹੇਗੀ।

## ਖ਼ਾਲਸਾ ਏਡ ਵਲੋਂ ਕੀਤੇ ਜਾ ਰਹੇ ਮਾਨਵਵਾਦੀ ਕਾਰਜਾਂ ਦੀ ਐਨਡੀਟੀਵੀ ਦੇ ਪ੍ਰਾਈਮ ਟਾਈਮ 'ਚ ਸਰਾਹਨਾ

ਸਿਧਾਂਤ ਦੇ ਨਾਲ ਸਿੱਖਾਂ ਦੀ ਸਰਬਸਾਂਝੀਵਾਲਤਾ ਵਾਲੀ ਪਹੁੰਚ ਨੂੰ ਬਾਖੂਬੀ ਪੇਸ਼ ਕਰਦਾ ਹੈ। ਲੋਕ ਪੱਖੀ ਤਾਕਤਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪੱਤਰਕਾਰਾ ਵਲੋਂ ਅਪਣੀ ਨਿਰਪੱਖ, ਦਲੇਰਾਨਾ ਅਤੇ ਸਪੱਸ਼ਟ ਪਹੁੰਚ ਰੱਖਣ ਵਾਲੇ ਰਵੀਸ਼ ਕੁਮਾਰ ਨੇ ਇਸ ਸਾਰੀ ਗੱਲਬਾਤ ਦੌਰਾਨ ਖਾਲਸਾ ਏਡ ਦੇ ਨੁਮਾਇੰਦਿਆਂ ਨੂੰ ਅਪਣੇ ਸਟੂਡੀਓ ਬੁਲਾ ਕੇ ਵਿਸਥਾਰ ਵਿੱਚ ਕੀਤੀ ਵਿਚਾਰ ਚਰਚਾ ਦੌਰਰਨ ਨਿੱਜੀ ਤੌਰ ਉੱਤੇ ਵੀ ਸਿੱਖ ਭਾਈਚਾਰੇ ਦੀ ਹੋਰਨਾਂ ਧਰਮਾਂ ਦੀ ਰੱਖਿਆ ਲਈ ਕੁਰਬਾਨੀਆਂ ਰਾਹੀਂ ਮਾਨਵਤਾ ਨੂੰ ਦਿੱਤੀ ਵੱਡੀ ਦੇਣ ਪ੍ਰਤੀ ਸਿਜਦਾ ਕੀਤਾ ਹੈ।

ਇਸ ਗੱਲ ਦੌਰਾਨ ਰਵੀਸ਼ ਕੁਮਾਰ ਸ਼ੋਸ਼ਲ ਮੀਡੀਆ ਵਿੱਚ ਕੁਝ ਜੰਨੂਨੀ ਹਿੰਦੂ ਜਥੇਬੰਦੀਆਂ ਵਲੋਂ ਖਾਲਸਾ ਏਡ ਉੱਤੇ ਮੁਸਲਮਾਨਾਂ ਦੀ ਸੇਵਾ ਕਰਨ ਸਬੰਧੀ ਲਾਏ ਜਾ ਰਹੇ ਬੇਸਿਰਪੈਰ ਦੋਸ਼ਾਂ ਤੇ ਇਤਰਾਜ਼ਾਂ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਖਾਲਸਾ ਏਡ ਦੇ ਨੁੰਮਾਇੰਦਿਆਂ ਨੇ ਕਿਹਾ ਕਿ ਸਿੱਖ ਲਈ ਲੋੜਵੰਦ ਦੀ ਸੇਵਾ ਕਰਨ ਸਮੇਂ ਉਸਦਾ ਧਰਮ ਕੋਈ ਮਾਅਨੇ ਨਹੀਂ ਰਖਦਾ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਨਹੀਂ ਅਸੀਂ ਨਿਪਾਲ ਵਿੱਚ ਭਿਆਨਕ ਭੁੱਚਾਲ ਸਮੇਂ ਜਦੋਂ ਮਦਦ ਲਈ ਪਹੁੰਚੇ ਇਹ ਨਹੀਂ ਵੇਖਿਆ ਕਿ ਉਹ ਹਿੰਦੂ ਹਨ ਜਾਂ ਕੋਈ ਹੋਰ। ਇਸੇ ਤਰ੍ਹਾਂ ਸਹਾਰਨਪੁਰ, ਮੁਜ਼ੱਫਰਨਗਰ ਅਤੇ ਹੋਰਨੀਂ ਥਾਈਂ ਸਭਨਾਂ ਧਰਮਾਂ ਦੇ ਦੰਗਾ ਪੀੜਤਾਂ ਦੀ ਮਦਦ ਕੀਤੀ। ਅਸੀਂ ਤਾਂ ਅਪਣੇ ਗੁਰੂ ਸਾਹਿਬਾਨ ਵਲੋਂ ਵਿਖਾਏ ਰਸਤੇ ਉੱਤੇ ਚਲਦਿਆਂ ਹਰ ਮਨੁੱਖ ਦੀ ਮਦਦ ਦਾ ਯਤਨ ਕਰਦੇ ਹਾਂ। ਹਰ ਸੱਚੇ ਸਿੱਖ ਦਾ ਇਹ ਨਿਸ਼ਾਨਾ ਤੇ ਧਾਰਮਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਸਬੰਧੀ ਜਦੋਂ ਅਸੀਂ ਵੱਖ ਵੱਖ ਥਾਈਂ ਜਾਗਰੂਕਤਾ ਕੈਂਪ ਲਾਏ ਤਾਂ ਸਮਝਦਾਰ ਹਿੰਦੂ ਭਰਾਵਾਂ ਨੇ ਵੀ ਸਾਨੂੰ ਸ਼ਾਬਾਸ਼ ਦੇਣ ਦੇ ਨਾਲ ਨਾਲ ਬਣਦੀ ਸਰਦੀ ਮਾਲੀ ਮਦਦ ਵੀ ਦਿੱਤੀ।

ਇਹ ਪ੍ਰੋਗਰਾਮ ਵੇਖਣ ਲਈ ਲਿੰਕ: https://www.youtube.com/watch?v=P2Ei4wFSVA4

## ਭਾਰਤ ਨੇ ਅਫ਼ਗਾਨਿਸਤਾਨ 'ਚ ਫ਼ੌਜ ਭੇਜਣ ਤੋਂ ਕੀਤੀ ਤੌਬਾ

ਸਵਾਲਾਂ 'ਤੇ ਸੀਤਾਰਾਮਨ ਨੇ ਕਿਹਾ, 'ਮੈਦਾਨ 'ਚ ਫੱਟੜ ਹੋਣ ਵਾਲਿਆਂ ਅਤੇ ਨਾਗਰਿਕਾਂ ਨੂੰ ਅਸੀਂ ਆਪਣੇ ਹਸਪਤਾਲਾਂ 'ਚ ਸਹੂਲਤਾਂ ਦਿੰਦੇ ਹਾਂ। ਇਹ ਮੈਡੀਕਲ ਸਹਾਇਤਾ ਜਾਰੀ ਰਹੇਗੀ। ਜੇਕਰ ਲੋੜ ਪਈ ਤਾਂ ਇਸ ਨੂੰ ਵਧਾਇਆ ਜਾਵੇਗਾ। ਅਸੀਂ ਸਪੱਸ਼ਟ ਕਰ ਚੁੱਕੇ ਹਾਂ ਕਿ ਜੰਗ ਦੇ ਮੈਦਾਨ 'ਚ ਭਾਰਤ ਦੀ ਭੂਮਿਕਾ ਨਹੀਂ ਹੋਵੇਗੀ।' ਨਵੀਂ ਟਰੰਪ ਨੀਤੀ ਅਧੀਨ ਭਾਰਤ ਦਾ ਇਹ ਸਟੈਂਡ ਕਾਫ਼ੀ ਅਹਿਮ ਹੈ। ਹਾਲਾਂਕਿ ਅਮਰੀਕਾ ਇਸ ਜੰਗ ਪ੍ਰਭਾਵਿਤ ਮੁਲਕ 'ਚ ਭਾਰਤ ਦੀ ਵੱਡੀ ਭੂਮਿਕਾ ਚਾਹੁੰਦਾ ਹੈ।

ਮੈਟਿਜ਼ ਨੇ ਕਿਹਾ, 'ਅਫ਼ਗਾਨਿਸਤਾਨ 'ਚ ਭਾਰਤ ਦੇ ਅਣਮੁੱਲੇ ਯੋਗਦਾਨ ਦੀ ਅਸੀਂ ਸ਼ਲਾਘਾ ਕਰਦੇ ਹਾਂ ਅਤੇ ਉਸ ਦੀ ਜਮਹੂਰੀਅਤ, ਸਥਿਰਤਾ ਤੇ ਸੁਰੱਖਿਆ ਲਈ ਭਾਰਤ ਦੇ ਭਵਿੱਖੀ ਯਤਨਾਂ ਦਾ ਸਵਾਗਤ ਕਰਦੇ ਹਾਂ।' ਪਾਕਿ ਤਰਫ਼ੋਂ ਸਰਹੱਦ ਪਾਰਲੇ ਅਤਿਵਾਦ ਬਾਰੇ ਭਾਰਤੀ ਚਿੰਤਾਵਾਂ ਦਾ ਜ਼ਿਕਰ ਕਰਦਿਆਂ ਸੀਤਾਰਾਮਨ ਨੇ ਕਿਹਾ ਕਿ ਇਸ ਮੁੱਦੇ ਉਤੇ 'ਡੂੰਘਾਈ' ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਸ੍ਰੀ ਮੈਟਿਜ਼ ਨੇ ਕਿਹਾ ਕਿ ਅਤਿਵਾਦ ਲਈ ਸੁਰੱਖਿਅਤ ਪਨਾਹਗਾਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਦੌਰਾਨ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਨੁਮਾਇੰਦੇ ਸੱਯਦ ਅਕਬਰ-ਉਦ-ਦੀਨ ਨੇ ਕਿਹਾ, 'ਸਾਨੂੰ ਚੰਗੇ ਤੇ ਮਾੜੇ ਅਤਿਵਾਦੀਆਂ ਦਰਮਿਆਨ ਫਰਕ ਨਹੀਂ ਕਰਨਾ ਚਾਹੀਦਾ। ਨਾ ਹੀ ਇੱਕ ਗੁੱਟ ਨੂੰ ਦੂਜੇ ਖ਼ਿਲਾਫ਼ ਖੜ੍ਹਾ ਕਰਨਾ ਚਾਹੀਦਾ ਹੈ। ਤਾਲਿਬਾਨ, ਹੱਕਾਨੀ ਨੈੱਟਵਰਕ, ਅਲ-ਕਾਇਦਾ, ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਨੂੰ ਸੰਯੁਕਤ ਰਾਸ਼ਟਰ ਵੱਲੋਂ ਦਹਿਸ਼ਤੀ ਜਥੇਬੰਦੀਆਂ ਐਲਾਨਿਆ ਜਾ ਚੁੱਕਿਆ ਹੈ।' ਪਾਕਿਸਤਾਨ 'ਤੇ ਨਿਸ਼ਾਨਾ ਸੇਧਦਿਆਂ ਉਨ੍ਹਾਂ ਕਿਹਾ, 'ਇਹ ਕੌਮਾਂਤਰੀ ਭਾਈਚਾਰੇ ਦੀ ਸਭ ਤੋਂ ਪਹਿਲੀ ਅਤੇ ਅਹਿਮ ਜ਼ਿੰਮੇਵਾਰੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਦਹਿਸ਼ਤਗਰਦਾਂ ਨੂੰ ਕਿਤੇ ਵੀ ਸੁਰੱਖਿਅਤ ਠਾਹਰ ਨਾ ਮਿਲੇ।'

ਜੇਮਸ ਮੈਟਿਜ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸ਼ਾਂਤੀ, ਸਥਿਰਤਾ ਤੇ ਅਤਿਵਾਦ ਖ਼ਿਲਾਫ਼ ਜੰਗ ਲਈ ਸਾਂਝੀਆਂ ਤਰਜੀਹਾਂ ਜਾਰੀ ਰੱਖਣ ਤੋਂ ਇਲਾਵਾ ਭਾਰਤ ਤੇ ਅਮਰੀਕਾ ਦਰਮਿਆਨ ਖੇਤਰੀ ਤੇ ਆਲਮੀ ਸਹਿਯੋਗ 'ਤੇ ਚਰਚਾ ਕੀਤੀ ਗਈ। ਪ੍ਰਧਾਨ ਮੰਤਰੀ ਦਫ਼ਤਰ ਦੇ ਬਿਆਨ ਮੁਤਾਬਕ ਮੀਟਿੰਗ ਦੌਰਾਨ ਸ੍ਰੀ ਮੋਦੀ ਨੇ ਆਪਸੀ ਸਰੋਕਾਰ ਵਾਲੇ ਖੇਤਰੀ ਤੇ ਆਲਮੀ ਮੁੱਦਿਆਂ 'ਤੇ ਭਾਰਤ ਤੇ ਅਮਰੀਕਾ ਦਰਮਿਆਨ ਕਰੀਬੀ ਸਬੰਧਾਂ ਦੀ ਸ਼ਲਾਘਾ ਕੀਤੀ।

## ਚੌਥੇ ਪਾਤਸ਼ਾਹ ਦੇ ਪ੍ਰਕਾਸ਼ ਪੁਰਬ 'ਤੇ ਪੂਰੀ ਗੁਰੂ ਨਗਰੀ 'ਚ ਹੋਵੇਗੀ ਦੀਪਮਾਲਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਸ਼ਹਿਰ ਦੇ ਬਾਨੀ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦਾ 584ਵਾਂ ਪ੍ਰਕਾਸ਼ ਪੁਰਬ (7 ਅਕਤੂਬਰ) ਇਸ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਢੰਗ ਨਾਲ ਮਨਾਏ ਜਾਣ ਦੀ ਯੋਜਨਾ ਹੈ, ਜਿਸ ਤਹਿਤ ਸਮੁੱਚੇ ਸ਼ਹਿਰ ਵਿੱਚ ਦੀਪਮਾਲਾ ਕੀਤਾ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਮਨਾਉਣ ਲਈ ਸਮੁੱਚੇ ਸ਼ਹਿਰ ਵਾਸੀਆਂ ਕੋਲੋਂ ਸਹਿਯੋਗ ਲਿਆ ਜਾ ਰਿਹਾ ਹੈ। ਚੌਥੇ ਪਾਤਸ਼ਾਹ ਵੱਲੋਂ ਸੰਨ 1577 ਵਿੱਚ ਅੰਮ੍ਰਿਤਸਰ ਵਸਾਇਆ ਗਿਆ ਸੀ। ਕਮੇਟੀ ਦੀ ਯੋਜਨਾ ਹੈ ਕਿ ਇਸ ਵਾਰ ਹਰ ਸ਼ਹਿਰ ਵਾਸੀ ਆਪਣੇ ਘਰ 'ਤੇ ਦੀਪਮਾਲਾ ਕਰੇ। ਹਰ ਸ਼ਹਿਰ ਵਾਸੀ ਨੂੰ ਅਪੀਲ ਕੀਤੀ ਗਈ ਹੈ ਕਿ ਭਾਵੇਂ ਸੰਕੇਤਕ ਰੂਪ ਵਿੱਚ ਹੀ ਸੀ ਪਰ ਦੋ ਦੀਵੇ ਜ਼ਰੂਰ ਬਾਲੇ। ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਰਕਾਰੀ ਇਮਾਰਤਾਂ 'ਤੇ ਦੀਪਮਾਲਾ ਕਰਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਰੇਲਵੇ ਸਟੇਸ਼ਨ, ਹਵਾਈ ਅੱਡਾ, ਬੱਸ ਅੱਡਾ ਤੇ ਹੋਰ ਇਮਾਰਤਾਂ ਵੀ ਸ਼ਾਮਲ ਹੋਣਗੀਆਂ।

## ਸੰਕਟਾਂ 'ਚ ਘਿਰੀ 'ਪਾਪਾ ਦੀ ਪਰੀ' ਨੂੰ ਨਾ ਮਿਲੀ ਰਾਹਤ

ਦਾਖ਼ਲ ਕਰਨ 'ਤੇ ਵੀ ਸਵਾਲ ਉਠਾਇਆ ਅਤੇ ਕਿਹਾ ਕਿ ਉਹ ਹਰਿਆਣਾ ਦੀ ਪੱਕੀ ਵਸਨੀਕ ਹੈ ਤਾਂ ਫਿਰ ਇਥੇ ਅਰਜ਼ੀ ਕਿਉਂ ਦਿੱਤੀ। ਦਿੱਲੀ ਅਤੇ ਹਰਿਆਣਾ ਪੁਲੀਸ ਦੇ ਵਕੀਲ ਨੇ ਕਿਹਾ ਕਿ ਆਪਣੇ ਹੱਕ 'ਚ ਫ਼ੈਸਲਾ ਕਰਾਉਣ ਲਈ ਅਜਿਹਾ ਹੱਥਕੰਡਾ ਵਰਤਿਆ ਗਿਆ ਹੈ ਅਤੇ ਦਿੱਲੀ ਦਾ ਗ਼ਲਤ ਪਤਾ ਦੇ ਕੇ ਉਹ ਅਦਾਲਤ ਨੂੰ ਗੁੰਮਰਾਹ ਕਰ ਰਹੀ ਹੈ। ਟਰਾਂਜ਼ਿਟ ਪੇਸ਼ਗੀ ਜ਼ਮਾਨਤ ਅਰਜ਼ੀ ਦਿੱਲੀ ਤੋਂ ਹਰਿਆਣਾ ਜਾਣ ਸਮੇਂ ਗ੍ਰਿਫ਼ਤਾਰੀ ਤੋਂ ਬਚਣ ਲਈ ਮੰਗੀ ਗਈ ਸੀ।

### ਹੱਥ ਮਲਦੀ ਰਹਿ ਗਈ ਦੋ ਰਾਜਾਂ ਦੀ ਪੁਲੀਸ

ਹਨੀਪ੍ਰੀਤ ਹਨੀ ਦਿੱਲੀ ਆ ਕੇ ਆਪਣੇ ਵਕੀਲ ਨੂੰ ਮਿਲੀ ਅਤੇ ਫਿਰ ਗਾਇਬ ਹੋ ਗਈ। ਉਹ ਹਰਿਆਣਾ ਪੁਲੀਸ ਦੇ ਨਾਲ-ਨਾਲ ਦਿੱਲੀ ਪੁਲੀਸ ਨੂੰ ਵੀ ਚਕਮਾ ਦੇ ਗਈ। ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ 'ਚ ਇਕ ਔਰਤ ਕਾਲਾ ਬੁਰਕਾ ਪਾਈ ਨਜ਼ਰ ਆ ਰਹੀ ਹੈ ਅਤੇ ਉਹ ਹਨੀਪ੍ਰੀਤ ਵਾਂਗ ਜਾਪਦੀ ਹੈ। ਹਰਿਆਣਾ ਪੁਲੀਸ ਨੇ ਦਿੱਲੀ ਦੇ ਗ੍ਰੇਟਰ ਕੈਲਾਸ਼ 'ਚ ਛਾਪਾ ਮਾਰਿਆ ਪਰ ਹਨੀਪ੍ਰੀਤ ਉੱਥੇ ਨਹੀਂ ਮਿਲੀ। ਦਿੱਲੀ ਹਾਈ ਕੋਰਟ ਨੂੰ ਦਿੱਤੇ ਦਸਤਾਵੇਜ਼ਾਂ 'ਚ ਇਸ ਪਤੇ ਦਾ ਜ਼ਿਕਰ ਕੀਤਾ ਗਿਆ ਸੀ।

## ਪੰਜਾਬ ਦੇ ਕਿਸਾਨ ਆਰ-ਪਾਰ ਦੀ ਲੜਾਈ ਲਈ ਤਿਆਰ

ਸਰਕਾਰ ਨੂੰ ਵੰਗਾਰਦਿਆਂ ਕਿਸਾਨਾਂ ਨੇ ਕਿਹਾ ਕਿ ਪਰਾਲੀ ਦੀ ਸਾਂਭ ਸੰਭਾਲ ਲਈ ਝੋਨੇ 'ਤੇ ਪ੍ਰਤੀ ਏਕੜ ਛੇ ਹਜ਼ਾਰ ਰੁਪਏ ਬੋਨਸ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਉਹ ਪਰਾਲੀ ਨੂੰ ਜ਼ਰੂਰ ਸਾੜਨਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਰੋਕਣ ਜਾਂ ਜੁਰਮਾਨੇ ਆਦਿ ਲਾਉਣ 'ਤੇ ਤਿੱਖੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ।ਗ ਕਿਸਾਨ ਜਥੇਬੰਦੀਆਂ ਨੇ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਇਕ ਮਹੀਨੇ 'ਚ ਮਸਲਿਆਂ ਦਾ ਹੱਲ ਨਾ ਹੋਇਆ ਤਾਂ 27 ਅਕਤੂਬਰ ਨੂੰ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕੀਤਾ ਜਾਵੇਗਾ। ਧਰਨੇ 'ਚ ਭਾਵੇਂ ਕਰਜ਼ਾ ਮੁਕਤੀ ਸਮੇਤ ਹੋਰ ਮਸਲੇ ਵੀ ਰਿੜਕੇ ਗਏ, ਪਰ ਝੋਨੇ ਦਾ ਸੀਜ਼ਨ ਸਿਰ 'ਤੇ ਹੋਣ ਕਰਕੇ ਪਰਾਲੀ ਸਾੜਨ ਦਾ ਮੁੱਦਾ ਭਾਰੂ ਰਿਹਾ।ਗ ਧਰਨੇ ਦੇ ਆਖਰੀ ਦਿਨ ਬਠਿੰਡਾ, ਮਾਨਸਾ, ਬਰਨਾਲ਼ਾ ਤੇ ਸੰਗਰੂਰ ਜ਼ਿਲ੍ਹਿਆਂ 'ਚੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਿਰਕਤ ਕੀਤੀ। ਪਟਿਆਲਾ ਖੇਤਰ ਵਿਚੋਂ ਵੀ ਹਜ਼ਾਰਾਂ ਕਿਸਾਨ ਸ਼ਾਮਲ ਹੋਏ।ਗ ਇਕੱਠ ਨੂੰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਪ੍ਰਧਾਨ ਸੁਰਜੀਤ ਸਿੰਘ ਫੂਲ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਜੀਤ ਸਿੰਘ ਝੀਤਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਗੁਰਮੀਤ ਸਿੰਘ ਮਹਿਮਾ ਤੇ ਹੋਰਨਾਂ ਨੇ ਸੰਬੋਧਨ ਕੀਤਾ।ਗ

ਬੁਲਾਰਿਆਂ ਨੇ ਦੁਹਰਾਇਆ ਕਿ ਬੈਂਕਾਂ, ਆੜ੍ਹਤੀਆਂ ਤੇ ਸੂਦਖੋਰਾਂ ਵੱਲੋਂ ਕਰਜ਼ੇ ਦੀ ਜਬਰੀ ਉਗਰਾਹੀ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।ਗ ਸਰਕਾਰ ਤੋਂ ਫਸਲਾਂ ਦਾ ਉਜਾੜਾ ਕਰਦੇ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਦਾ ਪੱਕਾ ਪ੍ਰਬੰਧ ਕਰਨ, ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਦੇਣ, ਕਾਸ਼ਤਕਾਰ ਕਿਸਾਨਾਂ ਦੇ ਨਾਮ ਗਿਰਦਾਵਰੀਆਂ ਕਰਨ, ਪੀੜਤ ਕਿਸਾਨਾਂ ਨੂੰ ਫ਼ਸਲਾਂ ਦੀ ਬਰਬਾਦੀ ਦਾ ਮੁਆਵਜ਼ਾ ਦੇਣ, ਨੌਜਵਾਨਾਂ ਲਈ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਨ ਦੀ ਮੰਗ ਵੀ ਕੀਤੀ।ਗ

ਇਸ ਅੰਦੋਲਨ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਦੋ ਸੌ ਕਿਸਾਨਾਂ ਨੂੰ ਸਟੇਜ ਤੋਂ ਸਨਮਾਨਿਤ ਵੀ ਕੀਤਾ ਗਿਆ।ਗ ਬੁਲਾਰਿਆਂ ਨੇ ਧਰਨੇ ਦੌਰਾਨ ਟਰਾਲੀ ਤੋਂ ਡਿੱਗਣ ਕਰਕੇ ਰੀੜ੍ਹ ਦੀ ਹੱਡੀ 'ਤੇ ਸੱਟ ਲੁਆ ਬੈਠੇ ਕਿਸਾਨ ਕਾਬਲ ਸਿੰਘ ਸਭਰਾ ਦਾ ਸਰਕਾਰੀ ਖਰਚੇ 'ਤੇ ਇਲਾਜ ਕਰਾਏ ਜਾਣ ਦੀ ਮੰਗ ਵੀ ਕੀਤੀ।ਗ ਧਰਨੇ ਦੀ ਸਮਾਪਤੀ 'ਤੇ ਕਿਸਾਨਾਂ ਨੇ ਭਵਾਨੀਗੜ੍ਹ ਤੱਕ ਟਰੈਕਟਰ ਮਾਰਚ ਕੀਤਾ ਤੇ ਇਸ ਦੌਰਾਨ ਮੁਕੰਮਲ ਅਨੁਸ਼ਾਸਨ ਦਾ ਸਬੂਤ ਦਿੱਤਾ।ਗ ਪੁਲੀਸ ਨੇ ਹਾਲਾਂਕਿ ਪਟਿਆਲਾ ਵੱਲ ਨੂੰ ਜਾਂਦੀ ਸੜਕ 'ਤੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹੋਏ ਸਨ।

## ਗੁਰੂਆਂ ਦੇ ਨਾਮ 'ਤੇ ਵਸਦੇ ਪੰਜਾਬ ਦਾ ਸੁੱਚਾ ਮੋਤੀ ਸੀ ਅਫ਼ਜ਼ਲ ਅਹਿਸਨ ਰੰਧਾਵਾ

ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਉਹ ਕਵਿਤਾ ਪੜ੍ਹਾਂ ? ਮੇਰੇ ਸਮੇਤ ਸਭ ਦਿਲਾਂ ਵਿਚ ਇਕ ਝਣਝਣਾਹਟ ਉੱਠੀ ਤੇ ਸਭ ਨੇ ਸਰਬ ਸੰਮਤੀ ਨਾਲ ਹਾਮੀ ਭਰੀ ਜਿਵੇਂ ਹਰ ਕੋਈ ਪਹਿਲਾਂ ਹੀ ਇਸਦੀ ਤੜਫ ਰੱਖਦਾ ਸੀ। ਉਹਨਾਂ ਕਵਿਤਾ ਪੜ੍ਹਨੀ ਸ਼ੁਰੂ ਕੀਤੀ, ਸਭ ਸਰੋਤੇ ਜੂਨ 1984 ਵਿਚ ਪੁੱਜ ਗਏ, ਉਸ ਕੌਮੀ ਦਰਦ ਨੂੰ ਅੱਜ ਫਿਰ ਮਹਿਸੂਸ ਕੀਤਾ ਗਿਆ, ਸਭ ਅੱਖਾਂ ਨਮ ਸਨ, ਇਕ ਖਾਸ ਅਹਿਸਾਸ ਤੇ ਜਜ਼ਬਾਤ ਦਾ ਮਹੌਲ ਸੀ ਉਹ। ਉਹ ਕਵਿਤਾ ਪੜ੍ਹਦੇ-ਪੜ੍ਹਦੇ ਰੋ ਪਏ, ਸਭ ਰੋ ਪਏ। ਬੱਸ, ਉਹਨਾਂ ਹੁਣ ਆਖਰੀ ਬੋਲ ਬੋਲੇ ਕਿ

ਮੇਰਾ ਡੁੱਬਿਆ ਸੂਰਜ ਚੜ੍ਹੇਗਾ
ਓੜਕ ਮੁੱਕੇਗੀ ਇਹ ਰਾਤ।

ਕੈਸੀ ਕਵਿਤਾ ਸੀ ਇਹ। ਮੈਨੂੰ ਲੱਗਿਆ ਕਿ ਇਹ ਕਵਿਤਾ ਉਹਨਾਂ ਨੇ ਨਹੀਂ ਸੀ ਲਿਖੀ ਸਗੋਂ ਉਹਨਾਂ ਨੂੰ ਨਾਜ਼ਲ ਹੋਈ ਹੈ ਇਹ ਕਵਿਤਾ, ਬੱਸ! ਉਹਨਾਂ ਨੇ ਤਾਂ ਕਲਮ ਚਲਾਈ ਹੈ। ਇਹ ਇਕ ਮੁਕੰਮਲ ਕਵਿਤਾ ਸੀ, ਜੋ ਭੂਤ, ਵਰਤਮਾਨ ਤੇ ਭਵਿੱਖ ਨਾਲ ਓਤ-ਪੋਤ ਸੀ। ਕਵਿਤਾ ਕੇਵਲ ਜੂਨ 1984 ਦੇ ਫੌਜੀ ਹਮਲੇ ਪਿੱਛੇ ਅਸਲ ਕਾਰਨਾਂ, ਉਸ ਸਮੇਂ ਦੇ ਹਲਾਤਾਂ, ਸੰਤਾਂ ਦੀ ਸ਼ਹਾਦਤ, ਸਿੱਖ ਸਿਧਾਂਤਾਂ, ਸਿੱਖ ਕੌਮ ਦੀਆਂ ਕੁਰਬਾਨੀਆਂ ਤੇ ਭਵਿੱਖ ਲਈ ਦਿਸ਼ਾ-ਨਿਰਦੇਸ਼ ਹੀ ਨਹੀਂ ਦੱਸਦੀ ਸਗੋਂ ਇਸਨੂੰ ਪੜ੍ਹਨ-ਸੁਣਨ ਵਾਲੇ ਨੂੰ ਉਸ ਮਹੌਲ ਵਿਚ ਲੈ ਜਾਂਦੀ ਹੈ ਅਤੇ ਉਸਦੇ ਸਾਹਮਣੇ ਨਵੇਂ ਘੱਲੂਘਾਰੇ ਦੇ ਅਸਲ ਚਿੱਤਰ ਪਰਗਟ ਹੋ ਜਾਂਦੇ ਹਨ ਜਿਹਨਾਂ ਨੂੰ ਸ਼ਬਦਾਂ ਦੀ ਵਿਆਖਿਆ ਦੇਣੀ ਕਿਸੇ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ।

ਸੋਚਦਾ ਹਾਂ ਕਿ ਕਿੱਦਾਂ ਦੀ ਅਗੰਮੀ ਸਾਂਝ ਹੈ ਅਫ਼ਜ਼ਲ ਅਹਿਸਨ ਰੰਧਾਵਾ ਜੀ ਦੀ ਸਿੱਖਾਂ, ਸਿੱਖੀ ਤੇ ਸ਼ਹੀਦਾਂ ਨਾਲ, ਬਿਲਕੁਲ ਭਾਈ ਮਰਦਾਨਾ, ਸਾਂਈ ਮੀਆਂ ਮੀਰ ਜੀ ਵਰਗੀ, ਪੀਰ ਭੀਖਣ ਸਾਹ ਤੇ ਪੀਰ ਬੁੱਧੂ ਸ਼ਾਹ ਜਹੀ ਪਾਕ ਪਵਿੱਤਰ ਤੇ ਰੂਹਾਨੀ ਜੋ ਕਿ ਕਈ ਪੀੜ੍ਹੀਆਂ ਵਿਚ ਦੀ ਹੁੰਦੀ ਹੋਈ ਪਰਗਟ ਹੁੰਦੀ ਪਰਤੀਤ ਹੁੰਦੀ ਹੈ। ਅਫ਼ਜ਼ਲ ਅਹਿਸਨ ਰੰਧਾਵਾ ਜੀ ਨੇ 9 ਜੂਨ 1984 ਨੂੰ ਹੀ ਭਰੇ ਮਨ ਤੇ ਰੋਂਦੇ ਹੋਏ ਇਹ ਕਵਿਤਾ ਉਚਾਰੀ ਸੀ ਅਤੇ ਉਹਨਾਂ ਉਹ ਸਭ ਕੁਝ ਉਸੇ ਸਮੇਂ ਮਹਿਸੂਸ ਕਰ ਲਿਆ ਸੀ ਜੋ ਕਈ ਸਿੱਖ ਉਦੋਂ ਮਹਿਸੂਸ ਨਾ ਕਰ ਸਕੇ ਅਤੇ ਕਈ ਅਜੇ ਤੱਕ ਵੀ ਮਹਿਸੂਸ ਨਹੀਂ ਕਰ ਸਕੇ।

ਅਫ਼ਜ਼ਲ ਅਹਿਸਨ ਰੰਧਾਵਾ ਜਿਹੀਆਂ ਸ਼ਖਸੀਅਤਾਂ ਵਿਛੜੇ ਪੰਜਾਬਾਂ ਦੇ ਮੁੜ ਮੇਲ ਦਾ ਕਾਰਨ ਬਣਨਗੀਆਂ ਅਤੇ ਪ੍ਰੋ. ਪੂਰਨ ਸਿੰਘ ਦੇ ਬੋਲ ਕਿ "ਪੰਜਾਬ ਸਾਰਾ ਜੀਂਦਾ ਗੁਰਾਂ ਨੇ ਨਾਮ 'ਤੇ" ਦੇ ਸੱਚ ਹੋਣ ਦੀ ਅਰਦਾਸ ਕਰਦਿਆਂ ਅਫ਼ਜ਼ਲ ਅਹਿਸਨ ਰੰਧਾਵਾ ਨਾਲ ਬਿਤਾਏ ਪਲਾਂ ਦੇ ਅਹਿਸਾਸ ਨੂੰ ਸਭ ਨਾਲ ਸਾਂਝਾ ਕਰਦਿਆਂ ਮਾਣ ਮਹਿਸੂਸ ਕਰਦਾ ਹਾਂ।

## ਸਿੱਖ ਕੌਮ ਨੂੰ ਮੌਜੂਦਾ ਸਮੇਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ

ਦੀਆਂ ਚਾਲਾਂ ਨੂੰ ਸਮਝਣ ਅਤੇ ਆਪਸੀ ਵਖਰੇਵਿਆਂ ਤੋਂ ਉਪਰ ਉੱਠ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨਾਂ ਅਨੁਸਾਰ ਖਾਲਿਸਤਾਨ ਦੀ ਪ੍ਰਾਪਤੀ ਲਈ ਲਾਮਬੰਦੀ ਕਰਨ। ਖਾਲਿਸਤਾਨ ਦੀ ਪ੍ਰਾਪਤੀ ਤੋਂ ਬਿਨਾਂ ਸਾਡਾ ਕੋਈ ਮਸਲਾ ਹੱਲ ਨਹੀਂ ਹੋ ਸਕਦਾ ਅਤੇ ਜੇ ਅਸੀਂ ਇਸ ਚੱਲ ਰਹੇ ਵਰਤਾਰੇ ਨੂੰ ਨਾ ਰੋਕ ਸਕੇ ਤਾਂ ਸਿੱਖ ਭਾਰਤੀ ਸੰਵਿਧਾਨ ਅਨੁਸਾਰ ਪੰਜਾਬ ਦੀ ਧਰਤੀ 'ਤੇ ਮਹਿਜ਼ ਕੇਸਾਧਾਰੀ ਹਿੰਦੂ ਬਣ ਕੇ ਰਹਿ ਜਾਣਗੇ।

ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਅੱਜ ਦੇ ਸਮੇਂ ਪੰਜਾਬ ਨੂੰ ਹਰ ਪੱਖੋਂ ਪ੍ਰਫੁਲੱਤ ਕਰਨ ਵੱਲ ਸੰਗਤਾਂ ਦਾ ਧਿਆਨ ਕੇਂਦਰਿਤ ਕੀਤਾ ਅਤੇ ਕਿਹਾ ਕਿ ਸਾਨੂੰ ਵਿੱਦਿਆ ਪੱਖੋਂ, ਉਦਯੋਗ ਪੱਖੋਂ ਅਤੇ ਮਾਨਸਿਕ ਤੌਰ 'ਤੇ ਤਿਆਰ ਬਰ ਤਿਆਰ ਹੋ ਕੇ ਸਮੇਂ ਦਾ ਟਾਕਰਾ ਕਰਨਾ ਚਾਹੀਦਾ ਹੈ ਅਤੇ ਰਾਜਸੀ ਅਜ਼ਾਦੀ ਲਈ ਪੇਸ਼ਕਦਮੀਂ ਕਰਨੀ ਚਾਹੀਦੀ ਹੈ।

ਇਸ ਸੈਮੀਨਾਰ ਵਿੱਚ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਤੋਂ ਹਰਜਿੰਦਰ ਸਿੰਘ ਪਾਈਨਹਿੱਲ ਅਤੇ ਸਿੱਖਸ ਫਾਰ ਜਸਟਿਸ ਤੋਂ ਡਾ. ਬਖਸ਼ੀਸ਼ ਸਿੰਘ ਸੰਧੂ ਵਲੋਂ ਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਸਟੇਜ ਸੱਕਤਰ ਦੀ ਸੇਵਾ ਰਜਿੰਦਰ ਸਿੰਘ ਵਲੋਂ ਬੜੀ ਖੂਬਸੂਰਤੀ ਨਾਲ ਨਿਭਾਈ ਗਈ ਅਤੇ ਵੱਡੀ ਗਿਣਤੀ ਵਿੱਚ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਸੈਮੀਨਾਰ ਵਿੱਚ ਹਾਜ਼ਰ ਹੋਈ ਸੰਗਤਾਂ ਦੀ ਵੱਡੀ ਗਿਣਤੀ ਨੇ ਪ੍ਰਬੰਧਕਾਂ ਦੇ ਹੌਂਸਲੇ ਬੁਲੰਦ ਕੀਤੇ। ਟੀ.ਵੀ.84 ਅਤੇ ਰੇਡੀਓ ਵਾਇਸ ਆਫ ਖਾਲਸਾ ਵੱਲੋਂ ਇਸ ਸੈਮੀਨਾਰ ਨੂੰ ਕਵਰ ਕੀਤਾ ਗਿਆ।

## ਤਿੰਨ ਭਾਰਤੀ ਨਿਊਜ਼ੀਲੈਂਡ ਦੀ ਸੰਸਦ ਦੇ ਮੈਂਬਰ ਬਣੇ

ਚੇਅਰਪਰਸਨ ਵਜੋਂ ਸਫ਼ਲਤਾਪੂਰਬਕ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਰਮਜੀਤ ਪਰਮਾਰ 1995 ਵਿੱਚ ਆਪਣੇ ਪਤੀ ਸਮੇਤ ਆਕਲੈਂਡ (ਨਿਊਜ਼ੀਲੈਂਡ) ਚਲੇ ਗਏ ਸਨ। ਉਨ੍ਹਾਂ ਪੂਣੇ ਯੂਨੀਵਰਸਿਟੀ ਤੋਂ ਬਾਇਓ ਕੈਮਿਸਟਰੀ ਵਿੱਚ ਮਾਸਟਰ ਡਿਗਰੀ ਕਰਨ ਤੋਂ ਬਾਅਦ ਨਿਊਜ਼ੀਲੈਂਡ ਵਿੱਚ ਬਾਇਓਲੋਜੀਕਲ ਸਾਇੰਸਿਜ਼ ਵਿੱਚ ਪੀਐਚਡੀ ਕੀਤੀ। ਇਸੇ ਤਰ੍ਹਾਂ ਨਿਊਜ਼ੀਲੈਂਡ ਵਿੱਚ ਭਾਰਤੀ ਮੂਲ ਦੇ ਕੰਵਲਜੀਤ ਸਿੰਘ ਬਖ਼ਸ਼ੀ ਅਤੇ ਪ੍ਰਿਅੰਕਾ ਰਾਧਾਕ੍ਰਿਸ਼ਨਨ ਸੰਸਦ ਮੈਂਬਰ ਵਜੋਂ ਚੁਣੇ ਗਏ ਹਨ। ਸ੍ਰੀ ਬਖ਼ਸ਼ੀ ਚੌਥੀ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ ਜਦਕਿ 38 ਸਾਲਾ ਪ੍ਰਿਅੰਕਾ ਲੇਬਰ ਪਾਰਟੀ ਵੱਲੋਂ ਉਥੋਂ ਦੀ ਸੰਸਦ ਵਿੱਚ ਪਹੁੰਚਣ ਵਿੱਚ ਸਫ਼ਲ ਹੋਈ ਹੈ। ਸ੍ਰੀ ਬਖ਼ਸ਼ੀ ਨੂੰ ਨਿਊਜ਼ੀਲੈਂਡ 'ਚ ਪਹਿਲੇ ਭਾਰਤੀ ਅਤੇ ਪਹਿਲੇ ਸਿੱਖ ਮੈਂਬਰ ਪਾਰਲੀਮੈਂਟ ਹੋਣ ਦਾ ਮਾਣ ਹਾਸਲ ਹੈ। ਦਿੱਲੀ ਦੇ ਜਨਮੇ ਅਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ ਸ੍ਰੀ ਬਖ਼ਸ਼ੀ 2008 ਵਿੱਚ ਪਹਿਲੀ ਵਾਰ ਐਮਪੀ ਬਣੇ ਸਨ। ਪ੍ਰਿਅੰਕਾ ਰਾਧਾਕ੍ਰਿਸ਼ਨਨ ਕੇਰਲਾ ਨਾਲ ਸਬੰਧਤ ਦੱਸੇ ਜਾਂਦੇ ਹਨ ਜੋ ਸਿੰਗਾਪੁਰ ਤੋਂ ਨਿਊਜ਼ੀਲੈਂਡ ਪਹੁੰਚੇ ਤੇ ਉਥੇ ਵਿਕਟੋਰੀਆ ਯੂਨੀਵਰਸਿਟੀ ਤੋਂ ਉੱਚ ਵਿਦਿਆ ਹਾਸਲ ਕਰਨ ਉਪਰੰਤ ਸਿਆਸਤ ਵਿੱਚ ਆਏ।

## ਭਾਰਤ ਦੇ ਜੰਗੀ ਰੁਖ਼ ਨਾਲ ਸਿੱਝਣ ਲਈ ਹੀ ਪਰਮਾਣੂ ਹਥਿਆਰ ਤਿਆਰ ਕੀਤੇ : ਸ਼ਾਹਿਦ ਖ਼ਾਕਾਨ ਅੱਬਾਸੀ

ਕਿਹਾ ਕਿ ਸਿੰਧੂ ਪਾਣੀ ਸਮਝੌਤੇ ਸਬੰਧੀ ਦੋਵਾਂ ਮੁਲਕਾਂ ਦੇ ਵਿਵਾਦ ਨੂੰ ਹੱਲ ਕਰਨ ਦਾ ਢੰਗ-ਤਰੀਕਾ ਇਸ ਸਮਝੌਤੇ ਵਿੱਚ ਹੀ ਮੌਜੂਦ ਹੈ। ਉਨ੍ਹਾਂ ਕਿਹਾ, "ਇਹ ਇਕ ਕਾਨੂੰਨੀ ਮਾਮਲਾ ਹੈ। ਇਸ ਨੂੰ ਸਮਝੌਤੇ ਦੇ ਹਵਾਲੇ ਵਿੱਚ ਹੀ ਸੁਲਝਾਇਆ ਜਾ ਸਕਦਾ ਹੈ।"

**ਕਸ਼ਮੀਰ ਬਾਰੇ ਸਲਾਮਤੀ ਕੌਂਸਲ ਦਾ ਮਤਾ ਲਾਗੂ ਕਰਨ ਦੀ ਵਕਾਲਤ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖ਼ਾਕਾਨ ਅੱਬਾਸੀ ਨੇ ਅਮਰੀਕਾ ਦੀ 'ਕੌਂਸਲ ਫਾਰ ਫੌਰਨ ਰਿਲੇਸ਼ਨਜ਼' ਵਿੱਚ ਬੋਲਦਿਆਂ ਕਸ਼ਮੀਰ ਸਬੰਧੀ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤਿਆਂ ਨੂੰ ਲਾਗੂ ਕੀਤੇ ਜਾਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁਲਕ ਜੰਮੂ-ਕਸ਼ਮੀਰ ਦੇ ਸਵੈ-ਨਿਰਣੇ ਦੇ ਹੱਕ ਦੀ ਹਮਾਇਤ ਜਾਰੀ ਰੱਖੇਗਾ। ਉਨ੍ਹਾਂ ਕਿਹਾ, "ਭਾਰਤ ਤੇ ਪਾਕਿਸਤਾਨ ਵਿਚਕਾਰ ਕਸ਼ਮੀਰ ਇਕ ਬੁਨਿਆਦੀ ਮੁੱਦਾ ਹੈ।"

## GIRL WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (612) 849-5258

## Seeking a Nanny/Babysitter

Wanted a Nanny for two small kids. Job included free accomodation and meals. Those interested can Call : 1 (612) 849-5258

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279

For Classified Contact

510.240.5949


## ਭਾਰਤੀ ਕਾਰੋਬਾਰ 'ਤੇ ਜੀ.ਐਸ.ਟੀ. ਦੀ ਮਾਰ

ਡਾਊਨ ਹੋ ਗਿਆ ਹੈ। ਟੀ.ਐਸ.ਟੀ. ਸਰਿਆ, ਐਂਗਲ, ਪੈਨਲ ਇਨ੍ਹਾਂ ਸਾਰਿਆਂ ਦੀ ਵਿਕਰੀ ਬਹੁਤ ਹੀ ਘੱਟ ਗਈ ਹੈ। ਫੈਕਟਰੀਆਂ 'ਚ ਜਿਥੇ ਤਿੰਨ ਸ਼ਿਫਟਾਂ ਚਲ ਰਹੀਆਂ ਸਨ, ਉਥੇ 2 ਸ਼ਿਫਟਾਂ ਚਲ ਰਹੀਆਂ ਹਨ। ਓਵਰਟਾਈਮ ਕਰਨ ਵਾਲਿਆਂ ਦੀ ਕਮਾਈ ਘੱਟ ਹੋ ਗਈ ਹੈ, ਕਿਊਂਕਿ ਓਵਰਟਾਈਮ ਬੰਦ ਹੈ ਜਾਂ ਘੱਟ ਹੈ। ਹਰ ਸੈਕਟਰ 'ਚ ਦਿਹਾੜੀ ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਸਭ ਤੋਂ ਵੱਧ ਪ੍ਰਭਾਵਤ ਇਹੀ ਹਨ। ਵੈਸੇ ਵੀ ਬੈਂਕਾਂ ਦੇ ਐਨਪੀਏ 'ਚ 39 ਫ਼ੀਸਦੀ ਹਿੱਸਾ ਸਟੀਲ ਸੈਕਟਰ ਦਾ ਹੀ ਹੈ। ਰਾਜਸਥਾਨ 'ਚ ਪੈਟਰੋਲ ਅਤੇ ਡੀਜ਼ਲ ਦੀ ਖਪਤ 'ਚ ਸਾਡੇ 6 ਫ਼ੀਸਦੀ ਦੀ ਕਮੀ ਆ ਗਈ ਹੈ। ਅਸੀਂ ਸਰਕਾਰ ਨੂੰ ਪਾਜ਼ੀਟਿਵ ਸੁਝਾਅ ਦਿੰਦੇ ਹਾਂ, ਪਰ ਕੋਈ ਐਕਸ਼ਨ ਨਹੀਂ ਹੁੰਦਾ। ਸਥਾਨਕ ਪੱਧਰ 'ਤੇ ਸਮੱਸਿਆਵਾਂ ਦਾ ਹੱਲ ਤਾਂ ਬੰਦ ਹੀ ਹੋ ਗਿਆ ਹੈ।

ਇਸੇ ਤਰ੍ਹਾਂ ਅਸੀਂ ਜੈਪੁਰ ਦੇ ਪੱਥਰਾਂ ਨੂੰ ਤਰਾਸ਼ ਕੇ ਫੈਂਸੀ ਆਈਟਮ ਬਣਾਉਣ ਵਾਲੇ ਇਕ ਕਾਰੋਬਾਰੀ ਨਾਲ ਗੱਲ ਕੀਤੀ। ਨਾਮ ਨਾ ਦੱਸਣ ਦੀ ਸ਼ਰਤ 'ਤੇ ਉਸ ਨੇ ਕਿਹਾ ਕਿ ਉਸ ਦੇ ਬਿਜ਼ਨਸ 'ਚ 80 ਫ਼ੀਸਦੀ ਦੀ ਗਿਰਾਵਟ ਆਈ ਹੈ। 28 ਫ਼ੀਸਦੀ ਜੀਐਸਟੀ ਕਾਰਨ ਚੀਜ਼ਾਂ ਇੰਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਲੋਕਾਂ ਨੇ ਖ਼ਰੀਦ ਬੰਦ ਕਰ ਦਿੱਤੀ ਹੈ। ਪਹਿਲਾਂ ਮਹੀਨੇ ਦਾ ਬਿਜ਼ਨਸ 50 ਤੋਂ 60 ਲੱਖ ਦਾ ਹੁੰਦਾ ਸੀ, ਜੋ ਹੁਣ ਘੱਟ ਕੇ 10 ਤੋਂ 15 ਲੱਖ 'ਤੇ ਆ ਗਿਆ ਹੈ। ਇਸ ਦਾ ਅਸਰ ਰੁਜ਼ਗਾਰ 'ਤੇ ਪਿਆ ਹੈ। ਉਨ੍ਹਾਂ ਦਸਿਆ ਕਿ ਸਾਡੀ ਫੈਕਟਰੀ 'ਚ ਜਿਹੜੇ ਮਹਿੰਗੇ ਅਤੇ ਅਸਥਾਈ ਅਕਾਊਂਟੈਂਟ ਸਨ, ਉਨ੍ਹਾਂ ਨੂੰ ਹਟਾਉਣਾ ਪਿਆ। ਅਜਿਹੇ ਕਈ ਲੋਕਾਂ ਨੂੰ ਕੱਢਣਾ ਪਿਆ ਅਤੇ ਉਨ੍ਹਾਂ ਦੀ ਥਾਂ ਪਾਰਟ ਟਾਈਮ ਕੰਮ ਲਿਆ ਗਿਆ। ਤਿੰਨ-ਤਿੰਨ ਕੰਟਰੈਕਟਰ ਸਨ, ਹਰੇਕ ਕੋਲ 10 ਤੋਂ 15 ਮਜ਼ਦੂਰ ਕੰਮ ਕਰ ਰਹੇ ਹਨ। ਪਹਿਲੇ ਮਹੀਨੇ ਹੀ ਦੋ ਕੰਟਰੈਕਟਰਾਂ ਨੂੰ ਵਾਪਸ ਭੇਜ ਦਿੱਤਾ ਗਿਆ, ਹੁਣ ਵਾਪਸ ਬੁਲਾਇਆ ਹੈ। ਜੇ ਕਿਸੇ ਕੰਟਰੈਕਟਰ ਕੋਲ 2 ਤੋਂ 3 ਮਜ਼ਦੂਰਾਂ ਤੋਂ ਵੱਧ ਦਾ ਕੰਮ ਨਹੀਂ ਹੈ, ਮਤਲਬ ਹਰ ਕਿਸੇ ਵਲੋਂ 10-12 ਮਜ਼ਦੂਰਾਂ ਨੂੰ ਘਟਾ ਦਿੱਤਾ ਗਿਆ ਹੈ।

ਅਸੀਂ ਜੀਐਸਟੀ ਦੀ ਸਮੱਸਿਆ ਨੂੰ ਪੋਰਟਨ ਤਕ ਹੀ ਸੀਮਤ ਨਾ ਰੱਖੀਏ। ਇਸ ਦੇ ਕਾਰਨ ਵਪਾਰ ਜੋ ਮੰਦਾ ਪਿਆ ਹੈ ਅਤੇ ਦਿਹਾੜੀ 'ਤੇ ਕੰਮ ਕਰਨ ਵਾਲਿਆਂ ਦੇ ਹੱਥ ਤੋਂ ਰੁਜ਼ਗਾਰ ਖੋਹਿਆ ਹੈ, ਉਸ ਦਾ ਕੋਈ ਹਿਸਾਬ ਨਹੀਂ ਹੈ। ਇਕ ਪ੍ਰਣਾਲੀ ਅਤੇ 3 ਟੈਕਸ ਵਾਲੀ ਜੀ.ਐਸ.ਟੀ. ਦੇ ਆਗਮਨ ਦਾ ਸਵਾਗਤ 15 ਅਗਸਤ 1947 ਮੱਧ ਰਾਤ ਵਾਂਗ ਕੀਤਾ ਗਿਆ। ਜੀ.ਐਸ.ਟੀ. ਕਾਰਨ ਜਿਨ੍ਹਾਂ ਦੇ ਢਿੱਡ 'ਤੇ ਲੱਤ ਵੱਜੀ ਹੈ, ਕੀ ਉਨ੍ਹਾਂ ਨੂੰ ਬੁਲਾ ਕੇ ਸੰਸਦ 'ਚ ਸਨਮਾਨਤ ਨਹੀਂ ਕਰਨਾ ਚਾਹੀਦਾ। ਪਿਛਲੀ ਵਾਰ ਪ੍ਰਾਈਮ ਟਾਈਮ 'ਚ ਜਦੋਂ ਅਸੀਂ ਬੈਂਕ ਹੜਤਾਲ ਬਾਰੇ ਗੱਲ ਕਰ ਰਹੇ ਸੀ ਤਾਂ ਇਕੋਂ ਆਵਾਜ਼ ਸੁਣਾਈ ਦਿੱਤੀ ਕਿ ਬੈਂਕਿੰਗ ਸੈਕਟਰ 'ਚ ਨੌਕਰੀਆਂ ਘੱਟ ਹੋ ਗਈਆਂ ਹਨ। ਆਮ ਤੌਰ 'ਤੇ ਅਸੀਂ ਸਾਲ ਤਕ ਬੈਂਕ ਭਰਤੀਆਂ ਲਈ ਆਈ.ਬੀ.ਪੀ.ਐਸ. ਨੂੰ ਦੱਸ ਦਿੰਦੇ ਹਾਂ। ਇੰਸਟੀਚਿਊਟ ਆਫ ਬੈਂਕਿੰਗ ਪਰਸਨਲ ਸਲੈਕਸ਼ਨ ਨਾਂ ਦੀ ਇਹ ਸੰਸਥਾ ਬੈਂਕ ਸੇਵਾਵਾਂ 'ਚ ਭਰਤੀਆਂ ਲਈ ਪ੍ਰੀਖਿਆ ਕਰਵਾਉਂਦੀ ਹੈ। ਆਈਬੀਪੀਐਸ ਦੀ ਵੈੱਬਸਾਈਟ ਤੋਂ ਜਿਹੜਾ ਡਾਟਾ ਮਿਲਿਆ ਹੈ, ਉਹ ਵੇਖਦੇ ਹਾਂ।

2015 'ਚ 24,604 ਕਲਰਕਾਂ ਦੀ ਭਰਤੀ ਦਾ ਇਸ਼ਤਿਹਾਰ ਕੱਢਿਆ ਸੀ। 2016 'ਚ 19,243 ਕਲਰਕਾਂ ਦੀ ਭਰਤੀ ਦਾ ਇਸ਼ਤਿਹਾਰ ਕੱਢਿਆ। ਇਕ ਸਾਲ 'ਚ ਕਲਰਕਾਂ ਦੀ ਭਰਤੀ 'ਚ 5361 ਦੀ ਕਮੀ ਆ ਗਈ। 2017 'ਚ 7883 ਕਲਰਕਾਂ ਦੀ ਭਰਤੀ ਦਾ ਇਸ਼ਤਿਹਾਰ ਕੱਢਿਆ ਗਿਆ। 2016-17 ਦੌਰਾਨ 11,306 ਅਹੁਦੇ ਘੱਟ ਹੋ ਗਏ।

2015 ਦੇ ਮੁਕਾਬਲੇ 16 ਹਜ਼ਾਰ ਨੌਕਰੀਆਂ ਘੱਟ ਹੋ ਗਈਆਂ ਹਨ। ਨੌਜਵਾਨ ਅੱਜ ਬੇਰੁਜ਼ਗਾਰੀ ਦੇ ਰੇਗਿਸਤਾਨ 'ਚ ਖੜ੍ਹਾ ਹੈ ਅਤੇ ਤੁਹਾਡਾ ਨੇਤਾ ਕਬਰਿਸਤਾਨ ਦੀ ਗੱਲ ਕਰ ਰਿਹਾ ਹੈ। ਹੁਣ ਆਉਂਦੇ ਹਾਂ ਪ੍ਰੋਬੇਸ਼ਨਰ ਆਫਿਸਰ ਪੀ.ਓ. ਦੀ ਗਿਣਤੀ 'ਤੇ। ਇਥੇ ਵੀ ਕਹਾਣੀ ਹੈਰਾਨੀਜਨਕ ਹੈ।

2015 'ਚ 12434 ਪੋਸਟਾਂ ਪੀਓ ਲਈ ਕੱਢਿਆ ਗਈਆਂ ਸਨ। 2016 'ਚ ਸਿੱਧਾ 3612 ਘੱਟ ਹੋ ਕੇ 8822 ਹੋ ਗਈ। 2017 'ਚ 3562 ਪੀਓ ਦੀਆਂ ਹੀ ਅਸਾਮੀਆਂ ਕੱਢੀਆਂ ਹਨ। ਮਤਲਬ 2015 ਦੇ ਮੁਕਾਬਲੇ 2017 'ਚ ਲਗਭਗ 9000 ਘੱਟ ਅਸਾਮੀਆਂ ਨਿਕਲੀਆਂ ਹਨ।

21 ਸਤੰਬਰ ਦੇ 'ਇੰਡੀਅਨ ਐਕਸਪ੍ਰੈਸ' 'ਚ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ 'ਤੇ ਇਕ ਰਿਪੋਰਟ ਛਪੀ ਹੈ। 'ਆਂਚਲ' ਮੈਗਜ਼ੀਨ ਅਤੇ ਅਨਿਲ ਸ਼ਸ਼ੀ ਦੀ ਰਿਪੋਰਟ ਇੰਜ ਹੈ- ਸਕਿਲ ਡਿਵੈਲਪਮੈਂਟ ਮੰਤਰਾਲਾ ਜ਼ਿਲ੍ਹਾ ਪੱਧਰ 'ਤੇ ਮੰਗ ਅਤੇ ਸਪਲਾਈ ਦੀ ਸਮੀਖਿਆ ਕਰ ਰਿਹਾ ਹੈ। ਡਾਟਾ ਜਮ੍ਹਾਂ ਕਰ ਰਿਹਾ ਹੈ। ਜੁਲਾਈ 2017 ਦੇ ਪਹਿਲੇ ਹਫ਼ਤੇ ਤਕ ਡਾਟਾ ਵੇਖਣ ਤੋਂ ਬਾਅਦ ਜਿਹੜੀ ਤਸਵੀਰ ਸਾਹਮਣੇ ਆ ਰਹੀ ਹੈ, ਉਹ ਭਿਆਨਕ ਹੈ। ਉਸ ਤੋਂ ਪਤਾ ਲੱਗਦਾ ਹੈ ਕਿ ਕਿਉਂ ਮੀਡੀਆ ਰੁਜ਼ਗਾਰ ਦੀ ਗੱਲ ਨਹੀਂ ਕਰਦਾ, ਕਿਉਂ ਹਿੰਦੂ-ਮੁਸਲਿਮ ਟਾਪਿਕ ਦੀ ਗੱਲ ਕਰਦਾ ਹੈ। ਐਕਸਪ੍ਰੈੱਸ ਦੀ ਇਸ ਰਿਪੋਰਟ 'ਚ ਲਿਖਿਆ ਹੈ -

ਹਾਲੇ ਤਕ ਕੌਸ਼ਲ ਵਿਕਾਸ ਯੋਜਨਾ ਤਹਿਤ 30 ਲੱਖ 67 ਹਜ਼ਾਰ ਲੋਕਾਂ ਨੂੰ ਸਿਖਲਾਈ ਦਿੱਤੀ ਗਈ ਹੈ ਜਾਂ ਦਿੱਤੀ ਜਾ ਰਹੀ ਹੈ। ਇਨ੍ਹਾਂ 'ਚੋਂ ਸਿਰਫ 2 ਲੱਖ 90 ਹਜ਼ਾਰ ਨੂੰ ਹੀ ਕੰਮ ਮਿਲਿਆ ਹੈ। 12 ਹਜ਼ਾਰ ਕਰੋੜ ਦੀ ਇਸ ਯੋਜਨਾ ਤਹਿਤ 4 ਸਾਲ 'ਚ 1 ਕਰੋੜ ਨੌਜਵਾਨਾਂ ਨੂੰ ਸਿਖਲਾਈ ਦੇਣ ਦਾ ਟੀਚਾ ਸੀ।

ਹੁਣ ਇਹ ਸੋਚ ਵਿਚਾਰ ਹੋ ਰਿਹਾ ਹੈ ਕਿ ਕਿਤੇ ਟ੍ਰੇਨਿੰਗ ਦਾ ਪੱਧਰ ਔਸਤ ਤਾਂ ਨਹੀਂ ਹੈ। ਪਰ ਕੀ ਟ੍ਰੇਨਿੰਗ ਦਾ ਪੱਧਰ ਇੰਨਾ ਔਸਤ ਸੀ ਕਿ 30 ਲੱਖ 'ਚੋਂ 3 ਲੱਖ ਨੂੰ ਵੀ ਰੁਜ਼ਗਾਰ ਨਹੀਂ ਮਿਲਿਆ ਤਾਂ ਫਿਰ ਇਸ ਯੋਜਨਾ ਤਹਿਤ ਠੀਕ ਕੀ ਸੀ। ਕੀ ਇਹ ਅੰਕੜਾ ਡਰਾਉਣ ਵਾਲਾ ਨਹੀਂ ਹੈ। ਕੀ ਹੁਣ ਵੀ ਤੁਸੀਂ ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਛੱਡ ਕੇ ਹਿੰਦੂ-ਮੁਸਲਿਮ ਵਿਸ਼ੇ 'ਤੇ ਬਹਿਸ ਵੇਖਣਾ ਚਾਹੋਗੇ। ਕਰਨਾ ਕੀ ਹੈ, ਨੌਜਵਾਨਾਂ ਨੂੰ ਦੰਗਾਈ ਬਣਾਉਣਾ ਹੈ ਜਾਂ ਨਾਗਰਿਕ ਬਣਾਉਣਾ ਹੈ। ਸਾਡੇ ਦੇਸ਼ 'ਚ ਰੁਜ਼ਗਾਰ ਨੂੰ ਲੈ ਕੇ ਕੋਈ ਯਕੀਨੀ ਅਤੇ ਪਾਰਦਰਸ਼ੀ ਡਾਟਾ ਸਿਸਟਮ ਨਹੀਂ ਹੈ। ਇੰਨੀਆਂ ਚੀਜ਼ਾਂ ਦੇ ਐਪ ਬਣਦੇ ਹਨ, ਇਕ ਐਪ ਇਸੇ ਦਾ ਬਣਾ ਜਾਂਦਾ, ਜਿਸ ਤੋਂ ਪਤਾ ਲੱਗਦਾ ਕਿ ਇਸ ਮਹੀਨੇ ਸੈਂਟਰ 'ਚ ਕਿੰਨੇ ਵਿਭਾਗਾਂ ਨੇ ਜਾਂ ਸੂਬਾ ਸਰਕਾਰਾਂ ਦੇ ਕਿੰਨੇ ਵਿਭਾਗਾਂ ਨੇ ਨੌਕਰੀਆਂ ਕੱਢੀਆਂ ਹਨ। ਪਰ ਸਰਕਾਰਾਂ ਨਹੀਂ ਦੱਸਣਗੀਆਂ, ਕਿਉਂਕਿ ਤੁਸੀਂ ਹਕੀਕਤ ਜਾਣ ਜਾਓਗੇ।

## ਜੀ.ਐਸ.ਟੀ. ਅਤੇ ਪੰਚਾਇਤਾਂ ਦੇ ਹੱਕ

ਹਨ। ਪਰ ਵਰਤਦੇ ਉਪਰਲੇ ਕਰਮਚਾਰੀ ਅਤੇ ਪੰਚਾਇਤ ਅਧਿਕਾਰੀ ਹਨ। ਚੰਗੇ ਪ੍ਰਬੰਧ ਦੀ ਆੜ ਵਿੱਚ ਪੰਚਾਇਤ ਅਫ਼ਸਰ ਧੱਕੇ ਨਾਲ ਹੀ ਸਰਪੰਚਾਂ ਨੂੰ ਆਪਣੇ ਚੁੰਗਲ ਵਿਚ ਫਸਾਉਂਦੇ ਹਨ। ਪੰਚਾਇਤਾਂ ਦੇ ਕਾਰਵਾਈ ਰਜਿਸਟਰ ਅਤੇ ਹੋਰ ਰਜਿਸਟਰ ਉਪਰਲੇ ਅਧਿਕਾਰੀਆਂ ਤੇ ਸਿਆਸੀ ਲੋਕਾਂ ਦੇ ਆਖੇ ਲੱਗ ਆਪ ਕਾਬੂ ਕਰੀ ਰੱਖਦੇ ਹਨ ਕਿਉਂਕਿ ਪੰਚਾਇਤਾਂ ਦੇ ਨੁਮਾਇੰਦੇ ਬਹੁਤੇ ਪੜ੍ਹੇ ਨਹੀਂ ਹੁੰਦੇ, ਕਾਨੂੰਨ ਦੀ ਜਾਣਕਾਰੀ ਨਹੀਂ ਰੱਖਦੇ, ਉਨ੍ਹਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਤੋਂ ਗਲਤ ਕੰਮ ਕਰਵਾ ਲਏ ਜਾਂਦੇ ਹਨ ਜਾਂ ਸਿਆਸੀ ਤੌਰ 'ਤੇ ਵੋਟਾਂ ਲੈਣ ਦੀ ਖਾਤਰ ਇਨ੍ਹਾਂ ਨੁਮਾਇੰਦਿਆਂ ਨੂੰ ਆਪਣੇ ਹੱਕ ਵਿਚ ਕਰਨ ਲਈ ਪੰਚਾਇਤਾਂ ਦੇ ਕੰਮਕਾਰ ਲਈ ਐਡਮੈਨਿਸਟ੍ਰੇਟਰ ਲਗਾਉਣ ਅਤੇ ਉਨ੍ਹਾਂ ਤੋਂ ਹੋਰ ਸ਼ਕਤੀਆਂ ਵਾਪਸ ਲੈਣ ਦਾ ਡਰਾਵਾ ਦੇ ਕੇ ਉਨ੍ਹਾਂ ਦੇ ਅਧਿਕਾਰਾਂ ਦਾ ਹਨਨ ਕਰਦੇ ਹਨ, ਜਦਕਿ ਪੰਚਾਇਤ ਐਕਟਾਂ ਵਿੱਚ, ਘੱਟੋ-ਘੱਟ ਪੰਜਾਬ ਦੇ ਪੰਚਾਇਤ ਐਕਟ ਵਿੱਚ ਸਰਪੰਚ ਹਟਾ ਕੇ ਪ੍ਰਸ਼ਾਸਨਿਕ ਅਧਿਕਾਰੀ ਲਾਉਣ ਜਾਂ ਸਿੱਧੇ ਚੁਣੇ ਹੋਏ ਸਰਪੰਚ ਨੂੰ ਬਹੁ-ਸੰਮਤੀ ਸਿੱਧ ਕਰਨ, ਕਰਾਉਣ ਦੀ ਕੋਈ ਵਿਵਸਥਾ ਹੀ ਨਹੀਂ ਹੈ। ਅਸਲ ਵਿੱਚ ਤਾਂ ਦੇਸ਼ ਦੇ 73ਵੇਂ ਸੋਧ ਅਨੁਸਾਰ ਪੰਚਾਇਤਾਂ ਨੂੰ ਵੱਡੇ ਅਧਿਕਾਰ ਦੇ ਕੇ ਬਹੁਤ ਸਾਰੇ ਸਰਕਾਰੀ ਮਹਿਕਮਿਆਂ ਦੀ ਦੇਖ-ਰੇਖ ਦਾ ਕੰਮ ਪੰਚਾਇਤ ਨੁਮਾਇੰਦਿਆਂ ਜ਼ਿੰਮੇ ਕਰਨ ਦੀ ਗੱਲ ਕੀਤੀ ਗਈ ਹੈ, ਪਰ ਦੇਸ਼ ਦੇ ਵੱਡੀ ਗਿਣਤੀ ਸੂਬਿਆਂ ਵਿਚ ਪੰਚਾਇਤਾਂ ਨੂੰ ਅਸਲ ਮਾਅਨਿਆਂ ਵਿਚ ਬਣਦੇ ਅਧਿਕਾਰ ਦਿੱਤੇ ਹੀ ਨਹੀਂ ਜਾ ਰਹੇ, ਸਗੋਂ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉੱਚ ਅਧਿਕਾਰੀ ਅਤੇ ਸਿਆਸੀ ਲੋਕ ਕਰਦੇ ਹਨ।

ਪੰਚਾਇਤਾਂ ਸਥਾਨਕ ਸਰਕਾਰਾਂ ਹਨ। ਪੰਚਾਇਤਾਂ ਨੂੰ ਇਸ ਗੱਲ ਦਾ ਅਧਿਕਾਰ ਹੈ ਕਿ ਉਨ੍ਹਾਂ ਨੂੰ ਰਾਜ ਸਰਕਾਰ ਵਿੱਚ ਜੀ.ਐਸ.ਟੀ. ਲਈ ਗਠਿਤ ਕਮੇਟੀ ਵਿਚ ਭਾਗੀਦਾਰੀ ਬਣਾਇਆ ਜਾਵੇ। ਪੰਚਾਇਤਾਂ ਵੀ ਟੈਕਸ ਅਤੇ ਫੀਸਾਂ ਰਾਹੀਂ, ਜੋ ਉਹ ਪੰਚਾਇਤੀ ਰਾਜ ਕਾਨੂੰਨ ਅਧੀਨ ਅਧਿਕਾਰਤ ਹਨ, ਵਿੱਤੀ ਸਾਧਨ ਇੱਕਠੇ ਕਰਨ। ਉਨ੍ਹਾਂ ਨੂੰ ਇਸ ਡਰ ਵਿਚੋਂ ਨਿਕਲਣਾ ਪਵੇਗਾ ਕਿ ਟੈਕਸ ਜਾਂ ਫੀਸ ਲਗਾਉਣ ਨਾਲ ਉਹ ਲੋਕਾਂ ਵਿਚ ਹਰਮਨ ਪਿਆਰੇ ਨਹੀਂ ਰਹਿਣਗੇ। ਪੰਚਾਇਤਾਂ ਜੇਕਰ ਕੇਂਦਰ ਜਾਂ ਰਾਜ ਸਰਕਾਰਾਂ ਦੀਆਂ ਗ੍ਰਾਂਟਾਂ 'ਤੇ ਨਿਰਭਰ ਰਹਿਣਗੀਆਂ ਅਤੇ ਆਪਣੇ ਸਾਧਨ ਜੁਟਾਉਣ ਲਈ ਉਦਮ ਨਹੀਂ ਕਰਨਗੀਆਂ ਤਾਂ ਉਹ ਹੋਰ ਵੀ ਪੰਗੂ ਬਣ ਕੇ ਰਹਿ ਜਾਣਗੀਆਂ। ਪੰਚਾਇਤਾਂ, ਪਿੰਡ ਦੀ ਗ੍ਰਾਮ ਸਭਾ ਦੇ ਸਹਿਯੋਗ ਨਾਲ, ਲੋਕਾਂ ਦੀ ਸ਼ਮੂਲੀਅਤ ਨਾਲ, ਵਿਕਾਸ ਦੇ ਜੇਕਰ ਕੰਮ ਉਲੀਕਣਗੀਆਂ ਤਾਂ ਹੀ ਉਹ ਸਰਕਾਰੀ ਅਧਿਕਾਰੀਆਂ ਦੇ ਪੰਜੇ ਵਿਚੋਂ ਨਿਕਲ ਸਕਣਗੀਆਂ। ਪੰਚਾਇਤਾਂ ਦੀ ਹਾਲਤ ਅਸਲੋਂ ਤਰਸਯੋਗ ਹੈ। ਹਾਲੀ ਤੱਕ ਤਾਂ ਪੰਚਾਇਤਾਂ ਦੇ ਕੋਲ ਆਪਣੇ ਬੈਠਣ ਤੇ ਮੀਟਿੰਗਾਂ ਕਰਨ ਲਈ ਪੰਚਾਇਤ ਘਰ ਤੱਕ ਨਹੀਂ ਹੈ। 2015 ਦੇ ਅੰਕੜਿਆਂ ਮੁਤਾਬਕ ਉਤਰ ਪ੍ਰਦੇਸ਼ ਵਿੱਚ 33 ਫੀਸਦੀ, ਬਿਹਾਰ ਦੇ 81 ਫੀਸਦੀ ਪੰਚਾਇਤਾਂ ਕੋਲ ਆਪਣੀਆਂ ਇਮਾਰਤਾਂ ਨਹੀਂ ਹਨ। ਦੇਸ਼ ਦੇ ਦੂਜੇ ਹਿੱਸਿਆਂ ਦੇ ਸੂਬਿਆਂ ਦੀਆਂ ਪੰਚਾਇਤਾਂ ਦਾ ਹਾਲ ਵੀ ਇਸ ਤੋਂ ਵੱਖਰਾ ਨਹੀਂ ਹੈ।

ਦੇਸ਼ ਦੀ ਜਨ ਗਣਨਾ 2011 ਅਨੁਸਾਰ ਦੇਸ਼ ਵਿੱਚ 'ਸੈਨਸਜ ਟਾਊਨ' ਦੀ ਸੰਖਿਆ 3894 ਹੋ ਗਈ ਹੈ, ਜਿਹੜੀ 2001 ਵਿੱਚ 1362 ਸੀ। ਸੈਨਸਜ ਟਾਊਨ ਉਹ ਪਿੰਡ ਹਨ ਜਿਨ੍ਹਾਂ ਦੀ ਜਨਸੰਖਿਆ 5000 ਹੋਵੇ ਅਤੇ ਜਿੱਥੇ ਕੁਲ ਵਸਨੀਕਾਂ ਵਿਚੋਂ ਘੱਟੋ ਘੱਟ ਤਿੰਨ ਚੌਥਾਈ ਗੈਰ ਖੇਤੀ ਦੇ ਕੰਮਾਂ ਵਿਚ ਲੱਗੇ ਲੋਕ ਰਹਿੰਦੇ ਹੋਣ ਅਤੇ ਜਿਥੇ ਜਨਸੰਖਿਆ ਦੀ ਘਣਤਾ 400 ਵਿਅਕਤੀ ਪ੍ਰਤੀ ਕਿਲੋਮੀਟਰ ਹੈ। ਇਨ੍ਹਾਂ ਪਿੰਡਾਂ ਦੀ ਆਮਦਨ ਦਾ ਸਰੋਤ ਹੀ ਕੋਈ ਨਹੀਂ ਹੈ। ਇਨ੍ਹਾਂ ਦੀ ਵਿਕਾਸ ਪੱਖੋਂ ਹਾਲਤ ਨਿੱਘਰੀ ਹੋਈ ਹੈ, ਇਹ ਨਾ ਪਿੰਡ ਰਹੇ ਹਨ ਤੇ ਨਾ ਹੀ ਸ਼ਹਿਰ ਬਣ ਸਕੇ ਹਨ।

ਪੰਚਾਇਤਾਂ ਦੀ ਦਸ਼ਾ ਸੁਧਾਰਨ ਲਈ, ਇਨ੍ਹਾਂ ਨੂੰ ਸਥਾਨਕ ਸਰਕਾਰਾਂ ਦੇ ਰੂਪ ਵਿਚ ਵਿਕਸਤ ਕਰਨ ਲਈ, ਆਤਮ ਨਿਰਭਰ ਬਣਾਉਣ ਲਈ, ਕੇਂਦਰੀ ਤੇ ਸੂਬਾ ਸਰਕਾਰਾਂ ਨੂੰ ਪਹਿਲ ਕਦਮੀ ਕਰਨੀ ਹੀ ਪਵੇਗੀ, ਉਨ੍ਹਾਂ ਨੂੰ ਵਿੱਤੀ ਸਾਧਨ ਜੁਟਾਉਣ ਲਈ ਉਤਸ਼ਾਹਤ ਕਰਨਾ ਹੀ ਹੋਵੇਗਾ। ਪੰਚਾਇਤਾਂ ਦੇ ਹੱਕ ਬਹਾਲ ਕਰਨਾ, ਉਨ੍ਹਾਂ ਨੂੰ ਸੁਤੰਤਰ ਰੂਪ ਵਿੱਚ ਕੰਮ ਕਰਨ ਦੇਣ ਨਾਲ ਹੀ ਪੰਚਾਇਤਾਂ ਸਹੀ ਕੰਮ ਕਰ ਸਕਣਗੀਆਂ।

## ਕੰਨ੍ਹੇੜੀ ਚੜ੍ਹੇ ਵਰ੍ਹੇ

ਜੋਰੋ ਦੀ ਲੱਤ-
ਡੋਲੀ ਤੋਰ ਕੇ ਘਰ ਮੁੜਦੀਆਂ ਤੀਵੀਆਂ-
ਮੈਂ ਆਈ ਗੁਰੂ ਜੀ-
ਆਪਣੇ ਸਾਜਨਾਂ ਨੂੰ ਤੋਰ ਕੇ -
ਸਾਜਨਾਂ ਨੂੰ ਤੋਰ ਕੇ-
ਦੋਨੋਂ - ਹੱਥ ਜੋੜ ਕੇ-
ਘਰ ਅੰਦਰ ਜਾਣ ਤੋਂ ਪਹਿਲਾਂ ਦਿਓਲੀ ਤੇ ਮੱਥਾ ਟੇਕਦੀਆਂ -
ਧੀਆਂ ਦੇ ਜਾਣ ਕਰੀਂ
ਨੂੰਹਾਂ ਦੇ ਆਉਣ ਕਰੀਂ-
ਫੇਰ ਸੁੱਖਾਂ ਮੰਗਦੀਆਂ ਹਨ - ਘਰ ਦੀਆਂ - ਕੋੜਮੇ ਦੀਆਂ - ਸਕੀਰੀ ਦੀਆਂ -
ਮੁੰਡੇ ਦੇ ਵਿਆਹ ਵੇਲੇ - ਸਵੇਰੇ ਨਲਾਈ-ਧਲਾਈ ਦਾ ਗੀਤ-
ਉੱਠੀਂ ਉੱਠੀਂ ਵੇ ਵੀਰਾ-
ਤੇਰੀ ਉੱਠਣ ਦੀ- ਬੇਲਾ
ਨਾਵਣ-ਧੋਵਣ ਦੀ ਬੇਲਾ-
ਫੁੱਲ-ਫੁੱਲੇਲਾਂ ਦੀ ਬੇਲਾ-
ਮਾਲਣ ਖੜੀ ਓ ਦਵਾਰੇ...
ਜੰਨ ਚੜ੍ਹਾਉਣ ਤੋਂ ਬਾਅਦ - ਕੋਠੇ ਚੜ ਚੜ - ਛੱਜ ਕੁੱਟਣਾ ਤੇ ਗਿੱਧਾ ਪਾਉਣਾ-
ਬੋਲ ਬੰਬਈਆ -
ਸਾਡੇ ਵੀਰੇ ਦਾ ਬੰਬਈਆਂ - ਬੋਲ
ਮੈਂ ਵੀ ਬੋਲਾਂ - ਤੂੰ ਵੀ ਬੋਲ
ਸਾਨੂੰ ਕੋਠੇ ਚੜੀਆਂ ਨੂੰ - 'ਤਾਰ -
ਬੀਬੀ - ਬਾਬਲ ਦੀ -
ਜਾਂ
ਬੀਬੀ 'ਡਿਰਗੇ' ਦੀ...
ਜਦੋਂ ਡੋਲੀ ਘਰ ਆਉਂਦੀ ਹੈ -
ਜਿੱਤ ਆਇਆ ਨੀ ਵੀਰਾ
ਜਿੱਤ ਆਇਆ - ਨੀ -
ਭਾਈਆਂ ਦੇ ਪ੍ਰਸੰਗ
ਵੀਰਾ ਤੂੰ ਤਾਂ ਜਿੱਤ ਆਇਆ ਵੇ -
ਬੁੱਕਲ ਮਾਰੀ ਕੇਸ ਦੀ
ਬਹੂ ਆਈ ਵੀਰੇ ਦੇ ਮੇਚ ਦੀ।
ਪਾਣੀ ਵਾਰਨ ਸਮੇਂ ਦੇ ਗੀਤ
ਪਾਣੀ ਵਾਰ - ਬੰਨੇ ਦੀਏ ਮਾਏ -
ਬੰਨਾ ਬੰਨੀ - ਬਾਹਰ ਖੜੇ -
ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ...
ਬੰਨਾ - ਬੰਨੀ ਬਾਹਰ ਖੜੇ।

**(ਬਾਕੀ ਅਗਲੇ ਅੰਕ 'ਚ)**



GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
32116-Alvarado Blvd. Union City, CA-94587
Email: info@travelforlessinc.com

**CALL 510-791-3300** Book online 24x7 @ www.Letsflyhome.com


Watch Your Favorite Channel
FREE PREVIEW
jus
punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish
sling TELEVISION
for advertisement & more information call: +1-718-752-9290 x 202
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com